# ਮਨਮੋਹਨ ਸਿੰਘ ਦਾਊਂ
# ਦਾ
# ਬਾਲ ਸਾਹਿਤ

(ਬਾਲ ਕਾਵਿ-ਸੰਗ੍ਰਹਿ)

ਭਾਰਤੀ ਸਾਹਿਤ ਅਕਾਦਮੀ ਦਿੱਲੀ

ਅਤੇ

ਭਾਸ਼ਾ ਵਿਭਾਗ ਪੰਜਾਬ ਵੱਲੋਂ

ਸਨਮਾਨਿਤ ਲੇਖਕ

ਭਾਗ ਪਹਿਲਾ




ਮੁੱਖ ਸੰਪਾਦਕ : ਸੁਖਵਿੰਦਰ ਸਿੰਘ 2021

# ਮਨਮੋਹਨ ਸਿੰਘ ਦਾਊਂ
# ਦਾ
# ਬਾਲ ਸਾਹਿਤ

(ਭਾਰਤੀ ਸਾਹਿਤ ਅਕਾਦਮੀ, ਦਿੱਲੀ
ਅਤੇ
ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਲੇਖਕ)

(ਬਾਲ ਕਾਵਿ-ਸੰਗ੍ਰਹਿ)

## ਭਾਗ-ਪਹਿਲਾ

**ਸੰਪਾਦਕੀ ਮੰਡਲ**

ਬਲਜਿੰਦਰ ਮਾਨ
(ਸੰਪਾਦਕ : ਨਿੱਕੀਆਂ ਕਰੂੰਬਲਾਂ)
ਡਾ. ਰਾਜਿੰਦਰ ਸਿੰਘ ਕੰਬੋਜ (ਨੈਸ਼ਨਲ ਅਵਾਰਡੀ)
ਸਤਿਬੀਰ ਕੌਰ (ਅਸਿਸਟੈਂਟ ਪ੍ਰੋਫੈਸਰ)
ਕਮਲਪ੍ਰੀਤ ਕੌਰ ਦਾਊਂ
ਜਗਦੀਪ ਸਿੰਘ ਵੈਦਵਾਨ

**ਮੁੱਖ ਸਲਾਹਕਾਰ**

ਡਾ. ਗੁਰਨਾਇਬ ਸਿੰਘ

**ਸਲਾਹਕਾਰ**

ਡਾ. ਕਰਨੈਲ ਸਿੰਘ ਸੋਮਲ (ਸਨਮਾਨਿਤ ਲੇਖਕ)
ਡਾ. ਬਲਜੀਤ ਸਿੰਘ (ਐਸੋਸੀਏਟ ਪ੍ਰੋਫੈਸਰ)

# ਮਨਮੋਹਨ ਸਿੰਘ ਦਾਊਂ
# ਦਾ
# ਬਾਲ ਸਾਹਿਤ

(ਭਾਰਤੀ ਸਾਹਿਤ ਅਕਾਦਮੀ ਦਿੱਲੀ
ਅਤੇ
ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਲੇਖਕ)

**(ਬਾਲ ਕਾਵਿ-ਸੰਗ੍ਰਹਿ)**

## ਭਾਗ-ਪਹਿਲਾ


ਸਰਪ੍ਰਸਤ
**ਡਾ. ਨਿਰਮਲ ਸਿੰਘ ਲਾਂਬੜਾ (ਜਲੰਧਰ)**

ਮੁੱਖ ਸੰਪਾਦਕ

**ਸੁਖਵਿੰਦਰ ਸਿੰਘ**
ਅਸਿਸਟੈਂਟ ਪ੍ਰੋਫੈਸਰ
ਸ੍ਰੀ ਗੁਰੂ ਤੇਗ਼ ਬਹਾਦਰ
ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ (ਰੂਪਨਗਰ)



ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Manmohan Singh Daon Da Bal Sahit

Volume-I (Poems)

**Chief Editor :** Sukhwinder Singh (Asstt. Prof.)
Shri Guru Teg Bahadar
Khalsa College Shri Anandpur Sahib
Distt. Roop Nagar
Mob. 95924-18152

Title designed by T.Singh

ISBN : 978-81-7914-544-9

Edition : 2021

Price : Rs. 250

**Published by :**

Tarlochan Publishers
3236, Sector 15-D, Chandigarh
Mob : 98146-73236, Tel. 0172-4613236
E-mail : tpublishers3236@gmail.com

---

**ਮਨਮੋਹਨ ਸਿੰਘ ਦਾਊਂ ਦਾ ਬਾਲ ਸਾਹਿਤ (ਭਾਗ ਪਹਿਲਾ)**
**ਮੁੱਖ ਸੰਪਾਦਕ** : ਸੁਖਵਿੰਦਰ ਸਿੰਘ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

# ਸਮਰਪਿਤ

ਪਿਆਰੀ ਮਾਂ-ਬੋਲੀ ਪੰਜਾਬੀ ਨਾਲ

ਮੋਹ ਕਰਨ ਵਾਲੇ

ਪੰਜਾਬੀਆਂ

ਨੂੰ

## ਮਨਮੋਹਨ ਸਿੰਘ ਦਾਊਂ ਦੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿ

| | | | |
|---|---|---|---|
| 1. | ਖ਼ਾਮੋਸ਼ ਚਸ਼ਮਾ | 1971 | |
| 2. | ਦਰਦ ਸੰਗ ਦੋਸਤੀ | 1975 | |
| 3. | ਮਿੱਟੀ ਦਾ ਰੁਦਨ | 1986 | |
| 4. | ਰਾਤਾਂ ਪ੍ਰਭਾਤਾਂ | 1988 | |
| 5. | ਅਗੰਮ ਅਗੋਚਰ | 2003 | |
| 6. | ਸ਼ਾਇਰੀ ਦਾ ਸਰਵਰ | 2007 | |
| 7. | ਸ਼ਾਇਰੀ ਸਾਗਰ | 2011 | (ਇਨਾਮੀ) |
| 8. | ਉਦਾਸੀਆਂ ਦਾ ਬੂਹਾ : ਸੁਲਖਣੀ | 2014 | |
| 9. | ਪੰਛੀ ਬਿਰਖ ਸੁਹਾਵੜਾ | 2016 | (ਇਨਾਮੀ) |
| 10. | ਤ੍ਰਿੱਪ ਤੇ ਕਾਇਨਾਤ | 2018 | |
| 11. | ਚਾਨਣ ਦੀ ਪੈੜ | 2019 | |
| 12. | ਸਮਿਆਂ ਦੇ ਨਾਇਕ | 2020 | |

# ਤਰਤੀਬ


- ਪੰਜਾਬੀ ਬਾਲ-ਸਾਹਿਤ ਦੀ ਮਹੱਤਤਾ ਦੇ ਪ੍ਰਸੰਗ ਵਿੱਚ 8
- ਮਨਮੋਹਨ ਸਿੰਘ ਦਾਊਂ ਰਚਿਤ ਬਾਲ-ਸਾਹਿਤ ਦੀਆਂ ਕਾਵਿ-ਜਗਤਾਂ ਤੇ ਰੂਪਕ ਪੱਖ 11

## ਖੰਡ- ਪਹਿਲਾ (ਨਰਸਰੀ ਗੀਤ-ਸੰਗ੍ਰਹਿ)

1. ਫਲਾਂ ਦੀ ਟੋਕਰੀ (N.B.T Delhi ਵੱਲੋਂ 1989 ਦੀ ਉੱਤਮ ਪੁਸਤਕ ਚੁਣੀ) 17
2. ਪੀਂਘ ਹੁਲਾਰੇ 22
3. ਮਿਸ਼ਰੀ ਦੀਆਂ ਡਲੀਆਂ 28

## ਖੰਡ - ਦੂਜਾ (ਬਾਲ ਕਾਵਿ-ਸੰਗ੍ਰਹਿ)

4. ਪੰਛੀਆਂ ਦੇ ਗੀਤ 35
5. ਰੁੱਖਾਂ ਦਾ ਖਜ਼ਾਨਾ 47
6. ਫੁੱਲਾਂ ਦਾ ਪੰਘੂੜਾ 49
7. ਚਾਨਣ ਦੀ ਟਹਿਣੀ (ਭਾਸ਼ਾ ਵਿਭਾਗ ਪੰਜਾਬ ਇਨਾਮ ਜੇਤੂ) 54
8. ਧਰਤੀ ਦੇ ਰੰਗ 69
9. ਅਜ਼ਾਦੀ ਦੀ ਵਾਰ 71
10. ਮੇਰਾ ਦੀਵਾ (ਪੰਜਾਬ ਸਕੂਲ ਸਿੱਖਿਆ ਬੋਰਡ ਇਨਾਮ ਜੇਤੂ) 74
11. ਸੋਨ ਸਵੇਰਾ 85
12. ਫੁੱਲਾਂ ਵਾਲਾ ਘਰ (ਭਾਸ਼ਾ ਵਿਭਾਗ ਪੰਜਾਬ ਇਨਾਮ ਜੇਤੂ) 93
13. ਗੀਤਾਂ ਦੇ ਘੁੰਗਰੂ 110
14. ਸੁਪਨਿਆਂ ਵਾਲਾ ਬਚਪਨ 124
15. ਗਾਥਾ ਗੜ੍ਹੀ ਚਮਕੌਰ 141
16. ਲੋਕ ਰੰਗਲਾ ਪਿੱਪਲ 144
17. ਚਾਨਣ ਦਾ ਥਾਲ 150
18. ਕਿਰਨਾਂ ਦੇ ਫੁੱਲ 161
19. ਕੁਦਰਤ ਰੰਗ-ਰੰਗੀਲੀ 172

# ਪੰਜਾਬੀ ਬਾਲ-ਸਾਹਿਤ ਦੀ ਮਹੱਤਤਾ ਦੇ ਪ੍ਰਸੰਗ ਵਿੱਚ

ਪੰਜਾਬੀ-ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਿੱਚੋਂ ਪੰਜਾਬੀ ਬਾਲ-ਸਾਹਿਤ ਇੱਕ ਮਹੱਤਵਪੂਰਨ ਅਤੇ ਵਿਲੱਖਣ ਵੰਨਗੀ ਹੈ। ਇਹ ਬੱਚਿਆਂ ਦੀ ਦੁਨੀਆਂ ਤੇ ਸੁਪਨ-ਸੰਸਾਰ ਨੂੰ ਸਮਝ ਕੇ ਸਿਰਜਿਆ ਗਿਆ ਸਾਹਿਤ ਹੈ। ਅਰੰਭ 'ਚ ਲੋਕ-ਸਾਹਿਤ ਵਾਂਗ ਬਾਲ-ਸਾਹਿਤ ਮੌਖਿਕ ਜੋ ਕਿ ਬਾਲਾਂ ਲਈ ਮਨੋਰੰਜਨ-ਭਰਪੂਰ ਅਤੇ ਉਪਦੇਸ਼ਾਤਮਕ ਸੀ। ਬੱਚਿਆਂ ਨੂੰ ਮਹਿਜ਼ ਕੋਰੀ ਸਲੇਟ ਸਮਝਕੇ ਉਨ੍ਹਾਂ ਦੀ ਮਨ-ਪੱਟੀ 'ਤੇ ਮਨਮਰਜ਼ੀ ਨਾਲ ਉਕਰਿਆ ਜਾਂਦਾ ਸੀ। ਦਾਦਾ-ਦਾਦੀ, ਨਾਨਾ-ਨਾਨੀ ਜਾਂ ਵਡੇਰੀ ਉਮਰ ਦੇ ਸਾਕ-ਸੰਬੰਧੀ ਲੋਰੀਆਂ, ਗੀਤਾਂ ਤੇ ਕਹਾਣੀਆਂ ਰਾਹੀਂ ਬਾਲਾਂ ਦੀ ਸਾਹਿਤਕ ਲੋੜ ਅਤੇ ਮਨੋਰੰਜਨ ਦੀ ਪੂਰਤੀ ਕਰਦੇ ਸਨ। ਪਰ ਸਮੇਂ ਦੇ ਪਰਿਵਰਤਨ ਨਾਲ ਸਾਂਝੇ ਪਰਿਵਾਰਾਂ ਦੀ ਅਣਹੋਂਦ ਅਤੇ ਮਾਤਾ-ਪਿਤਾ ਦੇ ਨੌਕਰੀ-ਪੇਸ਼ੇ ਵਾਲੇ ਹੋਣ ਕਾਰਨ ਉਨ੍ਹਾਂ ਪਾਸ ਬੱਚਿਆਂ ਨੂੰ ਲੋਰੀਆਂ ਤੇ ਕਹਾਣੀਆਂ ਸੁਣਾਉਣ ਦਾ ਸਮਾਂ ਨਹੀਂ ਰਿਹਾ। ਇਸ ਕਾਰਨ ਬੱਚਿਆਂ ਦੀ ਸਾਹਿਤਕ ਭੁੱਖ ਅਤ੍ਰਿਪਤ ਰਹਿ ਜਾਂਦੀ ਹੈ।

ਬੱਚੇ ਸਾਡੇ ਸਮਾਜ ਦੀ ਅਹਿਮ ਇਕਾਈ ਹਨ। ਇਹ ਉਹ ਬੁਨਿਆਦ ਹੈ ਜਿਸ 'ਤੇ ਭਵਿੱਖ ਦੀ ਇਮਾਰਤ ਟਿਕੀ ਹੁੰਦੀ ਹੈ। ਇਹ ਸਾਡੇ ਭਵਿੱਖ ਨੂੰ ਰੌਸ਼ਨ ਕਰਨ ਵਾਲੇ ਚਿਰਾਗ਼ ਹਨ। ਪ੍ਰੰਤੂ ਸਾਡੇ ਮੁਲਕ ਵਿੱਚ ਸਭ ਤੋਂ ਵੱਧ ਅਣਗੌਲੇ ਵੀ ਇਹੀ ਹਨ। ਇਸੇ ਲਈ ਬਾਲ- ਸਾਹਿਤ ਵੀ ਅਣਗੌਲਿਆ ਹੀ ਰਿਹਾ ਹੈ। ਉਸ ਨੂੰ ਮਹਿਜ਼ 'ਬੱਚਾ' ਆਖ ਕੇ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਰਿਹਾ ਹੈ। ਦੂਜੇ ਪਾਸੇ ਜਿੱਥੇ ਗਿਆਨ-ਵਿਗਿਆਨ ਅਤੇ ਸੂਚਨਾ- ਤਕਨੋਲੋਜੀ ਦੇ ਵਿਆਪਕ ਵਿਸਫੋਟ ਨੇ ਬੱਚਿਆਂ ਨੂੰ ਤਰਕਸ਼ੀਲ, ਤੇਜ਼-ਤਰਾਰ ਤੇ ਗਿਆਨ-ਬੁੱਧ ਕੀਤਾ, ਉੱਥੇ ਬੱਚਿਆਂ ਦੇ ਕੋਮਲ-ਮਨਾਂ 'ਤੇ ਮਾੜਾ ਅਸਰ ਵੀ ਪਾਇਆ ਹੈ।

ਉਹ ਸਮੇਂ ਦੀ ਉਥਲ-ਪੁਥਲ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਇਸ ਲਈ ਅਜਿਹੇ ਸਮੇਂ ਮਨੁੱਖੀ ਜੀਵਨ ਦੀ ਸਹੀ, ਸੰਤੁਲਿਤ ਤੇ ਮਜ਼ਬੂਤ ਨੀਂਹ ਉਸਾਰੀ ਲਈ ਨੈਤਿਕ ਕਦਰਾਂ-ਕੀਮਤਾਂ ਵਾਲਾ ਉਸਾਰੂ ਬਾਲ-ਸਾਹਿਤ ਬਹੁਤ ਜ਼ਰੂਰੀ ਹੈ। ਅਜਿਹਾ ਬਾਲ-ਸਾਹਿਤ ਬਾਲਾਂ ਦੀ ਸਰੀਰਕ, ਮਾਨਸਿਕ, ਭਾਵਨਾਤਮਕ, ਸਮਾਜਿਕ ਲੋੜਾਂ, ਰੁਚੀਆਂ, ਬਾਲ- ਮਨੋਵਿਗਿਆਨ ਅਤੇ ਆਯੂ-ਗੁੱਟ ਅਨੁਸਾਰ ਲਿਖਣਾ ਪੈਂਦਾ ਹੈ ਜੋ ਕਿ ਗੰਭੀਰ ਸਿਰਜਣ ਪ੍ਰਕਿਰਿਆ ਕਾਰਜ ਹੈ।

ਬਾਲ-ਸਾਹਿਤ ਦੀ ਪਰੰਪਰਾ ਮਨੁੱਖੀ ਇਤਿਹਾਸ ਜਿੰਨੀ ਹੀ ਪੁਰਾਣੀ ਮੰਨੀ ਜਾ ਸਕਦੀ ਹੈ। ਸਮੁੱਚੀਆਂ ਭਾਰਤੀ ਭਾਸ਼ਾਵਾਂ ਦੇ ਬਾਲ-ਸਾਹਿਤ ਦਾ ਆਰੰਭ ਪੌਰਾਣਿਕ ਦੇਵ-ਦੈਂਤਾਂ, ਜਾਤਕ ਕਥਾਵਾਂ, ਮਹਾਂਭਾਰਤ, ਪਰੀ, ਦੰਤ ਜਾਂ ਲੋਕ-ਕਥਾਵਾਂ ਨਾਲ ਹੁੰਦਾ ਹੈ। ਇਹ ਬਾਲ- ਸਾਹਿਤ ਦੇ ਮੁੱਢਲੇ ਸ੍ਰੋਤ ਸਵਿਕਾਰੇ ਗਏ ਹਨ ਕਿਉਂਕਿ ਇਨ੍ਹਾਂ ਵਿੱਚ ਬਾਲ-ਸਾਹਿਤ ਦੇ ਬੁਨਿਆਦੀ ਅੰਸ਼ ਮਿਲਦੇ ਹਨ। ਮੌਖਿਕ ਬਾਲ-ਸਾਹਿਤ ਪਰੰਪਰਾ ਪਿੱਛੋਂ ਪੰਜਾਬੀ ਵਿੱਚ ਲਿਖਤੀ ਬਾਲ-ਸਾਹਿਤ ਦੀ ਸ਼ੁਰੂਆਤ ਪ੍ਰੌੜ ਸਾਹਿਤ ਦੇ ਪਸਾਰ ਵਾਂਗ ਆਜ਼ਾਦੀ ਪਿੱਛੋਂ ਵਧੇਰੇ ਰੂਪ ਵਿਚ ਹੋਈ ਤੇ ਵਿਗਸੀ। ਪੱਛਮੀ

ਮਨੋਵਿਗਿਆਨੀਆਂ ਜਾਰਡਨ, ਟਰਮਨ, ਲੀਮਾ, ਮੁਨਰੋ, ਥਾਰਨਡਾਇਕ, ਟਾਲਸਟਾਏ, ਅਲੈਕਸਾਂਦਰ ਪੁਸ਼ਕਿਨ ਆਦਿ ਨੇ 19ਵੀਂ ਸਦੀ ਦੇ ਤੀਜੇ ਦਹਾਕੇ ਤੋਂ ਹੀ ਬਾਲ-ਸਾਹਿਤ ਨੂੰ ਗੰਭੀਰ ਅਧਿਐਨ ਅਤੇ ਖੋਜ ਦਾ ਕਾਰਜ ਬਣਾਇਆ।

1950 ਈ: ਪਿੱਛੋਂ ਪੰਜਾਬੀ ਦੇ ਸਥਾਪਿਤ ਪ੍ਰੌੜ ਲੇਖਕਾਂ ਤੇ ਬਾਲ-ਸਾਹਿਤਕਾਰਾਂ ਨੇ ਬਾਲਗਾਂ ਅਤੇ ਬਾਲਕਾਂ ਦੇ ਵੱਖਰੇ-ਵੱਖਰੇ ਸੰਸਾਰ ਦੀ ਪਛਾਣ ਕੀਤੀ। ਉਨ੍ਹਾਂ ਨੇ ਬਾਲਾਂ ਦੀ ਸੁਤੰਤਰ ਹੋਂਦ ਨੂੰ ਸਵਿਕਾਰਿਆ ਅਤੇ ਬਾਲ-ਰੁਚੀਆਂ, ਲੋੜਾਂ, ਮਨੋਵਿਗਿਆਨ, ਆਯੂ-ਗੁੱਟ, ਮਾਨਸਿਕ-ਪੱਧਰ ਆਦਿ ਅਨੁਸਾਰ ਵਿਭਿੰਨ ਵਿਧਾਵਾਂ ਅਧੀਨ ਤੇ ਵਿਭਿੰਨ ਸਰੋਕਾਰਾਂ ਬਾਰੇ ਪੰਜਾਬੀ ਬਾਲ-ਸਾਹਿਤ ਸਿਰਜਿਆ।

ਵਰਤਮਾਨ ਸਮੇਂ 'ਚ ਬਾਲ-ਸਾਹਿਤ ਸਿਰਜਣਾ ਵੱਡੀ ਗਿਣਤੀ ਵਿੱਚ ਹੋ ਰਹੀ ਹੈ। ਗਿਆਨੀ ਲਾਲ ਸਿੰਘ ਗੁਜਰਾਂਵਾਲਾ, ਧਨਵੰਤ ਸਿੰਘ ਸ਼ੀਤਲ, ਹਿਰਦੇਪਾਲ ਸਿੰਘ ਤੋਂ ਲੈ ਕੇ ਬਲਜਿੰਦਰ ਸਿੰਘ ਮਾਨ ਤੱਕ ਵੱਡੀ ਗਿਣਤੀ ਵਿੱਚ ਬਾਲ-ਸਾਹਿਤ ਲੇਖਕ ਵੱਖ-ਵੱਖ ਰੂਪਾਂ ਲੋਰੀਆਂ, ਨਰਸਰੀ ਗੀਤ, ਕਵਿਤਾ, ਕਹਾਣੀ, ਗੀਤ, ਨਾਵਲ, ਨਾਟਕ, ਇਕਾਂਗੀ, ਜੀਵਨੀ, ਸਵੈ-ਜੀਵਨੀ, ਸੰਸਮਰਣ, ਬੁਝਾਰਤਾਂ ਆਦਿ 'ਚ ਬਾਲ ਰਚਨਾਵਾਂ ਲਿਖ ਕੇ ਪ੍ਰਕਾਸ਼ਿਤ ਕਰਵਾ ਰਹੇ ਹਨ। ਅੱਜ ਦਾ ਪੰਜਾਬੀ ਬਾਲ-ਸਾਹਿਤ ਪੁਰਾਤਨ ਕਥਾਵਾਂ ਤੋਂ ਅਗਾਂਹ ਗਿਆਨ- ਵਿਗਿਆਨ, ਨੈਤਿਕ ਸਿੱਖਿਆ, ਮਾਤ-ਭਾਸ਼ਾ ਪ੍ਰਤੀ ਲਗਾਓ, ਇਤਿਹਾਸ, ਸਭਿਆਚਾਰਕ ਵਿਰਸੇ ਤੇ ਚੌਗਿਰਦੇ ਬਾਰੇ ਵਾਕਫ਼ੀਅਤ ਆਦਿ ਵਿਭਿੰਨ ਸਰੋਕਾਰਾਂ ਨਾਲ ਲਬਰੇਜ਼ ਹੈ।

ਮਨਮੋਹਨ ਸਿੰਘ 'ਦਾਊਂ' ਪੰਜਾਬੀ ਬਾਲ-ਸਾਹਿਤ ਸਿਰਜਕਾਂ ਦੀ ਕਤਾਰ ਦਾ ਅਹਿਮ ਹਸਤਾਖ਼ਰ ਹੈ। ਉਸ ਨੇ ਬਾਲ-ਮਨ ਦੇ ਕੋਮਲ ਜਜ਼ਬਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਆਪਣੀਆਂ ਬਾਲ-ਸਾਹਿਤ ਰਚਨਾਵਾਂ 'ਚ ਪ੍ਰਸਤੁਤ ਕੀਤਾ ਹੈ। 'ਦਾਊਂ' ਅੱਧੀ ਸਦੀ ਤੋਂ ਨਿਰੰਤਰ ਪੰਜਾਬੀ ਬਾਲ-ਸਾਹਿਤ ਦੀ ਸਿਰਜਣਾ ਕਰ ਰਿਹਾ ਹੈ। ਉਹ ਬਾਲ-ਸਾਹਿਤ ਦੀ ਸਿਰਜਣਾ ਤੇ ਸਥਾਪਤੀ ਲਈ ਪ੍ਰਤੀਬੱਧ ਲੇਖਕ ਹੈ। ਬਾਲ-ਮਨੋਵਿਗਿਆਨ ਨੂੰ ਸਮਝਕੇ 'ਦਾਊਂ' ਨੇ ਬੱਚਿਆਂ ਦੀਆਂ ਸਰੀਰਕ, ਬੌਧਿਕ, ਮਾਨਸਿਕ, ਭਾਵੁਕ ਅਤੇ ਵਾਤਾਵਰਣਿਕ ਲੋੜਾਂ ਅਨੁਸਾਰ ਬਾਲ-ਸਾਹਿਤ ਦੀ ਸਿਰਜਣਾ ਕੀਤੀ। ਹੁਣ ਤੱਕ 45 ਬਾਲ-ਸਾਹਿਤ ਦੀਆਂ ਪੁਸਤਕਾਂ ਪੰਜਾਬੀ ਬਾਲ-ਸਾਹਿਤ ਦੀ ਝੋਲੀ ਪਾ ਕੇ 'ਦਾਊਂ' ਨੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਪੰਜਾਬੀ ਬਾਲ-ਸਾਹਿਤ ਨੂੰ ਸਫ਼ਲਤਾ ਦਾ ਧਾਰਨੀ ਬਣਾਉਣ ਲਈ ਵੱਡਮੁੱਲਾ ਯੋਗਦਾਨ ਪਾਇਆ ਹੈ। ਉਸ ਨੇ ਇਕੋ ਵੇਲੇ ਸਾਹਿਤ ਦੇ ਵਿਭਿੰਨ ਰੂਪਾਂ (ਨਰਸਰੀ-ਗੀਤ, ਕਵਿਤਾ, ਕਹਾਣੀ, ਗੀਤ, ਨਿਬੰਧ, ਜੀਵਨੀ, ਸੰਸਮਰਣ, ਬੋਲੀ-ਕਾਵਿ) 'ਚ ਬਾਲ-ਸਾਹਿਤ ਸਿਰਜਣਾ ਕਰਕੇ ਚੁਣੌਤੀਪੂਰਨ ਕਾਰਜ ਨੂੰ ਬਾਖ਼ੂਬੀ ਨਿਭਾਇਆ ਹੈ।

ਮਨਮੋਹਨ ਸਿੰਘ 'ਦਾਊਂ' ਨੇ ਆਪਣੀਆਂ ਬਾਲ-ਸਾਹਿਤ ਰਚਨਾਵਾਂ ਵਿੱਚ ਪੰਜਾਬੀ ਸਭਿਆਚਾਰ, ਮੇਲੇ-ਤਿਉਹਾਰ, ਖੇਡਾਂ, ਪੰਛੀਆਂ, ਰੁੱਖਾਂ, ਜਾਨਵਰਾਂ, ਮਿਹਨਤ, ਸਿੱਖਿਆ, ਹਮਦਰਦੀ, ਪਿਆਰ, ਸੱਚਾਈ, ਮਿਲਵਰਤਨ, ਅਹਿੰਸਾ, ਦੇਸ਼-ਭਗਤੀ, ਸਾਂਝੀਵਾਲਤਾ, ਸਹਿਣਸ਼ੀਲਤਾ, ਫ਼ੁੱਲਾਂ, ਫ਼ਲਾਂ ਆਦਿ ਵਿਭਿੰਨ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ। 'ਦਾਊਂ'

ਰਚਿਤ ਬਾਲ-ਸਾਹਿਤ ਦੀ ਖ਼ੂਬੀ ਇਹ ਹੈ ਕਿ ਉਹ ਵਿਭਿੰਨ ਬੱਚਿਆਂ ਨਾਲ ਸਬੰਧਤ ਸਰੋਕਾਰਾਂ ਬਾਰੇ ਉਨ੍ਹਾਂ ਦੇ ਮਾਨਸਿਕ-ਪੱਧਰ 'ਤੇ ਆ ਕੇ, ਉਨ੍ਹਾਂ ਦੀ ਭਾਸ਼ਾ ਵਿੱਚ ਗੱਲ ਕਰਦਾ ਹੈ। ਉਹ ਕਿਧਰੇ ਵੀ ਬਾਲ-ਮਨਾਂ ਨੂੰ ਦੰਭੀ-ਕਲਪਨਾ ਦੇ ਖੰਭ ਲਾ ਕੇ ਸੁਪਨਿਆਂ ਦੇ ਆਕਾਸ਼ ਵਿੱਚ ਨਹੀਂ ਉਡਾਉਂਦਾ, ਸਗੋਂ ਧਰਤੀ 'ਤੇ ਰਹਿ ਕੇ ਮਿਹਨਤ ਕਰਕੇ ਸਫ਼ਲਤਾ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦਾ ਹੈ।

'ਮਨਮੋਹਨ ਸਿੰਘ ਦਾਊਂ ਦਾ ਬਾਲ-ਸਾਹਿਤ' (ਭਾਗ-ਪਹਿਲਾ) ਵਿੱਚ 19 ਬਾਲ-ਕਾਵਿ ਪੁਸਤਕਾਂ ਸੰਕਲਨ ਕੀਤੀਆਂ ਗਈਆਂ ਹਨ ।ਮੂਲ-ਪਾਠ ਤੋਂ ਬਾਅਦ ਇਨ੍ਹਾਂ 19 ਕਾਵਿ-ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ ਗਈ ਹੈ। ਸ੍ਰੀ ਦਾਊਂ ਨੂੰ ਬਾਲ-ਸਾਹਿਤ ਦੇ ਖੇਤਰ 'ਚ ਮਿਲੇ ਮਾਨ-ਸਨਮਾਨਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ ਅਤੇ ਸ੍ਰੀ ਦਾਊਂ ਦੇ ਬਾਲ-ਸਾਹਿਤ 'ਤੇ ਹੋਏ ਖੋਜ ਕਾਰਜਾਂ 'ਤੇ ਵੀ ਝਾਤ ਪੁਆਈ ਗਈ ਹੈ।

ਸੰਪਾਦਕੀ ਮੰਡਲ 'ਚ ਸ਼ਾਮਲ ਸ੍ਰੀ ਬਲਜਿੰਦਰ ਮਾਨ (ਸੰਪਾਦਕ ਨਿੱਕੀਆਂ ਕਰੂੰਬਲਾਂ), ਡਾ. ਰਾਜਿੰਦਰ ਸਿੰਘ ਕੰਬੋਜ (ਨੈਸ਼ਨਲ ਅਵਾਰਡੀ), ਸਤਿਬੀਰ ਕੌਰ (ਅਸਿਸਟੈਂਟ ਪ੍ਰੋਫੈਸਰ), ਕਮਲਪ੍ਰੀਤ ਕੌਰ ਦਾਊਂ ਤੇ ਜਗਦੀਪ ਸਿੰਘ ਬੈਦਵਾਨ ਹੁਰਾਂ ਦਾ ਤਹਿ-ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਵੱਡ-ਅਕਾਰੀ ਪ੍ਰੋਜੈਕਟ ਨੂੰ ਸੰਪੂਰਨਤਾ ਦੇਣ ਲਈ ਭਰਪੂਰ ਸਹਿਯੋਗ ਦਿੱਤਾ।

ਪੰਜਾਬੀ ਸੱਥਾਂ ਦੇ ਸੰਚਾਲਕ ਡਾ. ਨਿਰਮਲ ਸਿੰਘ ਲਾਂਬੜਾ (ਜਲੰਧਰ) ਦੀ ਸਰਪ੍ਰਸਤੀ ਸਾਡੇ ਲਈ ਮਾਣ ਵਾਲੀ ਹੈ।

ਮੁੱਖ ਸਲਾਹਕਾਰ ਡਾ. ਗੁਰਨਾਇਬ ਸਿੰਘ, ਸਲਾਹਕਾਰ ਡਾ. ਕਰਨੈਲ ਸਿੰਘ ਸੋਮਲ ਤੇ ਡਾ. ਬਲਜੀਤ ਸਿੰਘ ਹੁਰਾਂ ਦੀ ਅਗਵਾਈ ਸਦਕਾ, ਇਹ ਸੰਗ੍ਰਹਿ ਮੁਕੰਮਲ ਕਰਨ ਲਈ ਸਾਨੂੰ ਹੌਸਲਾ ਤੇ ਸੇਧ ਮਿਲੀ।

ਉਚੇਚੇ ਤੌਰ ਤੇ ਅਸੀਂ ਮਾਣ-ਮੱਤੇ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਆਪਣੀਆਂ ਕਾਵਿ-ਪੁਸਤਕਾਂ ਇਸ ਕਾਰਜ ਲਈ ਉਪਲਬਧ ਕੀਤੀਆਂ। ਇਸ ਸੰਗ੍ਰਹਿ ਦੀ ਕੰਪੋਜ਼ਿੰਗ ਸ੍ਰੀਮਤੀ ਨਵਰੂਪ ਕੌਰ (ਮੋਬਾ. 6280955532) ਵੱਲੋਂ ਨਿਭਾਈ-ਸਦ-ਭਾਵਨਾ ਪ੍ਰਸੰਸਾਯੋਗ ਹੈ।

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ ਦਾ ਧੰਨਵਾਦ ਜਿਸ ਨੇ ਇਸ ਪੁਸਤਕ ਨੂੰ ਸੁੰਦਰਤਾ ਪ੍ਰਦਾਨ ਕੀਤੀ। ਪਾਠਕਾਂ ਅਤੇ ਵਿਦਵਾਨਾਂ ਦੇ ਹੁੰਗਾਰੇ ਅਤੇ ਸੁਝਾਵਾਂ ਦੀ ਸਾਨੂੰ ਉਡੀਕ ਰਹੇਗੀ। ਭੁੱਲ ਚੁੱਕ ਲਈ ਖ਼ਿਮਾਂ!

ਮਿਤੀ : 22 ਸਤੰਬਰ, 2021

**ਸੁਖਵਿੰਦਰ ਸਿੰਘ**
ਮੁੱਖ ਸੰਪਾਦਕ
ਮੋਬਾ. 9592418152

# ਮਨਮੋਹਨ ਸਿੰਘ ਦਾਊਂ ਰਚਿਤ ਬਾਲ-ਸਾਹਿਤ ਦੀਆਂ ਕਾਵਿ-ਜਗਤਾਂ ਤੇ ਰੂਪਕ ਪੱਖ

ਮਨਮੋਹਨ ਸਿੰਘ 'ਦਾਊਂ' ਪੰਜਾਬੀ ਬਾਲ-ਸਾਹਿਤ ਸਿਰਜਕਾਂ ਵਿੱਚੋਂ ਅਜਿਹਾ ਪ੍ਰਤੀਬੱਧ ਬਾਲ-ਸਾਹਿਤਕਾਰ ਹੈ ਜਿਹੜਾ ਪੰਜਾਬੀ ਬਾਲ-ਸਾਹਿਤ ਅਤੇ ਬਾਲ-ਮਨੋਵਿਗਿਆਨ ਬਾਰੇ ਡੂੰਘੀ ਅੰਤਰ-ਦ੍ਰਿਸ਼ਟੀ ਰੱਖਦਾ ਹੈ। 'ਦਾਊਂ' ਬਾਲ-ਮਨਾਂ ਦੇ ਕੋਮਲ ਜਜ਼ਬਿਆਂ ਨੂੰ ਬਾਖ਼ੂਬੀ ਸਮਝਦਾ ਹੋਇਆ, ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਬੱਚੇ ਦੀਆਂ ਲੋੜਾਂ, ਰੁਚੀਆਂ, ਭਾਵਨਾਵਾਂ ਤੇ ਮਾਨਸਿਕ ਪੱਧਰ ਨੂੰ ਸਮਝ ਕੇ ਬਾਲ-ਰਚਨਾਵਾਂ ਲਿਖ ਰਿਹਾ ਹੈ। ਅਜੋਕੇ ਸਮੇਂ ਮੌਖਿਕ ਸਾਹਿਤ ਦੇ ਮੂਲੋਂ ਹੀ ਵਿਸਰ ਜਾਣ ਅਤੇ ਸੰਚਾਰ-ਸਾਧਨਾਂ ਦੇ ਬੇਲਗਾਮ ਪਾਸਾਰ ਨੇ ਬੱਚਿਆਂ ਨੂੰ ਜ਼ਿਹਨੀ ਤੌਰ 'ਤੇ ਬਹੁਤ ਪ੍ਰਭਾਵਿਤ ਕੀਤਾ ਹੈ। ਪਰਿਵਾਰਕ-ਵੰਡ ਕਾਰਨ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਘਰ 'ਚ ਅਣਹੋਂਦ ਅਤੇ ਮਾਤਾ-ਪਿਤਾ ਦੇ ਨੌਕਰੀ-ਪੇਸ਼ੇ ਵਾਲੇ ਹੋਣ ਕਾਰਨ ਬੱਚਾ ਇਕੱਲਤਾ ਵਾਲਾ ਜੀਵਨ ਬਤੀਤ ਕਰ ਰਿਹਾ ਹੈ। ਅਜਿਹੇ ਸਮੇਂ ਮਾਂ-ਬੋਲੀ 'ਚ ਲਿਖਿਆ ਬਾਲ-ਸਾਹਿਤ ਹੀ ਬੱਚੇ ਦਾ ਸੱਚਾ ਹਾਣੀ ਸਾਬਿਤ ਹੁੰਦਾ ਹੈ।

'ਦਾਊਂ' ਰਚਿਤ ਸਮੁੱਚਾ ਬਾਲ-ਸਾਹਿਤ (ਕਾਵਿ, ਕਹਾਣੀ, ਨਿਬੰਧ, ਸੰਸਮਰਣ, ਬੋਲੀਆਂ, ਨਰਸਰੀ ਗੀਤ, ਜੀਵਨੀ ਸਾਹਿਤ) ਬਾਲ-ਮਨ ਨੂੰ ਅਪਣੱਤ ਦਾ ਅਹਿਸਾਸ ਕਰਵਾਉਂਦਾ ਹੈ। ਉਹ ਚੌਗਿਰਦੇ, ਪ੍ਰਕਿਰਤੀ, ਰੁੱਖਾਂ, ਪੰਛੀਆਂ, ਰੁੱਤਾਂ, ਫੁੱਲਾਂ, ਫ਼ਲਾਂ, ਰਿਸ਼ਤਿਆਂ, ਸਭਿਆਚਾਰਕ ਵਿਰਸੇ, ਮਾਂ-ਬੋਲੀ ਆਦਿ ਬਾਰੇ ਜਗਿਆਸਾ ਦੀ ਤ੍ਰਿਪਤੀ ਕਰਕੇ ਬਾਲ-ਮਨ ਦੀ ਨਵ-ਉਸਾਰੀ ਕਰਦਾ ਹੈ। ਬਾਲ-ਮਨ ਦੇ ਕੋਮਲਭਾਵੀ ਹੋਣ ਅਤੇ ਬਾਲ-ਸਾਹਿਤ ਨਾਲ ਜੋੜਨ ਲਈ 'ਦਾਊਂ' ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਲਈ ਵਿਭਿੰਨ ਕਾਵਿ-ਜੁਗਤਾਂ (ਸਰਲ, ਸਪਸ਼ਟ ਤੇ ਰੌਚਕਤਾ-ਭਰਪੂਰ ਮਾਤ-ਭਾਸ਼ਾ, ਬਾਲ-ਬੁੱਧ ਅਨੁਸਾਰ ਸ਼ਬਦ-ਚੋਣ, ਵਾਕ-ਬਣਤਰ, ਪ੍ਰਤੀਕ, ਬਿੰਬ, ਸਚਿੱਤਰਤਾ, ਸੰਬੋਧਨੀ ਸ਼ੈਲੀ, ਲੈਆਤਮਕਤਾ, ਲੋਕ-ਗੀਤ, ਅਖਾਣ, ਮੁਹਾਵਰੇ) ਦੀ ਵਰਤੋਂ ਕੀਤੀ ਹੈ। ਇਨ੍ਹਾਂ ਕਾਵਿ-ਜੁਗਤਾਂ ਕਾਰਨ ਬੱਚੇ ਨੂੰ ਬਾਲ-ਸਾਹਿਤ ਆਪਣਾ ਹਾਣੀ ਮਹਿਸੂਸ ਹੁੰਦਾ ਹੈ ਅਤੇ ਉਹ ਸਹਿਜੇ ਹੀ ਬਾਲ-ਸਾਹਿਤ ਨਾਲ ਜੁੜ ਜਾਂਦਾ ਹੈ।

ਬਾਲ-ਮਨ ਦਾ ਆਦਿ-ਬਿੰਦੂ ਕਲਪਨਾ ਹੈ। ਬੱਚਾ ਉੱਡਦਾ ਪੰਛੀ ਵੇਖਦਾ ਹੈ ਤਾਂ ਉਸ ਵਾਂਗ ਉੱਡਣ ਦੇ ਸੁਪਨੇ ਲੈਂਦਾ ਹੈ। ਬੱਚੇ ਦੇ ਖੁੱਲ੍ਹੇ ਅੰਬਰ 'ਚ ਉਡਾਰੀਆਂ ਲਾਉਣ ਲਈ ਜ਼ਰੂਰੀ ਹੈ ਕਿ ਉਸ ਦੀ ਕਲਪਨਾ ਅਨੁਸਾਰ ਵਾਤਾਵਰਨ ਸਿਰਜਿਆ ਜਾਵੇ। 'ਦਾਊਂ' ਨੇ ਬੱਚੇ ਦੀ ਕਲਪਨਾ-ਉਡਾਰੀ ਨੂੰ ਸਾਕਾਰ ਕਰਨ ਲਈ ਸੁਹਜਮਈ ਢੰਗ ਨਾਲ ਨਰਸਰੀ ਗੀਤ ਲਿਖੇ। ਅਤਿ ਦੀ ਗਰਮੀ ਵਿੱਚ ਗਰਮੀ ਤੋਂ ਨਿਜਾਤ ਪਾਉਣ ਲਈ ਵਰਖਾ ਦੀ ਕਲਪਨਾ ਬਾਲ-ਮਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦੀ ਹੈ। 'ਦਾਊਂ' ਕਾਲਪਨਿਕ ਰੂਪ ਵਿੱਚ ਵਰਖਾ ਦੀ ਆਮਦ ਦਾ ਕਾਵਿਕ ਦ੍ਰਿਸ਼ (ਬਿੰਬ) ਇਸ ਪ੍ਰਕਾਰ ਸਿਰਜਦਾ ਹੈ:

**ਰਿਮਝਿਮ ਵਰਖਾ ਹੋਵੇਗੀ।**
**ਸਭ ਦੇ ਪਿੰਡੇ ਧੋਵੇਗੀ।**

ਕਿਮਮਿਣ ਚੰਗੀ ਲੱਗੇਗੀ।
ਗਰਮੀ ਏਥੋਂ ਭੱਜੇਗੀ।
ਮੌਸਮ ਠੰਢ ਵਰਤਾਏਗਾ।
ਹਰ ਕੋਈ ਖੁਸ਼ੀ ਮਨਾਏਗਾ।

ਬੱਚਿਆਂ ਵਿੱਚ ਮੌਲਿਕਤਾ ਅਤੇ ਨਵੀਨਤਾ ਦੀ ਲੁਕਵੀਂ ਖ਼ੂਬੀ ਹੁੰਦੀ ਹੈ। ਬੱਚਾ ਕਿਸੇ ਚੀਜ਼ ਨੂੰ ਵੇਖ ਕੇ ਦੂਜਿਆਂ ਤੋਂ ਵੱਖਰਾ ਸੋਚਦਾ ਹੈ। ਉਸ ਦਾ ਇਹੋ ਵੱਖਰਾਪਣ ਵਿਭਿੰਨ ਭਵਿੱਖੀ-ਸੁਪਨਿਆਂ ਦਾ ਆਧਾਰ ਬਣਦੇ ਹਨ। ਉਸ ਦੇ ਮਨ ਅੰਦਰ ਸਿਰਜਣਾਤਮਕ ਖ਼ੂਬੀਆਂ ਛੁਪੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਬਾਲ-ਸਾਹਿਤ ਬੱਚੇ ਦੀਆਂ ਇਨ੍ਹਾਂ ਛੁਪੀਆਂ ਸਿਰਜਣਾਤਮਕ ਖ਼ੂਬੀਆਂ ਨੂੰ ਬਾਹਰ ਲਿਆਉਂਦਾ ਹੈ। ਬੱਚਾ ਹਰ ਚੀਜ਼ ਨੂੰ ਉਲਟਾ ਕੇ, ਭੰਨ-ਤੋੜ ਕੇ ਵੇਖਦਾ ਹੈ ਤੇ ਉਸ ਦੀ ਨਵ-ਉਸਾਰੀ ਕਰਦਾ ਹੈ। ਪਰ ਵੱਡੇ ਚੀਜ਼ਾਂ ਨੂੰ ਸਿਰਜ ਕੇ ਸਥਾਈ ਰੱਖਦੇ ਹਨ। ਉਹ ਆਪਣੀ ਸੋਚ ਨੂੰ ਜ਼ਬਰਦਸਤੀ ਬੱਚੇ 'ਤੇ ਥੋਪਦੇ ਹਨ। ਅੱਜ ਹਰ ਮਾਂ-ਬਾਪ ਦੀ ਇਹੋ ਇੱਛਾ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹ-ਲਿਖ ਕੇ, ਚੰਗੇ ਨੰਬਰ ਲੈ ਕੇ ਡਾਕਟਰ, ਇੰਜਨੀਅਰ ਜਾਂ ਕੋਈ ਵੱਡਾ ਅਫ਼ਸਰ ਬਣ ਕੇ ਚੰਗਾ ਪੈਸਾ ਕਮਾਏ। ਉਹ ਗਿਆਨ ਦੀਆਂ ਬੇਢੰਗੀਆਂ ਪੰਡਾਂ ਉਨ੍ਹਾਂ ਦੇ ਮੋਢਿਆਂ 'ਤੇ ਲੱਦ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਉਹ ਬੱਚੇ ਦੀ ਤੀਖਣ ਬੁੱਧੀ ਦੀ ਪਛਾਣ ਹੀ ਨਹੀਂ ਕਰਦੇ। ਬੱਚਾ ਸਵਾਲ-ਜਵਾਬ ਕਰਨਾ ਲੋਚਦਾ ਹੈ ਪਰ ਵੱਡੇ ਬੇਗੌਰੇ ਹੋ ਜਾਂਦੇ ਹਨ। 'ਦਾਊਂ" ਸੰਬੋਧਨਮਈ ਸ਼ੈਲੀ ਰਾਹੀਂ ਬੱਚਿਆਂ ਦੇ ਜਜ਼ਬਾਤਾਂ ਦੀ ਗੱਲ ਕਰਦਾ ਹੈ। ਉਹ ਬੱਚਿਆਂ ਦੇ ਭਵਿੱਖੀ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੱਡਿਆਂ ਨੂੰ ਵਰਜਦਾ ਹੋਇਆ ਲਿਖਦਾ ਹੈ:

ਬਣਨ ਦਿਓ ਸਮੇਂ ਦੇ ਹਾਣੀ
ਪਿੰਜਰੇ ਪਾਓ ਨਾ ਬੁਲਬੁਲਾਂ ਐਵੇਂ
ਇਨ੍ਹਾਂ ਦੇ ਪਰਾਂ ਨੂੰ
ਖੁੱਲਮ-ਖੁੱਲ੍ਹੇ ਅਰਮਾਨ ਦਿਓ।

ਦਿਓ ਹੱਥਾਂ ਵਿੱਚ ਰੰਗ
ਤੇ ਬੁਰਸ਼ ਸੁਹਣੇ
ਕੋਰੇ ਨਿਛੁਹ ਕਾਗ਼ਜ਼ਾਂ ਉੱਤੇ
ਕਲਪਨਾ ਤੇ ਰੀਝਾਂ ਦੀਆਂ
ਲੀਕਾਂ ਵਾਹਣ ਦਿਓ।

ਬੱਚਾ ਇਕ ਸਮਾਜਿਕ ਪ੍ਰਾਣੀ ਹੈ। ਉਸਦਾ ਸਰੀਰਕ, ਮਾਨਸਿਕ, ਬੌਧਿਕ ਤੇ ਭਾਵਨਾਤਮਿਕ ਵਿਕਾਸ ਆਲੇ-ਦੁਆਲੇ ਅਤੇ ਘਰੇਲੂ ਮਾਹੌਲ 'ਤੇ ਨਿਰਭਰ ਕਰਦਾ ਹੈ। ਇਸ ਲਈ ਉਸਦੇ ਸੰਤੁਲਿਤ ਤੇ ਸਰਵਪੱਖੀ ਵਿਕਾਸ ਹਿੱਤ ਉਸਨੂੰ ਆਪਣੇ ਚੌਗਿਰਦੇ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਬੱਚੇ ਦੇ ਮਨ ਅੰਦਰ ਵੀ ਆਪਣੇ ਚੌਗਿਰਦੇ ਬਾਰੇ ਜਾਣਨ ਦੀ ਤੀਬਰ ਇੱਛਾ ਹੁੰਦੀ ਹੈ। ਇਹੀ ਕਾਰਨ ਹੈ ਕਿ ਉਹ ਆਪਣੇ ਵੱਡੇ-ਵਡੇਰਿਆਂ ਕੋਲੋਂ ਭਿੰਨ-ਭਿੰਨ ਕਿਸਮ ਦੇ ਸੁਆਲ ਪੁੱਛਦਾ ਹੈ। ਇਹ

ਜਾਣਕਾਰੀ ਉਮਰ ਭਰ ਲਈ ਬੱਚੇ ਦੇ ਅਨੁਭਵ ਦਾ ਹਿੱਸਾ ਬਣ ਜਾਂਦੀ ਹੈ। ਸਚਿੱਤਰ ਬਾਲ-ਸਾਹਿਤ ਚੌਗਿਰਦੇ ਬਾਰੇ ਜਾਣਕਾਰੀ ਵਧੇਰੇ ਸਹੀ ਢੰਗ ਨਾਲ ਦਿੰਦਾ ਹੈ। ਰੂਸੀ ਸਾਹਿਤ ਦੇ ਪਿਤਾਮਾ ਟਾਲਸਟਾਏ ਅਤੇ ਅਲੈਕਸਾਂਦਰ ਪੁਸ਼ਕਿਨ ਦਾ ਮੰਨਣਾ ਹੈ:

ਬਾਲ-ਪੁਸਤਕਾਂ ਸਿਰਫ਼ ਬੱਚਿਆਂ ਦੀ ਉਤਸੁਕਤਾ ਨੂੰ ਵਧਾ ਕੇ ਆਲੇ-ਦੁਆਲੇ ਬਾਰੇ ਵਾਕਫ਼ੀਅਤ ਪ੍ਰਦਾਨ ਹੀ ਨਹੀਂ ਕਰਦੀਆਂ ਸਗੋਂ ਇਹ ਬੱਚੇ ਲਈ ਉਚੇਚੇ ਤੌਰ 'ਤੇ ਸਿਰਜਿਆ ਗਿਆ ਸੁਹਜਮਈ ਸੰਸਾਰ ਹੈ।

'ਦਾਊ' ਨੇ ਬੱਚਿਆਂ ਦੀ ਬੌਧਿਕ ਪੱਧਰ ਅਨੁਸਾਰ ਸਚਿੱਤਰ, ਸਰਲ ਤੇ ਸਪਸ਼ਟ ਭਾਸ਼ਾ ਰਾਹੀਂ ਬੱਚਿਆਂ ਨੂੰ ਚੌਗਿਰਦੇ ਬਾਰੇ ਜਾਗਰੂਕ ਕੀਤਾ ਹੈ ਜਿਵੇਂ:

**ਪੰਛੀ ਜਾਗੇ ਭਰਨ ਉਡਾਰੀ**
**ਫ਼ੁੱਲ ਪੱਤੀਆਂ ਮੁਸਕਾਵਣ,**
**ਪੌਣ ਰੁਮਕਦੀ ਮਹਿਕਾਂ ਵੰਡਦੀ**
**ਚੱਲੀ ਖੇਤ ਜਗਾਵਣ।**

ਮਨਮੋਹਨ ਸਿੰਘ 'ਦਾਊ' ਰਚਿਤ ਬਾਲ-ਕਾਵਿ ਪ੍ਰਕ੍ਰਿਤੀ ਸੁੰਦਰਤਾ ਨਾਲ ਲਬਰੇਜ਼ ਹੈ। ਉਸਦਾ ਬਾਲ-ਕਾਵਿ ਪ੍ਰਕ੍ਰਿਤੀ ਦੇ ਵਿਭਿੰਨ ਰੂਪਾਂ ਰੁੱਖਾਂ, ਫ਼ੁੱਲਾਂ, ਫ਼ਲਾਂ, ਨਦੀਆਂ, ਪਰਬਤਾਂ, ਦਰਿਆਵਾਂ, ਰੁੱਤਾਂ, ਪੰਛੀਆਂ ਆਦਿ ਦੇ ਪ੍ਰਤੀਕਆਤਮਕ ਵਰਣਨ ਰਾਹੀਂ ਬਾਲ-ਮਨਾਂ 'ਚ ਪ੍ਰਕਿਰਤੀ ਪ੍ਰਤੀ ਮੋਹ ਜਗਾਉਂਦਾ ਹੈ। ਉਸ ਦੇ ਬਾਲ-ਕਾਵਿ 'ਚ ਪ੍ਰਕਿਰਤੀ ਦਾ ਖ਼ੂਬਸੂਰਤ ਕਾਵਿਕ ਵਰਣਨ ਬਾਲ-ਪਾਠਕਾਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ। ਬੱਚਿਆਂ ਨੂੰ ਫ਼ੁੱਲਾਂ ਨਾਲ ਅੰਤਾਂ ਦਾ ਮੋਹ ਹੁੰਦਾ ਹੈ। 'ਦਾਊ' ਦ੍ਰਿਸ਼ਟਾਤ ਆਲੰਕਾਰ ਰਾਹੀਂ ਬਾਲ-ਮਨਾਂ ਅੰਦਰ ਫੁੱਲਾਂ ਪ੍ਰਤੀ ਸਨੇਹ ਪੈਦਾ ਕਰਕੇ ਉਨ੍ਹਾਂ ਦੇ ਗਿਆਨ 'ਚ ਵਾਧਾ ਕਰਦਾ ਹੋਇਆ ਲਿਖਦਾ ਹੈ:

**ਪੀਲਾ, ਚਿੱਟਾ, ਲਾਲ, ਗੁਲਾਬੀ**
**ਕੋਈ ਕੇਸਰੀ, ਕੋਈ ਉਨਾਬੀ।**
**ਬਹੁ ਰੰਗਾਂ ਦੀ ਜਿਵੇਂ ਕਿਤਾਬ,**
**ਫ਼ੁੱਲਾਂ ਵਿੱਚੋਂ ਫ਼ੁੱਲ ਗੁਲਾਬ।**

**ਕੰਵਲ ਦੇ ਵਾਂਗੂੰ ਸਿੱਖੋ ਤਰਨਾ,**
**ਔਕੜ ਦੇ ਵਿੱਚ ਕਦੇ ਨਾ ਹਰਨਾ।**

ਬਚਪਨ 'ਚ ਬੱਚਾ ਸਿਰਫ਼ ਹੱਸਣ, ਰੋਣ ਅਤੇ ਖੇਡਣ ਵੱਲ ਹੀ ਰੁਚਿਤ ਹੁੰਦਾ ਹੈ। ਉਸ ਨੂੰ ਖਾਣਾ-ਪੀਣਾ, ਘਰ, ਪਰਿਵਾਰ ਆਦਿ ਵਿਸਰ ਜਾਂਦੇ ਹਨ। ਉਹ ਚਿੰਤਾਵਾਂ ਮੁਕਤ ਹੁੰਦਾ ਹੈ। ਉਸ ਨੂੰ

ਸਿਰਫ਼ ਆਪਣੇ ਹਾਣੀ ਅਤੇ ਖੇਡ ਹੀ ਪਸੰਦ ਹੁੰਦੀ ਹੈ। 'ਦਾਊ' ਰਚਿਤ ਬਾਲ-

ਖੇਡਾਂ ਬਾਲ-ਮਨਾਂ 'ਚ ਪਿਆਰ, ਹਮਦਰਦੀ, ਜਿੱਤ-ਹਾਰ, ਸਾਂਝੀਵਾਲਤਾ ਆਦਿ ਦਾ ਅਹਿਸਾਸ ਪੈਦਾ ਕਰਦੀਆਂ ਹਨ। ਉਸ ਦੀਆਂ ਬਾਲ-ਖੇਡਾਂ 'ਚ ਸਰੀਰਕ ਵਿਕਾਸ ਦੇ ਨਾਲ-ਨਾਲ ਮਾਨਸਿਕ ਵਿਕਾਸ ਤੇ ਭਾਈਚਾਰਕ-ਸਾਂਝ ਦਾ ਸੁਨੇਹਾ ਵੀ ਨਿਹਿਤ ਹੈ। ਲੈਅਮਈ ਢੰਗ ਨਾਲ ਉਹ ਲਿਖਦਾ ਹੈ:

**ਖੜਾ ਰਹੇਗਾ ਜਿਹੜਾ ਥੱਲੇ**
**ਪੀਤੀ ਪੈਣੀ ਉਸ ਦੇ ਪੱਲੇ,**
**ਮੀਚੀ ਅੱਖ ਕਿਉਂ ਤੂੰ ਖੋਲ੍ਹੀ**
**ਆਓ ਖੇਡੀਏ ਕਾਠ-ਕਠੋਲੀ।**

ਪੰਜਾਬੀ-ਬਾਲ ਰਿਸ਼ਤਿਆਂ ਵਿੱਚ ਹੀ ਜੰਮਦਾ, ਪਲਦਾ ਤੇ ਪ੍ਰਵਾਨ ਚੜ੍ਹਦਾ ਹੈ। ਉਸ ਦੀ ਪਹਿਲੀ ਜਜ਼ਬਾਤੀ ਸਾਂਝ ਮਾਂ ਦੇ ਰਿਸ਼ਤੇ ਨਾਲ ਪੈਂਦੀ ਹੈ। ਮਾਂ-ਪਿਓ ਦੇ ਰਿਸ਼ਤੇ ਤੋਂ ਬਿਨਾਂ ਬੱਚਾ ਵਿਭਿੰਨ ਰਿਸ਼ਤਿਆਂ (ਦਾਦਾ-ਦਾਦੀ, ਨਾਨਾ-ਨਾਨੀ, ਚਾਚਾ-ਚਾਚੀ, ਤਾਇਆ-ਤਾਈ, ਮਾਮਾ-ਮਾਮੀ, ਭੂਆ-ਫੁੱਫੜ, ਮਾਮੀ-ਮਾਸੜ, ਭੈਣ-ਭਰਾ) ਵਿੱਚ ਵੀ ਬੱਝਿਆ ਹੁੰਦਾ ਹੈ। ਬੱਚੇ ਨੂੰ ਇਨ੍ਹਾਂ ਰਿਸ਼ਤਿਆਂ ਬਾਰੇ ਪਤਾ ਹੋਣਾ ਬਹੁਤ ਜ਼ਰੂਰੀ ਹੈ। ਅੱਜ ਛੋਟੇ ਪਰਿਵਾਰਾਂ ਅਤੇ ਅੰਗਰੇਜ਼ੀ ਦੇ ਪ੍ਰਭਾਵ ਕਾਰਨ ਰਿਸ਼ਤੇ ਅਲੋਪ ਹੋ ਰਹੇ ਹਨ। ਚਾਚਾ-ਚਾਚੀ, ਤਾਇਆ-ਤਾਈ, ਭੂਆ-ਫੁੱਫੜ, ਮਾਸੀ-ਮਾਸੜ ਆਦਿ ਰਿਸ਼ਤੇ 'ਅੰਕਲ' ਤੇ 'ਆਂਟੀ' ਤੱਕ ਹੀ ਸਿਮਟ ਕੇ ਰਹਿ ਗਏ ਹਨ। ਮੁੱਢਲੀ ਅਵਸਥਾ 'ਚ ਜਿੱਥੇ ਮਾਂ-ਪਿਓ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਅਣਭੋਲ ਬੱਚੇ ਨੂੰ ਸਮਾਜਿਕ ਰਿਸ਼ਤਿਆਂ ਬਾਰੇ ਦੱਸਣ, ਉੱਥੇ ਬਾਲ-ਸਾਹਿਤ ਦੀ ਭੂਮਿਕਾ ਵੀ ਹਾਂ-ਪੱਖੀ ਹੈ। 'ਦਾਊਂ' ਰਚਿਤ ਬਾਲ-ਸਾਹਿਤ ਬੱਚਿਆਂ ਨੂੰ ਮਾਂ-ਬੋਲੀ ਰਾਹੀਂ ਜਿੱਥੇ ਸਮਾਜਿਕ ਰਿਸ਼ਤਿਆਂ ਪ੍ਰਤੀ ਜਾਗਰੂਕ ਕਰਦਾ ਹੈ ਉਥੇ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਦਾ ਹੋਇਆ ਪ੍ਰੇਰਿਤ ਕਰਦਾ ਹੈ:

**ਮਾਂ-ਬੋਲੀ ਨੂੰ ਕਰੋ ਪਿਆਰ**
**ਮਾਵਾਂ ਦਾ ਕਰੀਏ ਸਤਿਕਾਰ।**

ਅੱਜ ਮਨੁੱਖ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰ ਰਿਹਾ ਹੈ। ਫੈਕਟਰੀਆਂ 'ਚੋਂ ਨਿਕਲਦਾ ਤਰਲ ਰਸਾਇਣ ਅਤੇ ਗੰਦ-ਮੂਲ ਆਦਿ ਕਾਰਨ ਜਲ-ਸ੍ਰੋਤ ਗੰਧਲੇ ਹੋ ਰਹੇ ਹਨ। ਇਸ ਸਗਲ-ਗੰਧਲਤਾ ਕਾਰਨ ਜਿੱਥੇ ਮਨੁੱਖੀ ਸਿਹਤ ਬਿਮਾਰੀਆਂ ਨਾਲ ਗ੍ਰਸਤ ਹੋ ਰਹੀ ਹੈ ਉੱਥੇ ਜੀਵ-ਜੰਤੂਆਂ ਅਤੇ ਪ੍ਰਕਿਰਤੀ 'ਤੇ ਵੀ ਬਹੁਤ ਮਾੜਾ ਅਸਰ ਪੈ ਰਿਹਾ ਹੈ। ਧਰਤੀ ਦੀ ਉਤਪਾਦਨਤਾ ਘੱਟ ਰਹੀ ਹੈ। ਵਾਤਾਵਰਨ ਵਿੱਚ ਪਰਿਵਰਤਨ ਆ ਰਿਹਾ ਹੈ। ਅਜਿਹੇ ਸਮੇਂ ਮਨਮੋਹਨ ਸਿੰਘ 'ਦਾਊਂ' ਰਚਿਤ ਬਾਲ-ਸਾਹਿਤ ਬੱਚਿਆਂ ਨੂੰ ਰੁੱਖਾਂ ਅਤੇ ਜਲ-ਸਰੋਤਾਂ ਦੀ ਮਹੱਤਤਾ ਅਤੇ ਉਪਯੋਗਤਾ ਬਾਰੇ ਜਾਣੂੰ ਕਰਵਾਉਂਦਾ ਹੈ। ਉਹ ਪ੍ਰਤੀਕਆਤਮਕ ਰੂਪ ਲਿਖਦਾ ਹੈ:

**ਜੀਵ, ਜਾਨਵਰ, ਪੰਛੀ ਸਭ ਪੀਂਦੇ,**
**ਰੁੱਖ, ਪੌਦੇ ਵੀ ਪਾਣੀ ਨਾਲ ਜੀਂਦੇ।**

..............................

..............................

**ਪਾਣੀ ਹੈ ਅਮੋਲਕ ਦਾਤ,**
**ਸਾਂਭੀਏ ਇਸ ਨੂੰ ਵਾਂਗ ਸੁਗਾਤ।**
**ਕਰੋ ਸੰਭਾਲ ਇਹਨਾਂ ਦੀ**
**ਕੰਮ ਇਹ ਚੰਗਾ ਜਾਣੀਏ,**

**ਦੇਵਣ ਇਹ ਖੁਸ਼ਹਾਲੀਆਂ**
**ਇਹ ਵਾਰਸ ਸਾਡੇ ਅੱਜ ਦੇ।**

'ਦਾਊਂ' ਰਚਿਤ ਬਾਲ-ਸਾਹਿਤ ਬਾਲ-ਮਨਾਂ ਨੂੰ ਕਲਪਨਾ ਦੇ ਖੰਭ ਲਾ ਕੇ ਕਿਸੇ ਅਦਭੁੱਤ ਸੰਸਾਰ ਦੇ ਸੁਪਨਿਆਂ ਦੀ ਦੁਨੀਆਂ ਵਿੱਚ ਨਹੀਂ ਲਿਜਾਉਂਦਾ, ਸਗੋਂ ਉਹ ਬੱਚਿਆਂ ਨੂੰ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਮਿਹਨਤ ਕਰਨ, ਦਲੇਰ ਬਣਨ ਤੇ ਵਿੱਦਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦਾ ਹੈ। ਉਹ ਆਸ਼ਾਵਾਦੀ ਨਜ਼ਰੀਏ ਤੋਂ ਬਾਲ-ਮਨਾਂ 'ਚ ਕਿਰਤ ਦੀ ਮਹੱਤਤਾ ਤੇ ਮਿਹਨਤ ਦਾ ਜਜ਼ਬਾ ਪੈਦਾ ਕਰਨ ਲਈ ਲਿਖਦਾ ਹੈ:

**ਹੱਥੀਂ ਕਿਰਤ ਹੈ ਕਰਨੀ ਚੰਗੀ**
**ਆਪਣੀ ਕਿਸਮਤ ਆਪੀਂ ਘੜੀਏ।**

**ਵਿੱਦਿਆ ਦੀ ਪੌੜੀ 'ਤੇ**
**ਨਾਲ ਮਿਹਨਤਾਂ ਚੜ੍ਹਨਾ ਹੈ,**
**ਜੀਵਨ ਦੀ ਹਰ ਔਕੜ ਅੱਗੇ**
**ਨਾਲ ਦਲੇਰੀ ਲੜਨਾ ਹੈ।**

ਬੱਚੇ ਦੀ ਮਾਂ ਨਾਲ ਪਹਿਲੀ ਮੌਖਿਕ ਸਾਂਝ ਮਾਂ-ਬੋਲੀ ਰਾਹੀਂ ਪੈਂਦੀ ਹੈ। ਬੱਚਾ ਮਾਂ-ਬੋਲੀ ਦੇ ਮਾਧਿਅਮ ਰਾਹੀਂ ਹੀ ਆਪਣੇ ਜਜ਼ਬੇ, ਇੱਛਾਵਾਂ ਤੇ ਭਾਵਨਾਵਾਂ ਨੂੰ ਸਹੀ ਢੰਗ ਨਾਲ ਪ੍ਰਗਟਾਉਂਦਾ ਹੈ। ਮਾਂ-ਬੋਲੀ ਰਾਹੀਂ ਹੀ ਬੱਚੇ ਦਾ ਸਰਵਪੱਖੀ ਵਿਕਾਸ ਸੰਭਵ ਹੈ। 'ਦਾਊਂ' ਰਚਿਤ ਬਾਲ-ਸਾਹਿਤ ਬੱਚਿਆਂ ਨੂੰ ਮਾਂ-ਬੋਲੀ ਦੀ ਮਹੱਤਤਾ ਬਾਰੇ ਜਾਣੂੰ ਕਰਵਾਉਂਦਾ ਹੈ। ਮਾਂ-ਬੋਲੀ ਰਾਹੀਂ ਹੀ ਬੱਚਾ ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲ ਜੁੜਦਾ ਹੈ। 'ਦਾਊਂ' ਦੇ ਕਾਵਿ-ਬੋਲ ਹਨ:

**ਮਾਂ-ਬੋਲੀ ਦੀ ਜੜ੍ਹ ਤਾਂ ਸਭਿਆਚਾਰ ਹੁੰਦੀ,**
**ਮਾਂ-ਬੋਲੀ ਵਿੱਚ ਦਿਲ ਦੀ ਗੱਲ ਨਿਖ਼ਾਰ ਹੁੰਦੀ।**

ਇਸ ਤਰ੍ਹਾਂ ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਇਹ ਸਿੱਟਾ ਸਹਿਜੇ ਹੀ ਕੱਢਿਆ ਜਾ ਸਕਦਾ ਹੈ ਕਿ ਮਨਮੋਹਨ ਸਿੰਘ 'ਦਾਊਂ' ਬਾਲ-ਸਾਹਿਤ ਖੇਤਰ ਦਾ ਅਹਿਮ ਹਸਤਾਖ਼ਰ ਹੈ। ਉਸ ਨੇ ਬਾਲ-ਮਨੋਵਿਗਿਆਨ ਦਾ ਗਹਿਨ ਅਧਿਐਨ ਕੀਤਾ ਹੈ। ਉਸ ਕੋਲ ਮਨੋਵਿਗਿਆਨਕ ਸਮਝ ਵੀ ਹੈ ਅਤੇ ਸਾਹਿਤਕ ਕੁਸ਼ਲਤਾ ਵੀ।

**ਸੁਖਵਿੰਦਰ ਸਿੰਘ ਕਾਹਲੋਂ**
(ਐਮ. ਏ. (ਪੰਜਾਬੀ), ਐਮ ਫ਼ਿਲ, ਯੂ.ਜੀ.ਸੀ. ਨੈੱਟ)
ਮੋ: 9592418152

# ਖੰਡ ਪਹਿਲਾ

# ਨਰਸਰੀ ਗੀਤ-ਸੰਗ੍ਰਹਿ

# ਫਲਾਂ ਦੀ ਟੋਕਰੀ

## ਅੰਬ

ਮੇਰੇ ਕੋਲ ਹੈ
ਮਿੱਠਾ ਅੰਬ
ਹਰਾ ਤੇ ਪੀਲਾ
ਇਸ ਦਾ ਰੰਗ।
ਗੁੱਦਾ ਚੂਸਾਂ
ਆਏ ਅਨੰਦ
ਗੁਠਲੀ ਮੈਨੂੰ
ਬੜੀ ਪਸੰਦ।

## ਸੇਬ

ਲਾਲ ਤੇ ਪੀਲੇ
ਰੰਗ ਦੇ ਸੇਬ।
ਖਾਣ ਲਈ ਨਾ
ਲਾਵਾਂ ਦੇਰ।
ਚਖ ਮਾਰ ਕੇ
ਖਾਵਾਂਗੇ।
ਲਾਲੋ ਲਾਲ
ਹੋ ਜਾਵਾਂਗੇ।

## ਅੰਗੂਰ

ਸ਼ਰਬਤ ਰੰਗੇ
ਵਿਕਣ ਅੰਗੂਰ।
ਸਾਰੇ ਗੁੱਛੇ
ਰਸ ਭਰਪੂਰ।
ਖੱਟੇ ਮਿੱਠੇ
ਲਟਕਣ ਗੋਲ
ਮਿੱਠੇ ਮਿੱਠੇ
ਮੇਰੇ ਕੋਲ।

## ਸੰਤਰਾ

ਪੀਲੇ ਪੀਲੇ
ਸੰਤਰੇ ਆਏ
ਸਭ ਦਾ ਖਾਣ ਨੂੰ
ਦਿਲ ਲਲਚਾਏ।
ਰਸ ਰਸੀਲੀ
ਹਰ ਇਕ ਫਾੜੀ।
ਛਿੱਲ ਕੇ ਖਾਈਏ
ਸਾਰੇ ਆੜੀ।

## ਕੇਲਾ

ਚਿੱਤਰੀ ਕੇਲਾ
ਬੜਾ ਸੁਆਦੀ
ਖਾਣ ਨੂੰ ਦੇਵੇ
ਸਾਡੀ ਦਾਦੀ।
ਬਾਹਰੋਂ ਪੀਲਾ
ਅੰਦਰੋਂ ਚਿੱਟਾ।
ਛਿੱਲ ਕੇ ਖਾਈਏ
ਲੱਗਦਾ ਮਿੱਠਾ।

## ਅਮਰੂਦ

"ਬੜੇ ਸੁਆਦੀ
ਅਮਰੂਦ ਨੇ ਆਏ"
ਵੇਚਣ ਵਾਲਾ
ਮੁੜ ਮੁੜ ਗਾਏ।
ਅਸੀਂ ਵੀ ਲੈ ਕੇ
ਖਾਵਾਂਗੇ।
ਲੂਣ ਮਸਾਲਾ
ਲਾਵਾਂਗੇ।

## ਅਨਾਰ

ਆਓ ਵੰਡ ਕੇ
ਖਾਈਏ ਅਨਾਰ।
ਖਾਣ ਲਈ ਸਭ
ਹੋ ਜੋ ਤਿਆਰ।
ਮੋਤੀਆਂ ਵਰਗੇ
ਇਸ ਦੇ ਦਾਣੇ।
ਖਾਣੇ ਵਾਲਾ
ਹਰ ਕੋਈ ਜਾਣੇ।

## ਤਰਬੂਜ਼

ਕਿੰਨਾ ਵੱਡਾ
ਹੈ ਤਰਬੂਜ਼
ਅਸੀਂ ਖਾਵਾਂਗੇ
ਰਲ ਕੇ ਖੂਬ।
ਬਾਹਰੋਂ ਹਰਾ
ਪਿਆਜੀ ਹੈ।
ਵਿੱਚੋਂ ਲਾਲ
ਗੁਲਾਬੀ ਹੈ।

## ਬੇਰ

ਮਿੱਠੇ ਮਿਠੇ
ਆਏ ਬੇਰ,
ਰੇੜ੍ਹੀ ਉੱਤੇ
ਲੱਗਿਆ ਢੇਰ।
ਖਾ ਕੇ ਹੋ ਗਈ
ਮੇਰੀ ਬੱਸ,
ਕਿੰਨੇ ਰਹਿਗੇ
ਮੁੱਠੀ ਦੱਸ

## ਖਰਬੂਜ਼ਾ

ਪੀਲੇ ਖਰਬੂਜ਼ੇ ਉੱਤੇ
ਹਰੀਆਂ ਧਾਰੀਆਂ
ਚਾਕੂ ਨਾਲ ਚੀਰ
ਇੱਕੋ ਜਿਹੀਆਂ ਫਾੜੀਆਂ
ਫਾੜੀ ਫਾੜੀ ਵੰਡ
ਬੀਜ ਥਾਲੀ ਧਰ ਜਾ
ਖਾਈਏ ਸਾਰੇ ਬੈਠ
ਲੱਗੇ ਖੰਡ ਵਰਗਾ।

## ਪਪੀਤਾ

ਪੱਕਿਆ ਪਪੀਤਾ ਹਰਾ
ਪੀਲੇ ਰੰਗ ਦਾ
ਖਾ ਇਹਨੂੰ ਚੀਰ
ਬੈਠਾ ਕਿਉਂ ਸੰਗਦਾ?
ਮਿੱਠਾ ਭਾਵੇਂ ਘੱਟ
ਲੱਗਦਾ ਹੈ ਖਾਣ ਨੂੰ
ਦੂਰ ਕਰੇ ਰੋਗ
ਇਹ ਦੇ ਗੁਣ ਜਾਣ ਤੂੰ।

## ਅਨਾਨਾਸ

ਹਰਾ ਖੁਰਦਰਾ
ਅਨਾਨਾਸ।
ਸੁਆਦ ਏਸ ਦਾ
ਹੁੰਦਾ ਖਾਸ।
ਬਾਹਰੋਂ ਛਿੱਲ ਕੇ
ਖਾਵਾਂਗੇ।
ਨਾਲੇ ਜੂਸ
ਬਣਾਵਾਂਗੇ।

## ਚੀਕੂ

ਚੀਕੂ ਮਿੱਠਾ
ਆਲੂ ਰੰਗਾ।
ਮੈਨੂੰ ਲੱਗਦਾ
ਬੜਾ ਹੀ ਚੰਗਾ।
ਧੋ ਕੇ ਇਸ ਨੂੰ
ਖਾਵਾਂਗੇ।
ਗਿਟਕਾਂ ਦੂਰ
ਭਜਾਵਾਂਗੇ।

## ਮਾਲਟਾ

ਗੋਲ ਕੇਸਰੀ
ਮਾਲਟੇ ਮਿੱਠੇ।
ਗੇਂਦਾਂ ਵਰਗੇ
ਵਿਕਦੇ ਡਿੱਠੇ।
ਭਰੇ ਹੋਏ ਨੇ
ਰਸ ਦੇ ਨਾਲ।
ਖਾਕੇ ਹੋਈਏ
ਸੂਹੇ ਲਾਲ।

## ਮੁਸੱਮੀ

ਬਾਹਰੋਂ ਆਈ
ਮੇਰੀ ਮੰਮੀ।
ਲੈ ਕੇ ਆਈ
ਫਲ ਮੁਸੱਮੀ।
ਜੂਸ ਏਸ ਦਾ
ਹੈ ਗੁਣਕਾਰੀ।
ਪੀਵਾਂਗੇ ਸਭ
ਵਾਰੋ ਵਾਰੀ।

## ਕਿਨੂੰ

ਸੰਤਰੇ ਵਰਗੇ
ਕਿਨੂੰ ਗੋਲ
ਪੀਲੇ ਪੀਲੇ
ਮੇਰੇ ਕੋਲ।
ਰਸ ਇਨ੍ਹਾਂ 'ਚ
ਮਿੱਠਾ ਡਾਢਾ।
ਮੂੰਹ ਭਰ ਜਾਵੇ
ਚੂਸ ਕੇ ਸਾਡਾ।

## ਨਾਸ਼ਪਾਤੀ

ਅਸੀਂ ਖਾਵਾਂਗੇ
ਨਾਸ਼ਪਾਤੀ
ਇਧਰ ਉਧਰ
ਮਾਰ ਨਾ ਝਾਤੀ।
ਖੱਟਾ ਮਿੱਠਾ
ਇਸ ਦਾ ਸੁਆਦ।
ਮੁੜ ਮੁੜ ਸਾਨੂੰ
ਆਵੇ ਯਾਦ।

## ਬੱਗੂਗੋਸ਼ਾ

ਬੱਗੂਗੋਸ਼ਾ
ਫਲ ਪਹਾੜੀ
ਚੇਤੇ ਰੱਖੀਂ
ਗੱਲ ਤੂੰ ਆੜੀ।
ਨਾਸ਼ਪਾਤੀ ਦਾ
ਲੱਗੇ ਵੀਰ
ਛੇਤੀ-ਛੇਤੀ
ਫਾੜੀ ਚੀਰ।

## ਆੜੂ

ਪੀਲਾ ਤੇ ਸੰਧੂਰਾ
ਦੇਖੋ ਆੜੂ ਪੱਕਿਆ।
ਖਾ ਕੇ ਇਹ ਨੂੰ ਚਿੱਤ
ਮੇਰਾ ਨਹੀਂ ਅੱਕਿਆ।
ਲੱਗਦਾ ਸੁਆਦ
ਜਦੋਂ ਚੱਖ ਮਾਰੀਏ।
ਖਾਣ ਵੇਲੇ ਛਿੱਲ
ਕਦੇ ਨਾ ਉਤਾਰੀਏ।

## ਲੋਕਾਟ

ਝੋਲੇ ਵਿੱਚ
ਲੋਕਾਟ ਬਦਾਮੀ।
ਲੈ ਕੇ ਆਈ
ਸਾਡੀ ਮਾਮੀ।
ਛਿੱਲ ਕੇ ਖਾਈਏ
ਲੱਗਣ ਸੁਆਦ।
ਬੇਰ ਵੀ ਸਾਨੂੰ
ਆਵਣ ਯਾਦ।

## ਆਲੂਬੁਖ਼ਾਰਾ

ਆਲੂਬੁਖ਼ਾਰਾ
ਗੋਲ ਮਟੋਲ।
ਨਾਭੀ ਰੰਗ ਦਾ
ਛੇਤੀ ਤੋਲ।
ਬਾਹਰੋਂ ਲੱਗੇ
ਪਿਲ ਪਿਲ ਕਰਦਾ
ਮੂੰਹ ਸਾਡੇ ਨੂੰ
ਰਸ ਨਾਲ ਭਰਦਾ।

## ਲੀਚੀ

ਠੰਢੀ ਠੰਢੀ
ਲੀਚੀ ਆਈ
ਭੈਣ ਮੇਰੀ ਹੈ
ਛਿੱਲ ਲਿਆਈ
ਆਂਡੇ ਵਰਗੀ
ਲੱਗਦੀ ਚਿੱਟੀ
ਖੰਡ ਵਰਗੀ ਪਰ
ਖਾਣ ਨੂੰ ਮਿੱਠੀ।

## ਜਾਮਣ

ਜਾਮਨੂੰ ਵਿਕਦੇ
ਕਾਲੇ ਸ਼ਾਹ।
ਤੂੰ ਵੀ ਲੈ ਕੇ
ਤਾਜ਼ੇ ਖਾਹ।
ਜਾਮਨੂੰ ਲੂਣ
ਲਗਾ ਕੇ ਖਾਈਏ।
ਸਾਰੀ ਗਰਮੀ
ਦੂਰ ਭਜਾਈਏ।

## ਰਸਭਰੀ

ਰਸਭਰੀਆਂ ਨੇ
ਵਿਕਣ ਨੂੰ ਆਈਆਂ।
ਲੈ ਕੇ ਸਾਰਿਆਂ
ਰਲ ਮਿਲ ਖਾਈਆਂ।
ਇਸ ਦਾ ਦੂਜਾ
ਨਾਮ ਭੰਬੋਲ
ਉਪਰ ਪਰਦਾ
ਵਿੱਚੋਂ ਗੋਲ।

## ਖੁਰਮਾਨੀ

ਕੂਲੀਆਂ ਅਤੇ ਬਦਾਮੀ ਰੰਗੀਆਂ
ਖੁਰਮਾਨੀਆਂ ਨੇ ਆਈਆਂ।
ਰੇੜ੍ਹੀ ਵਾਲਾ ਹੋਕਾ ਦੇਵੇ
ਸਸਤੇ ਭਾਅ ਨੇ ਲਾਈਆਂ।
ਕਿੰਨੀ ਸੁਹਣੀ ਫਲਾਂ ਦੀ ਟੋਕਰੀ
ਆਓ ਰਲ ਮਿਲ ਖਾਈਏ
ਜੋਟੀਆਂ ਬੰਨ੍ਹ ਕੇ ਨਾਲ ਖੁਸ਼ੀ ਦੇ
ਗੀਤ ਫਲਾਂ ਦੇ ਗਾਈਏ।

* * * *

# ਪੀਂਘ ਹੁਲਾਰੇ

## ਸੁਣ ਤਿਤਲੀਏ

ਸੁਣ ਤਿਤਲੀਏ ਨੀਂ ਰੰਗ ਚਿਤਰੀਏ ਨੀਂ,
ਤੂੰ ਸੁਹਣੀ ਏਂ ਮਨ-ਮੁਹਣੀ ਏਂ।

ਤੇਰੀਆਂ ਰੇਸ਼ਮ ਵਰਗੀਆਂ ਖੰਭੜੀਆਂ
ਜਿਉਂ ਧੁੱਪੇ ਲਿਸ਼ਕਣ ਵੰਗੜੀਆਂ।

ਤੇਰਾ ਫੁੱਲਾਂ ਦੇ ਸੰਗ ਪਿਆਰ ਬੜਾ,
ਤੂੰ ਉੱਡ ਜਾਵੇਂ ਮੈਂ ਰਹਾਂ ਖੜਾ।
ਸੁਣ ਤਿਤਲੀਏ ਨੀਂ ਰੰਗ ਚਿਤਰੀਏ ਨੀਂ॥

## ਭੈਣ ਭਰਾ

ਅਬਲੂ ਬਬਲੂ ਭੈਣ ਭਰਾ
ਦੋਵਾਂ ਨੂੰ ਖੇਡਣ ਦਾ ਚਾਅ।

ਬਬਲੂ ਵੱਡਾ ਅਬਲੂ ਛੋਟੀ
ਰਲ ਮਿਲ ਬਹਿਕੇ ਖਾਵਣ ਰੋਟੀ।

ਅਬਲੂ ਆਖੇ ਸੁਣ ਤੂੰ ਵੀਰ
ਚਮਚੇ ਦੇ ਨਾਲ ਖਾਈਏ ਖੀਰ।

## ਬਹਾਰ ਦੇ ਰੰਗ

ਹਰੇ ਹਰੇ ਪੱਤਿਆਂ ਨੂੰ ਕਰੀਏ ਪਿਆਰ,
ਫੁੱਲਾਂ ਦੀ ਪਟਾਰੀ ਲੈ ਕੇ ਆਈ ਏ ਬਹਾਰ।

ਟਹਿਣੀ ਨਾਲ ਲੱਗੇ ਫੁੱਲ ਮਹਿਕਾਂ ਵੰਡਦੇ,
ਖਿੜ-ਖਿੜ ਹੱਸਣ ਅਨੇਕ ਰੰਗ ਦੇ।

ਰੁੱਖਾਂ ਦੀਆਂ ਟਹਿਣੀਆਂ 'ਤੇ ਪੰਛੀ ਚਹਿਕਦੇ,
ਫੁੱਲਾਂ ਦੀ ਸੁਗੰਧੀ ਨਾਲ ਬਾਗ ਮਹਿਕਦੇ।

ਆਲਾ ਦੁਆਲਾ ਖਿੜਿਆ ਚੰਗੇਰਾ ਲੱਗਦਾ,
ਘਰ, ਵਿਹੜਾ ਸੁਹਣਾ ਫੁੱਲਾਂ ਨਾਲ ਸੱਜਦਾ।

## ਜਾਗੋ

ਇੱਕਤ ਦੁੱਕੜ
ਇੱਕੜ ਦੁੱਕੜ,

ਜਾਗੋ ਬੱਚਿਓ
ਆਖੇ ਕੁੱਕੜ।

ਨਿੱਤ ਨਹਾ ਕੇ
ਕੱਪੜੇ ਪਾਈਏ,

ਫੇਰ ਸਕੂਲੇ
ਪੜ੍ਹਨੇ ਜਾਈਏ।

## ਮਾਮਾ ਜੀ ਆਏ

ਆ ਹਾ ਜੀ ਮਾਮਾ ਜੀ ਆਏ,
ਝੋਲੇ ਵਿੱਚ ਅਮਰੂਦ ਲਿਆਏ।

ਚੱਕ ਮਾਰ ਕੇ ਖਾਵਾਂਗੇ,
ਟੱਪਾਂਗੇ ਤੇ ਗਾਵਾਂਗੇ।
ਆ ਹਾ ਜੀ ਮਾਮਾ ਜੀ ਆਏ।

ਗੋਦੀ ਚੁੱਕ ਖਿਡਾਵਣਗੇ,
ਰਾਤੀਂ ਬਾਤ ਸੁਣਾਵਣਗੇ।
ਆ ਹਾ ਜੀ ਮਾਮਾ ਜੀ ਆਏ!!

## ਘੁੱਗੀ

ਘੁੱਗੀਏ ਨੀਂ ਲੱਕ ਟਣੂੰ-ਟਣੂੰ
ਬੈਠੀ ਗਾਵੇ ਘੁੱਗੂ-ਘੂੰ।

ਕੂਲੇ ਕੂਲੇ ਤੇਰੇ ਖੰਭ
ਸੁਹਣਾ ਲੱਗੇ ਤੇਰਾ ਰੰਗ।

ਦਾਣਾ ਦਾਣਾ ਚੁਗਦੀ ਤੂੰ,
ਫੁਰ-ਫੁਰ ਕਰਕੇ ਉਡਦੀ ਤੂੰ।

ਘੁੱਗੀਏ ਨੀਂ ਲੱਕ ਟਣੂੰ-ਟਣੂੰ!
ਬੈਠੀ ਗਾਵੇ ਘੁੱਗੂ-ਘੂੰ।

## ਦੋਧ

ਗਲੀ ਅਸਾਡੀ ਦੋਧੀ ਆਇਆ,
ਢੋਲਾਂ ਦੇ ਵਿੱਚ ਦੁੱਧ ਲਿਆਇਆ।

ਤਾਜ਼ਾ ਤਾਜ਼ਾ ਦੁੱਧ ਲਿਆਇਆ,
ਚਿੱਟਾ ਚਿੱਟਾ ਦੁੱਧ ਲਿਆਇਆ।

ਦੋਧੀ ਆਖੇ ਦੁੱਧ ਲਵੋ,
ਬੂਹਾ ਖੋਲ੍ਹੋ ਦੁੱਧ ਲਵੋ।

ਮੰਮੀ ਮੈਂ ਵੀ ਦੁੱਧੂ ਪੀਣਾ,
ਦਈਂ ਗਲਾਸੀ ਦੁੱਧੂ ਪੀਣਾ।

## ਪਿੰਡ ਦਾ ਟੋਭਾ

ਸਾਉਣ ਮਹੀਨੇ ਬੱਦਲ ਵਰ੍ਹਿਆ
ਸਾਡੇ ਪਿੰਡ ਦਾ ਟੋਭਾ ਭਰਿਆ।

ਮੱਛੀਆਂ ਦੇਖੋ ਤਾਰੀਆਂ ਲਾਵਣ
ਉੱਤੇ ਆਵਣ ਥੱਲੇ ਜਾਵਣ।

ਕੱਛੂ ਵੇਖੋ ਗੋਤੇ ਲਾਉਂਦਾ
ਸਿਰੀ ਕੱਢ ਕੇ ਮਨ ਪਰਚਾਉਂਦਾ।

ਡੱਡੂ ਡੱਡੀਆਂ ਗੱਲਾਂ ਕਰਦੇ
ਕੰਢੇ 'ਤੇ ਬਹਿ ਟਰੈਂ-ਟਰੈਂ ਕਰਦੇ।

ਔਹ ਬਤਖ਼ਾਂ ਦਾ ਜੋੜਾ ਤਰਦਾ,
ਚੁੰਝ-ਚੋਚਲੇ ਵੇਖੋ ਕਰਦਾ।

## ਗੱਡੀ ਦਾ ਝੂਟਾ

ਇੱਕ ਝੂਟਾ ਗੱਡੀ ਦਾ ਅੰਮੀਂ ਮੈਂ ਲੈਣਾ ਏਂ
ਮਾਰ ਛੜੱਪਾ ਮੈਂ ਜਾ ਇਸ 'ਤੇ ਬਹਿਣਾ ਏਂ।
ਮੇਲੇ ਦੇ ਵਿਚੋਂ ਮੈਂ ਹੋਰ ਕੁਝ ਨਾ ਲੈਣਾ ਏਂ।

ਜਦ ਇੰਜਣ ਭੱਜਦਾ ਏ ਮੈਨੂੰ ਚੰਗਾ ਲਗਦਾ ਏ,
ਡੱਬਿਆਂ ਦੀ ਖੜ-ਖੜ ਵੇ ਕਹਿੰਦੀ ਏ ਚੜ੍ਹ ਜਾ ਵੇ।

ਗੱਡੀ 'ਤੇ ਚੜ੍ਹਕੇ ਮੈਂ ਤੈਨੂੰ ਟਾ-ਟਾ ਕਹਿਣਾ ਏਂ।
ਇੱਕ ਝੂਟਾ ਗੱਡੀ ਦਾ ਅੰਮੀਂ ਮੈਂ ਲੈਣਾ ਏਂ!!

## ਧੁੱਪ

ਵਿਹੜੇ ਦੇ ਵਿਚ ਧੁੱਪ ਖਿੜੀ
ਚੀਂ-ਚੀਂ ਕਰਦੀ ਫਿਰੇ ਚਿੜੀ।

ਧੁੱਪ ਨੂੰ ਤੱਕ ਕੇ ਫੁੱਲ ਹੱਸੇ
ਧੁੱਪ ਚੜ੍ਹੇ ਤੇ ਤ੍ਰੇਲ ਨੱਸੇ।

ਚਾਨਣ- ਚਾਨਣ ਹੋ ਜਾਏ ਵਿਹੜਾ
ਘਰ ਘਰ ਵੰਡੇ ਖੁਸ਼ੀਆਂ ਖੇੜਾ।

ਸੱਤ ਰੰਗਾਂ ਦੀ ਜਾਈ ਧੁੱਪ
ਮਲਕ ਮਲੱਕੜੇ ਆਉਂਦੀ ਧੁੱਪ।

ਕੋਸੀ ਕੋਸੀ ਇਸ ਦੀ ਛੋਹ
ਸਭ ਨੂੰ ਕਰਦੀ ਪੂਰਾ ਮੋਹ।

## ਪਰੀਆਂ ਦਾ ਗੀਤ

ਪਰੀਆਂ ਬਣਕੇ ਆਓ ਨੱਚੀਏ
ਚਮਕ-ਚਮਕ ਕੇ ਛਮ ਛਮ ਛਮ।

ਵਾਲਾਂ ਦੇ ਵਿਚ ਰਿਬਨ ਟੰਗੀਏ
ਘੁੰਗਰੂ ਪੈਰੀਂ ਛਣਕਣ ਛਨ ਛਨ।

ਬਾਹਵਾਂ ਦੇ ਵਿੱਚ ਵੰਗਾਂ ਪਾਈਏ
ਛਣਕਣ ਲਿਸ਼ਕਣ ਛਣ-ਛਣ-ਛਣ।

ਰੰਗ-ਬਰੰਗੀਆਂ ਪਹਿਨ ਫਰਾਕਾਂ
ਨੱਚੀਏ ਟੱਪੀਏ ਝਮ-ਝਮ-ਝਮ।

ਪਰੀਆਂ ਬਣਕੇ ਆਓ ਨੱਚੀਏ
ਵਿੱਚ ਆਕਾਸ਼ਾਂ ਉਡੀਏ ਹਰ-ਦਮ।

## ਪੀਂਘ

ਪੀਂਘ ਪਈ ਸਤਰੰਗੀ ਏ
ਸੁਹਣੀ ਰੰਗ-ਬਰੰਗੀ ਏ।

ਕਿਣ-ਮਿਣ ਕਾਣੀ ਹੋਵੇਗੀ
ਗਿਦੜੀ ਕਪੜੇ ਧੋਵੇਗੀ।

ਗਿੱਦੜ ਖਿੜ-ਖਿੜ ਹੱਸੇਗਾ
ਬੱਦਲ ਛਮ-ਛਮ ਵੱਸੇਗਾ।

ਖੀਰ ਤੇ ਪੂੜੇ ਖਾਵਾਂਗੇ
ਰਲ ਮਿਲ ਖੁਸ਼ੀ ਮਨਾਵਾਂਗੇ।

## ਰੋਟੀ ਮੱਕੀ ਦੀ

ਮੈਨੂੰ ਲਗਦੀ ਬੜੀ ਸੁਆਦ
ਰੋਟੀ ਮੱਕੀ ਦੀ
ਮੈਂ ਖਾਵਾਂ ਸਾਗ ਦੇ ਨਾਲ
ਰੋਟੀ ਮੱਕੀ ਦੀ।

ਮੰਮੀ ਮੇਰੀ ਰੋਟੀ ਪਕਾਈ
ਪੀਲੀ ਪੀਲੀ ਗੋਲ ਬਣਾਈ
ਤਵੇ ਦੇ ਉੱਤੇ ਪੱਕੀ ਜੀ
ਵਾਹਵਾ ਰੋਟੀ ਮੱਕੀ ਦੀ।

ਮੰਮੀ ਸਾਗ 'ਚ ਮੱਖਣ ਪਾ ਦੇ
ਰੋਟੀ ਉੱਤੇ ਘਿਓ ਵੀ ਲਾ ਦੇ
ਨਾਲ ਪੀਵਾਂ ਮੈਂ ਲੱਸੀ ਜੀ
ਵਾਹਵਾ ਰੋਟੀ ਮੱਕੀ ਦੀ।

## ਬੱਦਲ ਆੜੀ

ਬੱਦਲਾ ਬੱਦਲਾ ਮੀਂਹ ਵਰ੍ਹਾ
ਗਰਮੀ ਲਗਦੀ ਦੂਰ ਭਜਾ।

ਕਿਉਂ ਰੁੱਠਿਆ ਤੂੰ ਲਗਦਾ ਏਂ
ਮੇਰਾ ਆੜੀ ਬਣਕੇ ਆ।

ਕੋਠੇ ਚੜ੍ਹ ਮੈਂ ਹਾਕਾਂ ਮਾਰਾਂ
ਮੇਰੀ ਗੱਲ ਤੂੰ ਮੰਨ ਵੀ ਜਾ।

ਵੇਖ ਮੈਂ ਪੱਲਾ ਅੱਡਿਆ ਹੋਇਆ
ਮੇਰੀ ਝੋਲੀ ਕਿਣੀਆਂ ਪਾ।

ਬੱਦਲਾ ਬੱਦਲਾ ਮੀਂਹ ਵਰ੍ਹਾ
ਗਰਮੀ ਲਗਦੀ ਦੂਰ ਭਜਾ।

## ਤ੍ਰੇਲ ਤੁਪਕੇ

ਨਿੱਕੇ ਨਿੱਕੇ ਤ੍ਰੇਲ ਦੇ ਤੁਪਕੇ
ਚੱਲ ਕੇ ਆਏ ਚੁਪਕੇ ਚੁਪਕੇ।

ਇੱਕੋ ਜਿਹੇ ਲੱਗਣ ਸਾਰੇ
ਚਿੱਟੇ ਮੋਤੀ ਜਿਉਂ ਖਲਾਰੇ।

ਫੁੱਲਾਂ ਉੱਤੇ ਪਏ ਮੁਸਕਾਵਣ
ਹੱਥ ਲਗਾਇਆਂ ਹੀ ਰੁੱਸ ਜਾਵਣ।

ਧੁੱਪ ਤੋਂ ਆਵੇ ਇਨ੍ਹਾਂ ਨੂੰ ਲੱਜ
ਸੂਰਜ ਚੜ੍ਹੇ ਤਾਂ ਜਾਵਣ ਭੱਜ।

## ਨਦੀਏ ਨੀਂ

ਨਦੀਏ ਨੀਂ ਨਦੀਏ, ਪਾਣੀ ਨਾਲ ਭਰੀਏ
ਛਾਲਾਂ ਮਾਰ ਕੇ ਤੈਨੂੰ ਤਰੀਏ।

ਤੇਰਾ ਨਿਰਮਲ ਠੰਢੜਾ ਪਾਣੀ
ਸਾਡੀ ਇਸ ਨੇ ਗਰਮੀ ਲਾਹੁਣੀ।

ਤੇਰਾ ਪਾਣੀ ਬੁਕੀਂ ਭਰੀਏ
ਨਦੀਏ ਨੀਂ ਨਦੀਏ, ਪਾਣੀ ਨਾਲ ਭਰੀਏ।

ਰਾਤ ਦਿਨੇਂ ਤੂੰ ਵਗਦੀ ਰਹਿੰਦੀ
ਸਾਨੂੰ ਲਗਦੀ ਗੀਤ ਤੂੰ ਕਹਿੰਦੀ।

ਜੀਅ ਲੋਚੇ ਆ ਗੱਲਾਂ ਕਰੀਏ
ਨਦੀਏ ਨੀ ਨਦੀਏ, ਪਾਣੀ ਨਾਲ ਭਰੀਏ।

## ਮੇਰੇ ਆੜੀ

ਬਿੱਲੀ ਕਰਦੀ ਮਿਆਊਂ ਮਿਆਊਂ
ਦੁੱਧ ਮਲਾਈ ਚੱਪ ਚੱਪ ਖਾਊਂ।

ਡਬੂ ਕੁੱਤਾ ਬੜਾ ਹੁਸ਼ਿਆਰ
ਪੂਛ ਹਿਲਾ ਕੇ ਕਰੇ ਪਿਆਰ।

ਚੀਂ-ਚੀਂ ਕਰਦੀ ਚਿੜੀ ਪਿਆਰੀ
ਉੱਡ ਜਾਵੇ ਝੱਟ ਮਾਰ ਉਡਾਰੀ।

ਕਿਆਊਂ-ਕਿਆਊਂ ਕਰਦਾ ਮੋਰ
ਤੱਕ ਘਟਾਵਾਂ ਪਾਵੇ ਸ਼ੋਰ।

ਤੋਤਾ ਮੇਰਾ ਬਣ ਗਿਆ ਆੜੀ,
ਠੂੰਗਾਂ ਮਾਰ ਕੇ ਖਾਵੇ ਫਾੜੀ।

## ਮੋਮਬੱਤੀ

ਮੋਮਬੱਤੀਏ ਨੀਂ
ਤੈਨੂੰ ਬਾਲਕੇ ਰੱਖੀਏ ਨੀਂ।

ਤੂੰ ਬਲੇਂ ਤਾਂ ਚਾਨਣ ਹੋ ਜਾਏ,
ਝੱਟ ਨੇਰ੍ਹਾ ਦੂਰ ਖਲੋ ਜਾਵੇ।
ਤੈਨੂੰ ਤਕੀਏ ਨੀਂ ਮੋਮਬੱਤੀਏ ਨੀਂ

ਤੂੰ ਗਿੱਠ ਕੁ ਜਿੰਨੀ ਲੰਮੀ ਏਂ
ਤੂੰ ਸੁਹਣੀ ਲੰਮੀ-ਸਲੰਮੀ ਏਂ
ਤੇਰਾ ਮੋਮ ਥੱਲੇ ਤੋਂ ਚੱਕੀਏ ਨੀਂ
ਤੈਨੂੰ ਤੱਕੀਏ ਨੀਂ ਮੋਮਬੱਤੀਏ ਨੀਂ!!

## ਹੋਲੀ

ਰੰਗਾਂ ਦਾ ਤਿਓਹਾਰ
ਹੋਲੀ ਆਈ ਏ,
ਖਿੜ ਗਈ ਰੁੱਤ ਬਹਾਰ
ਹੋਲੀ ਆਈ ਏ।

ਆਓ ਖੇਡੀਓ ਹੋਲੀ ਰਲ ਕੇ,
ਰੰਗ, ਗੁਲਾਲ ਦੂਜੇ 'ਤੇ ਮਲ ਕੇ।
ਸਭਨਾ ਖੁਸ਼ੀ ਮਨਾਈ ਏ
ਵਾਹਵਾ ਹੋਲੀ ਆਈ ਏ।

ਵੱਖੋ ਵੱਖਰੇ ਰੰਗ ਘੋਲੀਏ
ਭਰ ਪਿਚਕਾਰੀ ਰੰਗ ਡੋਲ੍ਹੀਏ।
ਦੇਖੋ ਟੋਲੀ ਧਾਈ ਏ,
ਵਾਹਵਾ ਹੋਲੀ ਆਈ ਏ।

## ਭੰਬੀਰੀਏ

ਉੱਡ ਨੀਂ ਭੰਬੀਰੀਏ ਮੈਨੂੰ ਵੀ ਉਡਾਅ
ਅੰਬਰਾਂ ਦੇ ਤਾਰੇ ਮੈਨੂੰ ਤੋੜ ਕੇ ਲਿਆ।

ਆਪਣੇ ਜਿਹੀਆਂ ਖੰਭੜੀਆਂ ਮੈਨੂੰ ਵੀ ਲਗਾਅ
ਉੱਡਣੇ ਦਾ ਤੇਰੇ ਵਾਂਗ ਮੈਨੂੰ ਬੜਾ ਚਾਅ।

ਆ ਦੋਵੇਂ ਉੱਡੀਏ ਉੱਚੇ ਉੱਚੇ ਜਾਅ
ਕਿੰਨੀ ਸੁਹਣੀ ਲੱਗਦੀ ਏ ਠੰਢੀ ਠੰਢੀ ਵਾਅ।

ਉੱਡ ਨੀਂ ਭੰਬੀਰੀਏ
ਮੈਨੂੰ ਵੀ ਉਡਾਅ

## ਅਸੀਂ ਨਿਆਣੇ

ਸਾਡੀ ਮੁੱਠੀ ਵਿੱਚ ਦਾਣੇ
ਅਸੀਂ ਬਾਲ ਹਾਂ ਨਿਆਣੇ
ਕਰੀਏ ਹੋ-ਹੋ-ਹੋ।

ਸਾਡੇ ਪੱਲਿਆਂ 'ਚ ਬੀਜ
ਸਾਡੀ ਪੂਰੀ ਹੋਵੇ ਰੀਝ
ਕਰੀਏ ਹੋ-ਹੋ-ਹੋ।

ਸਾਡੇ ਮੋਢਿਆਂ 'ਤੇ ਧੁੱਪ
ਹੋਵੇ ਦੂਰ ਨ੍ਹੇਰ-ਘੁੱਪ
ਕਰੀਏ ਹੋ-ਹੋ-ਹੋ।

ਸਾਡੇ ਪੈਰਾਂ ਹੇਠ ਧਰਤ
ਉੱਤੇ ਤਾਰਿਆਂ ਦੀ ਜੜਤ
ਕਰੀਏ ਹੋ-ਹੋ-ਹੋ।

ਸਾਡੇ ਹੱਥਾਂ ਵਿੱਚ ਫੁੱਲ
ਸਾਡੇ ਗਾਉਂਦੇ ਰਹਿਣ ਬੁੱਲ੍ਹ
ਕਰੀਏ ਹੋ-ਹੋ-ਹੋ।

ਸਾਡੇ ਦਿਲਾਂ 'ਚ ਪਿਆਰ
ਬੰਨ੍ਹ ਖੇਡੀਏ ਕਤਾਰ
ਕਰੀਏ ਹੋ-ਹੋ-ਹੋ।

## ਖੇਡਣ ਦੀ ਸ਼ਾਮ

ਗੀਤਾਂ ਦੀਆਂ ਗਾਨੀਆਂ ਨੂੰ
ਪਾ ਕੇ ਨੱਚੀਏ
ਫੁੱਲਾਂ ਵਾਂਗ ਖਿੜ-ਖਿੜ
ਸਾਰੇ ਹੱਸੀਏ।

ਛੂਹਣ ਤੇ ਛਣੀਕਾ
ਪਹਿਲਾਂ ਸ਼ੁਰੂ ਕਰੀਏ
ਦਾਈ ਦੇਣ ਲਈ
ਪਹਿਲਾਂ ਹਾਂ ਭਰੀਏ।

ਹੋ ਕੇ ਇਕੱਠੇ
ਇੱਕ ਘੇਰਾ ਤਾਣੀਏ
ਖੇਡਣੇ ਦੀ ਸ਼ਾਮ
ਆਓ ਸਾਰੇ ਮਾਣੀਏ।

ਬੰਨ੍ਹ-ਬੰਨ੍ਹ ਟੋਲੀਆਂ
ਧਮਾਲਾਂ ਪਾ ਦਈਏ
ਰੁੱਠੇ ਹੋਏ ਆੜੀਆਂ ਨੂੰ
ਗਲੇ ਲਾ ਲਈਏ।

ਖੇਡ ਲਏ ਬਥੇਰਾ
ਰਾਤ ਹੋ ਚੱਲੀ ਏ
ਕੱਲ੍ਹ ਫੇਰ ਆਉਣਾ
ਹੁਣ ਘਰ ਚੱਲੀਏ।

* * * *

# ਮਿਸ਼ਰੀ ਦੀਆਂ ਡਲੀਆਂ

## ਮਿਸ਼ਰੀ ਦੀਆਂ ਡਲੀਆਂ

ਗੁੜ, ਸ਼ੱਕਰ, ਬੂਰਾ, ਚੀਨੀ ਅਤੇ ਖੰਡ,
ਮਿੱਠੇ-ਮਿੱਠੇ ਕਿੰਨੇ ਆਪਾਂ ਸਾਰੇ ਖਾਈਏ ਵੰਡ।

ਪਤਾਸੇ, ਕੂਜੇ, ਬਿਸਕੁਟ, ਖਿੱਲਾਂ ਤੇ ਪਕੌੜੀਆਂ,
ਖਾਣ ਲਈ ਟੋਲੀਆਂ ਆਈਆਂ ਝੱਟ ਦੌੜੀਆਂ।

ਸ਼ਕਰਪਾਰੇ, ਗੁਲਗੁਲੇ, ਪਰੌਂਠੇ, ਪਿੰਨੀਆਂ ਨੇ ਤਿਆਰ,
ਆਓ ਖਾਈਏ ਮਖਾਣੇ ਮਿੱਠੇ ਸਾਰੇ ਬੈਠ ਕੇ ਕਤਾਰ।

ਗੱਚਕ, ਭੁੱਗਾ, ਲੈਚੀਦਾਨਾ ਤੇ ਰਿਓੜੀਆਂ,
ਕਿੰਨੀਆਂ ਚੰਗੀਆਂ ਲੱਗਣ ਧੀਆਂ ਦੀਆਂ ਲੋਹੜੀਆਂ।

ਕੁਲਫ਼ੀ, ਮੁਰਮੁਰੇ, ਪੂੜੇ, ਮਿੱਠੀ ਖਾਈਏ ਖੀਰ,
ਮਿਸਰੀ ਦੀਆਂ ਡਲੀਆਂ ਖਾਂਦੇ ਭੈਣ ਅਤੇ ਵੀਰ।

## ਗੁੜ

ਕਿੰਨਾ ਮਿੱਠਾ ਗੁੜ ਹੈ ਸੁਆਦੀ
ਖਾਓ ਬੱਚਿਓ ਕਹਿੰਦੀ ਦਾਦੀ।

ਰਸ ਗੰਨੇ ਤੋਂ ਬਣਿਆ ਗੁੜ,
ਚਿੱਤ ਕਰੇ ਖਾਈਏ ਮੁੜ-ਮੁੜ।

ਮਾਮਾ ਲਿਆਇਆ ਗੁੜ ਦੀ ਭੇਲੀ,
ਖਾਵਾਂਗੇ ਸਭ ਮਿੱਤਰ-ਬੇਲੀ।

## ਮਖਾਣੇ

ਮਿੱਠੇ-ਮਿੱਠੇ ਮਖਾਣੇ,
ਅਸੀਂ ਲੈ ਕੇ ਖਾਣੇ।

ਮਿਸਰੀ ਵਰਗੇ ਮਿੱਠੇ ਨੇ,
ਦੇਖੋ ਰੂੰ ਵਰਗੇ ਚਿੱਟੇ ਨੇ।

ਚੱਬ-ਚੱਬ ਖਾਵਾਂਗੇ,
ਭਜਾਂਗੇ ਤੇ ਗਾਵਾਂਗੇ।

ਮੁੱਠੀ ਭਰ ਲਵਾਂਗੇ,
ਦਾਦੀ-ਮਾਂ ਨੂੰ ਦਵਾਂਗੇ।

## ਸ਼ੱਕਰ

ਸ਼ੱਕਰ ਮਿੱਠੀ ਭੂਰੀ-ਭੂਰੀ,
ਮਾਂ ਮੇਰੀ ਨੇ ਕੁੱਟੀ ਚੂਰੀ।

ਸ਼ੱਕਰ ਖਾਈਏ ਘਿਓ ਦੇ ਨਾਲ,
ਬਣ ਜਾਂਦੀ ਹੈ ਸਿਹਤ ਕਮਾਲ।

ਸ਼ੱਕਰ ਵੰਡੀਏ ਸਾਂਝ ਵਧਾਈਏ,
ਆਓ ਗੀਤ ਖ਼ੁਸ਼ੀ ਦੇ ਗਾਈਏ।

## ਖੰਡ

ਮਿੱਠੀ-ਮਿੱਠੀ ਚਿੱਟੀ ਖੰਡ,
ਰਲ-ਮਿਲ ਖਾਈਏ ਸਾਰੇ ਵੰਡ।

ਜਿਸ ਵਿੱਚ ਘੁਲਦੀ ਮਿੱਠਾ ਕਰਦੀ,
ਚੀਜ਼ਾਂ ਵਿੱਚ ਮਿਠਾਸ ਹੈ ਭਰਦੀ।

ਮਿੱਠਾ-ਬੋਲਣ ਦੀ ਆਦਤ ਪਾਈਏ,
ਮਾਂ-ਬੋਲੀ ਤੋਂ ਸਦਕੇ ਜਾਈਏ।

## ਬੂਰਾ

ਨਰਮ-ਨਰਮ ਮਿੱਠਾ ਹੈ ਬੂਰਾ,
ਚਿੱਟਾ-ਚਿੱਟਾ, ਨਹੀਂ ਹੁੰਦਾ ਭੂਰਾ।

ਚਾਵਲ ਖਾਈਏ ਬੂਰੇ ਨਾਲ,
ਦਾਦੀ ਭਰ ਕੇ ਲਿਆਈ ਥਾਲ।

ਬੂਰਾ ਖਾ ਮਿੱਠੇ ਹੋ ਜਾਈਏ,
ਦੂਜਿਆਂ ਨੂੰ ਇਹ ਗੱਲ ਸਮਝਾਈਏ।

## ਚੀਨੀ

ਚਿੱਟੀ-ਚਿੱਟੀ ਚੀਨੀ ਡਿੱਠੀ,
ਖਾ ਕੇ ਜੀਭ ਹੋ ਜਾਂਦੀ ਮਿੱਠੀ।

ਚਾਹ ਦੁੱਧ 'ਚ ਜਦ ਮੈਂ ਘੋਲਾਂ,
ਮਿੱਠੇ-ਮਿੱਠੇ ਬੋਲ ਮੈਂ ਬੋਲਾਂ।

ਖੰਡ, ਬੂਰੇ ਦੀ ਲਗਦੀ ਭੈਣ,
ਚੱਖਣ ਸਾਰੇ ਇਹੋ ਕਹਿਣ।

## ਪਤਾਸਾ

ਬਰਫ਼ ਵਰਗਾ ਚਿੱਟਾ ਪਤਾਸਾ,
ਚੰਗਾ ਹੁੰਦਾ ਹੱਸਣਾ ਹਾਸਾ।

ਰੂੰ ਦਾ ਫੰਬਾ ਲਗਦਾ ਗੋਲ,
ਵੰਡ ਕੇ ਖਾਈਏ ਆ ਜਾ ਕੋਲ।

ਲਫ਼ਾਫਾ ਭਰ ਕੇ ਖਾਵਾਂਗੇ,
ਫਿਰ ਪੜ੍ਹਨ ਸਕੂਲੇ ਜਾਵਾਂਗੇ।

## ਪਿੰਨੀਆਂ

ਪਿੰਨੀਆਂ ਲਿਆਈ ਨਾਨੀ-ਮਾਂ,
ਸਾਂਭ ਕੇ ਰੱਖੀਏ ਚੰਗੀ ਥਾਂ।

ਖਸ-ਖਸ, ਦਾਖਾਂ ਪਾਈਆਂ ਨੇ,
ਵੱਟ ਕੇ ਗੋਲ ਬਣਾਈਆਂ ਨੇ।

ਦੇਸੀ ਘੀ ਵੀ ਪਾਇਆ ਹੈ,
ਖੋਆ ਖ਼ੂਬ ਰਲਾਇਆ ਹੈ।

ਪਿੰਨੀਆਂ ਰਾਤੀਂ ਖਾਵਾਂਗੇ
ਨਾਨੀ ਦੇ ਗੁਣ ਗਾਵਾਂਗੇ।

## ਬਿਸਕੁਟ

ਮਿੱਠੇ-ਮਿੱਠੇ ਬਿਸਕੁਟ ਗੋਲ,
ਦੇਖੋ ਕਿੰਨੇ ਮੇਰੇ ਕੋਲ।

ਕਿੰਨੀ ਕਿਸਮ ਦੇ ਦੇਖੋ ਆਏ,
ਪੈਕਟਾਂ ਦੇ ਵਿੱਚ ਖ਼ੂਬ ਸਜਾਏ।

ਕੁਝ ਮਿੱਠੇ ਕੁੱਝ ਨਮਕੀਨ ਸੁਆਦੀ,
ਮੈਂ ਤਾਂ ਦੋਵੇਂ ਖਾਣ ਦਾ ਆਦੀ।

ਡਬੋ ਕੇ ਦੁੱਧ 'ਚ ਖਾਵਾਂਗਾ,
ਖੇਡਣ ਫੇਰ ਮੈਂ ਜਾਵਾਂਗਾ।

## ਮਿਸਰੀ

ਕਿੰਨੀਆਂ ਮਿਠੀਆਂ ਮਿਸਰੀ ਦੀਆਂ ਡਲੀਆਂ,
ਲੈਣੀਆਂ ਜੇ ਤਾਂ ਖੋਲ੍ਹੋ ਤਲੀਆਂ।

ਦੂਰੋਂ ਬਰਫ਼ ਚਿੱਟੀਆਂ ਲੱਗਣ,
ਸ਼ੀਸ਼ੇ ਦੀਆਂ ਟੁਕੜੀਆਂ ਫੱਬਣ।

ਮਿਸਰੀ ਚੂਸ ਸੁਆਦ ਹੈ ਆਉਂਦਾ,
ਮੈਨੂੰ ਮਿੱਠਾ ਗੀਤ ਹੈ ਭਾਉਂਦਾ।

## ਖੀਰ

ਦੁੱਧ-ਚੌਲਾਂ ਦੀ ਬਣੀ ਹੈ ਖੀਰ,
ਭੈਣ ਆਖਦੀ ਖਾ ਲੈ ਵੀਰ।

ਮਿੱਠੀ-ਮਿੱਠੀ ਖੰਡ ਹੈ ਪਾਈ,
ਇਉਂ ਲੱਗੇ ਜਿਉਂ ਰਸ-ਮਲਾਈ।

ਗਿਰੀ-ਛੁਆਰੇ ਪਾਈਆਂ ਦਾਖਾਂ,
ਚਮਚੇ ਨਾਲ ਤੂੰ ਖਾ ਲੈ ਆਖਾਂ।

ਖੀਰ ਪੂੜੇ ਦੀ ਸਾਂਝ ਪਿਆਰੀ,
ਆਓ ਖਾਈਏ ਵਾਰੋ-ਵਾਰੀ।

## ਕੂਜੇ

ਦਿਉੜਿਆਂ ਵਰਗੇ ਕੂਜੇ ਮਿੱਠੇ,
ਹੱਟੀ ਉੱਤੇ ਵਿਕਦੇ ਡਿੱਠੇ।

ਚੀਨੀ ਤੋਂ ਹੁੰਦੇ ਨੇ ਤਿਆਰ,
ਮੰਮੀ ਲੈਣ ਗਈ ਬਜ਼ਾਰ।

ਵਿਆਹ 'ਚ ਸ਼ਗਨ ਮਨਾਵਾਂਗੇ,
ਭੰਨਾਗੇ ਤੇ ਖਾਵਾਂਗੇ।

## ਕੁਲਫੀ

ਕੁਲਫੀ ਹੁੰਦੀ ਠੰਢੀ ਠਾਰ,
ਬਰਫ਼-ਦੁੱਧ ਤੋਂ ਹੁੰਦੀ ਤਿਆਰ।

ਠੰਢੀ ਮਿੱਠੀ ਬਹੁਤ ਸੁਆਦ,
ਜਿਹੜਾ ਖਾਵੇ ਰੱਖੇ ਯਾਦ।

ਮੂੰਹ 'ਚ ਝਟ ਪਿੰਘਲ ਹੈ ਜਾਂਦੀ,
ਦੇਖੋ ਦਾਦੀ-ਮਾਂ ਵੀ ਖਾਂਦੀ।

## ਸ਼ਕਰਪਾਰੇ

ਬੜੇ ਸੁਆਦੀ ਸ਼ਕਰਪਾਰੇ,
ਜੀਅ ਚਾਹੇ ਖਾ ਜਾਵਾਂ ਸਾਰੇ।

ਥਾਲੀ ਵਿੱਚ ਸਜਾਏ ਮੰਮੀ,
ਸਭ ਨੂੰ ਵੰਡਦੇ ਭੈਣੇ ਪੰਮੀ।

ਖੰਡ, ਮੈਦਾ ਤੇ ਘੀ ਦੇ ਨਾਲ,
ਬਣਦੇ ਪੋਲੇ ਬਹੁਤ ਕਮਾਲ।

## ਗੁਲਗੁਲੇ

ਕਿਣਮਿਣ-ਕਿਣਮਿਣ ਪਵੇ ਫੁਆਰ,
ਮੰਮੀ ਕੀਤੇ ਗੁਲਗੁਲੇ ਤਿਆਰ।

ਗਰਮ-ਗਰਮ ਅਸੀਂ ਰਲ ਕੇ ਖਾਏ,
ਹਰ ਕੋਈ ਖਾਣ ਨੂੰ ਮੰਗੀ ਜਾਏ।

ਨਰਮ-ਨਰਮ ਅਸੀਂ ਹੱਥ ਫੜੇ,
ਗੁੜ ਤੋਂ ਮਿੱਠੇ ਸੁਆਦ ਬੜੇ।

## ਪੂੜੇ

ਮਿੱਠੇ ਪੂੜੇ ਨਰਮ-ਨਰਮ
ਛੇਤੀ ਖਾ ਲਵੋ ਗਰਮ-ਗਰਮ।

ਤਵੇ ਦੇ ਉੱਤੇ ਛਨ-ਛਨ ਪੱਕਦੇ,
ਖਾਂਦੇ-ਖਾਂਦੇ ਅਸੀਂ ਨਾ ਅੱਕਦੇ।

ਰੋਟੀ ਵਾਂਗੂ ਗੋਲ ਅਕਾਰ,
ਦਾਦੀ ਜੀ ਨੇ ਕੀਤੇ ਤਿਆਰ।

## ਮਿੱਠੇ ਪਰੌਂਠੇ

ਮਿੱਠੇ ਪਰੌਂਠੇ ਖਾਵਾਂਗੇ,
ਚਾਹ ਵੀ ਨਾਲ ਬਣਾਵਾਂਗੇ।

ਮੰਮੀ ਅਸਾਡੀ ਬਣਾਵੇਗੀ,
ਘਿਉ-ਖੰਡ ਵਿੱਚ ਪਾਵੇਗੀ।

ਸੁਆਦ ਆਵੇਗਾ ਚੱਟਣੀ ਨਾਲ,
ਘੁੱਟਾ-ਬਾਟੀ ਹੋਊ ਕਮਾਲ।

## ਮਿੱਠੀਆਂ ਪਕੌੜੀਆਂ

ਨਾਨੀ ਲੈ ਕੇ ਆਈ ਮਿੱਠੀਆਂ ਪਕੌੜੀਆਂ
ਪਿੰਕੀ, ਰਿੰਕੀ ਆਈਆਂ ਦੋਵੇਂ ਦੌੜੀਆਂ।

ਲੱਗੀਆਂ ਸੁਆਦ ਚੱਬ-ਚੱਬ ਖਾ ਲਈਆਂ,
ਜੇਬਾਂ ਦੇ ਵਿੱਚ ਭਰ ਬਾਕੀ ਪਾ ਲਈਆਂ।

ਖਾ ਕੇ ਪਕੌੜੀਆਂ ਅਸੀਂ ਮਾਰੀਆਂ ਤਾੜੀਆਂ,
ਖਾਲੀ ਕਰ-ਕਰ ਅਸੀਂ ਜੇਬਾਂ ਝਾੜੀਆਂ।

## ਮਿੱਠੀਆਂ ਖਿੱਲਾਂ

ਮਿੱਠੀਆਂ-ਮਿੱਠੀਆਂ ਖਿੱਲਾਂ ਅਸੀਂ ਤਾਂ ਖਾਣੀਆਂ,
ਭਰ-ਭਰ ਮੁੱਠੀਆਂ, ਰੱਜ -ਰੱਜ ਅਸੀਂ ਮੁਕਾਣੀਆਂ।

ਹੱਟੀ ਵਾਲੇ ਭਾਈ ਖ਼ੂਬ ਸਜਾ ਕੇ ਰੱਖੀਆਂ,
ਲੱਗੀਆਂ ਬੜੀਆਂ ਸੁਆਦ ਅਸੀਂ ਜਦ ਚੱਖੀਆਂ।

ਖਾ ਕੇ ਖਿੱਲਾਂ ਸਾਰੇ ਖਿੜ-ਖਿੜ ਹੱਸਾਂਗੇ,
ਛੂਹਣ-ਛਣੀਕਾ ਖੇਡ-ਖੇਡ ਨੱਸਾਂਗੇ।

## ਮੁਰਮੁਰੇ

ਮਿੱਠੇ-ਮਿੱਠੇ ਮੁਰਮੁਰੇ,
ਹੁੰਦੇ ਬੜੇ ਭੁਰਭਰੇ।

ਚੌਲ ਭੁੰਨ ਬਣਾਏ ਨੇ,
ਗੁੜ ਲਾ ਪਕਾਏ ਨੇ।

ਲਫਾਫੇ ਵਿੱਚ ਪਾ ਦਿਓ,
ਮੰਮੀ ਨੂੰ ਫੜਾ ਦਿਓ।

ਖਾਂਵਾਗੇ ਮੜੱਕ-ਮੜੱਕ,
ਕਰਦੇ ਨੇ ਕੜੱਕ-ਕੜੱਕ।

## ਰਿਓੜੀਆਂ

ਖਾਵਾਂਗੇ ਰਿਓੜੀਆਂ,
ਲੈਣੀਆਂ ਨੀਂ ਥੋੜ੍ਹੀਆਂ।

ਗੁੜ-ਤਿਲਾਂ ਵਾਲੀਆਂ,
ਚੇਤੇ ਆਉਣ ਲੋਹੜੀਆਂ।

ਭੈਣਾਂ ਬੈਠ ਗਾਉਂਦੀਆਂ,
ਵੀਰਾਂ ਦੀਆਂ ਘੋੜੀਆਂ।

ਸੁਣ ਲਵੋ ਗੀਤ ਮੇਰਾ,
ਰਿਓੜੀਆਂ ਬਈ ਰਿਓੜੀਆਂ।

## ਲੈਚੀ ਦਾਣਾ

ਇਹ ਚਿੱਟਾ ਲੈਚੀ ਦਾਣਾ ਹੈ,
ਮੁੱਠੀ ਭਰ ਮੈਂ ਖਾਣਾ ਹੈ।

ਖੰਡ ਮਿਸਰੀ ਤੋਂ ਮਿੱਠਾ ਹੈ,
ਮੈਂ ਹੱਟੀ 'ਤੇ ਡਿੱਠਾ ਹੈ

ਚਬਾਅ-ਚਬਾਅ ਕੇ ਖਾਣਾ ਹੈ,
ਖੇਡਣ ਲਈ ਫਿਰ ਜਾਣਾ ਹੈ।

## ਭੁੱਗਾ

ਭੁੱਗਾ ਲਿਆਈ ਪਿਆਰੀ ਨਾਨੀ,
ਸਭ ਨੂੰ ਵੰਡੇ ਨਾਨੀ ਦਾਨੀ।

ਖੋਏ ਦੇ ਵਿੱਚ ਤਿਲ ਮਲਾਏ,
ਕੁੱਟ ਕੇ ਮਿੱਠੇ ਵਿੱਚ ਰਲਾਏ।

ਚੱਕ ਮਾਰ ਅਸੀਂ ਖਾਵਾਂਗੇ,
ਕੁਝ ਝੋਲੇ ਵਿੱਚ ਪਾਵਾਂਗੇ।

## ਗੱਚਕ

ਗੱਚਕ ਲਗਦੀ ਮੈਨੂੰ ਸੁਆਦ,
ਲੋਹੜੀ ਵੇਲੇ ਆਉਂਦੀ ਯਾਦ।

ਗੁੜ-ਮੂੰਗਫਲੀ ਵਾਲੀ ਹੈ ਚੰਗੀ,
ਖੰਡ-ਤਿਲਾਂ ਵਾਲੀ ਮੈਂ ਮੰਗੀ।

ਖਾਵਾਂਗੇ ਅਸੀਂ ਮਾਰ ਮਚਾਕੇ,
ਖੇਡਾਂਗੇ ਫਿਰ ਪਾਰਕ ਜਾ ਕੇ।

## ਲੋਹੜੀ ਦਾ ਗੀਤ

ਗੱਚਕ-
ਮੱਚਕ-ਮੱਚਕ ਖਾਵਾਂਗੇ
ਮਿੱਠਾ ਗੁੜ ਬਣ ਜਾਵਾਂਗੇ।

ਮੂੰਗਫਲੀ-
ਛਿੱਲ -ਛਿੱਲ ਮਾਣਾਂਗੇ
ਗੀਤ ਲੋਹੜੀ ਦਾ ਗਾਵਾਂਗੇ।

ਰਿਓੜੀਆਂ-
ਖ਼ੂਬ ਚਬਾਵਾਂਗੇ
ਖੇਡਾਂਗੇ ਤੇ ਗਾਵਾਂਗੇ।

ਭੁੱਗਾ-
ਚੱਕ ਮਾਰਾਂਗੇ
ਲੋਹੜੀ 'ਤੇ ਤਿਲ ਵਾਰਾਂਗੇ।

ਪਿੰਨੀਆਂ-
ਮੰਮੀ ਬਣਾਵੇਗੀ
ਦਾਦੀ ਬਾਤ ਸੁਣਾਵੇਗੀ।

ਲੋਹੜੀ ਦਾ
ਨਿੱਘ ਮਾਣਾਂਗੇ
ਮਾਣਾਂਗੇ ਮਿਲ ਮਾਣਾਂਗੇ।

* * * *

## ਖੰਡ ਦੂਜਾ

## ਬਾਲ ਕਾਵਿ - ਸੰਗ੍ਰਹਿ

# ਪੰਛੀਆਂ ਦੇ ਗੀਤ

## ਪੰਛੀ ਮੈਨੂੰ ਗੀਤ ਸੁਣਾ

ਚਿੜੀਏ ਚਿੜੀਏ
ਚੀਂ ਚੀਂ ਗਾ,
ਕਾਂਵਾਂ ਕਾਂਵਾਂ
ਢੋਲ ਵਜਾ।

ਕੋਇਲੇ ਮਿੱਠਾ
ਗੀਤ ਸੁਣਾ,
ਮੋਰ ਪਿਆਰੇ
ਪੈਲਾਂ ਪਾ।

ਘੁੱਗੀਏ-ਘੁੱਗੂੰ
ਘੁੱਗੂੰ-ਗਾ,
ਉਡੀਂ ਕਬੂਤਰ
ਅੰਬਰੀਂ ਜਾ।

ਗੰਗਾ ਰਾਮਾ
ਚੂਰੀ ਖਾਹ,
ਚੂਰੀ ਖਾ ਕੇ
ਨਕਲਾਂ ਲਾਅ।

## ਚਿੜੀ

ਆ ਨੀਂ ਨਿੱਕੀਏ
ਚਿੜੀਏ ਆ,
ਮੈਨੂੰ ਆਪਣਾ
ਗੀਤ ਸੁਣਾ।

ਕੂਲੇ ਕੂਲੇ
ਤੇਰੇ ਖੰਭ,
ਕਿੰਨੇ ਸੁਹਣੇ
ਲੱਗਣ ਰੰਗ।

ਸਾਡੇ ਵਿਹੜੇ
ਰੌਣਕ ਲਾਵੇਂ,
ਨਿੱਤ ਦਿਹਾੜੇ
ਗੀਤ ਸੁਣਾਵੇਂ।

ਆ ਮੈਂ ਤੈਨੂੰ
ਚੋਗਾ ਪਾਵਾਂ,
ਦਾਣੇ ਪਾ ਕੇ
ਖੁਸ਼ੀ ਮਨਾਵਾਂ।

ਤੇਰੀ ਨਿੱਕੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।

ਚੰਗੀ ਲੱਗੇ
ਚੀਂ ਚੀਂ ਤੇਰੀ,
ਠਹਿਰੀਂ ਠਹਿਰੀਂ
ਸੁਣ ਗੱਲ ਮੇਰੀ।

**ਚਿੜੀ :**

ਚਿੜੀ ਸਭ ਤੋਂ ਵੱਧ ਜਾਣਿਆ ਪਛਾਣਿਆ ਪੰਛੀ ਹੈ ਜੋ ਹਰ ਥਾਂ ਮਿਲਦਾ ਹੈ। ਰੁੱਖ, ਖੇਤ ਤੇ ਘਰ ਇਸ ਦੇ ਟਿਕਾਣੇ ਹਨ। ਇਸ ਦੀ ਮੁੱਖ ਖੁਰਾਕ ਦਾਣੇ ਜਾਂ ਬੀਜ ਹਨ। ਚਿੜੀ ਘਾਹ-ਫੂਸ ਦੀਆਂ ਤਿੜ੍ਹਾਂ ਵਾਲੇ ਨਿੱਕੇ ਜਿਹੇ ਆਲ੍ਹਣੇ 'ਚ 3 ਤੋਂ 5 ਤੱਕ ਆਂਡੇ ਦਿੰਦੀ ਹੈ।

## ਕਬੂਤਰ

ਕਰੇ ਕਬੂਤਰ
ਗੁਟਕੂੰ-ਗੂੰ!
ਪੰਮੀ ਮੈਨੂੰ
ਪੁੱਛਣ ਲੱਗੀ,
"ਕਿੰਨੇ ਰੰਗ ਦੇ
ਵੇਖੇ ਤੂੰ?"

ਕੋਈ ਸਲੇਟੀ
ਕੋਈ ਚਿੱਟਾ
ਕੋਈ ਮੈਂ ਚੀਨਾ
ਉੱਡਦਾ ਡਿੱਠਾ।

ਪੰਮੀ ਪੁੱਛੇ
ਕਿੱਥੇ ਨੇ ਉਹ?
ਕੰਧ ਉੱਤੇ ਸੀ
ਬੈਠੇ ਜੋ।

ਮਾਰ ਉਡਾਰੀ
ਉਡ ਗਏ ਸਾਰੇ,
ਤੋੜਨ ਲੱਗੇ,
ਅੰਬਰ ਤਾਰੇ।

ਪੰਮੀ ਰਹਿ ਗਈ
ਹੱਕੀ ਬੱਕੀ,
ਉਡਦੀ ਡਾਰ
ਜਦੋਂ ਉਸ ਤੱਕੀ।

ਬੜਾ ਸਿਖਾਂਦਰੂ
ਪੰਛੀ ਏਹੇ,
ਦੇਂਦਾ ਰਿਹਾ
ਖ਼ਤ ਸੁਨੇਹੇ।

**ਕਬੂਤਰ :**

ਕਬੂਤਰ ਸਲੇਟੀ, ਚਿੱਟੇ ਤੇ ਚੀਨੇ ਰੰਗ ਦੇ ਹੁੰਦੇ ਹਨ। ਪੁਰਾਣੀਆਂ ਤੇ ਢੱਠੀਆਂ ਹੁੰਦੀਆਂ ਇਮਾਰਤਾਂ ਇਸ ਦੀਆਂ ਮਨ-ਭਾਉਂਦੀਆਂ ਥਾਵਾਂ ਹਨ। ਇਸ ਦਾ ਆਲ੍ਹਣਾ ਸੁਹਣਾ ਨਹੀਂ ਹੁੰਦਾ। ਮਦੀਨ ਚਿੱਟੇ ਰੰਗ ਦੇ ਦੋ ਆਂਡੇ ਦਿੰਦੀ ਹੈ। ਚਿੱਟੇ ਕਬੂਤਰ ਅਮਨ ਦੇ ਪ੍ਰਤੀਕ ਵੱਜੋਂ ਉਡਾਏ ਜਾਂਦੇ ਹਨ।

## ਤੋਤਾ

ਉਡਦਾ ਉਡਦਾ ਤੋਤਾ ਆਇਆ,
ਅੰਬ 'ਤੇ ਬਹਿ ਉਸ ਰੌਲਾ ਪਾਇਆ

ਲਾਲ ਤੇ ਤਿੱਖੀ ਮੁੜਵੀਂ ਚੁੰਝ,
ਅੰਬੀਆਂ ਟੁਕਦਾ ਮਾਰ ਕੇ ਠੂੰਗ।

ਗਾਨੀ ਫੱਬਦੀ ਬੜੀ ਕਮਾਲ,
ਸਾਵੇ ਰੰਗ 'ਤੇ ਸੂਹੀ ਲਾਲ।

ਹਰੇ ਹਰੇ ਨੇ ਇਸ ਦੇ ਖੰਭ,
ਜਦ ਇਹ ਬੋਲੇ ਹੋਈਏ ਦੰਗ।

ਬੋਲੀ ਸਿੱਖ ਲਵੇ ਇਹ ਸੁਣ,
ਇਸ ਦੇ ਵਿੱਚ ਇਹ ਵੱਡਾ ਗੁਣ।

ਕਦੇ ਬੈਠ ਕੇ ਸੀਟੀਆਂ ਮਾਰੇ,
ਕਦੇ ਵੇਖ ਕੇ ਨਕਲ ਉਤਾਰੇ।

ਕਈ ਤਰ੍ਹਾਂ ਦੇ ਕੱਢੇ ਬੋਲ,
ਸੁਣ ਕੇ ਸਾਰੇ ਹੋਣ ਕਲੋਲ।

ਰੁੱਖ ਦੀ ਖੁੱਡ 'ਚ ਇਸ ਦਾ ਘਰ,
ਖੜਕੇ ਤੋਂ ਝੱਟ ਜਾਵੇ ਡਰ।

ਚੂਰੀ ਖਾਵੇ ਨਾਲ ਸੁਆਦ,
ਇਹ ਗੱਲ ਰੱਖੀਂ ਬੀਬਾ ਯਾਦ।

ਤੋਤਾ :

ਹਰੇ ਰੰਗ ਦਾ ਤੋਤਾ ਸਾਡੇ ਦੇਸ ਵਿੱਚ ਆਮ ਮਿਲਣ ਵਾਲਾ ਪੰਛੀ ਹੈ। ਇਹ ਰੁੱਖਾਂ ਦੀਆਂ ਖੁੱਡਾਂ ਜਾਂ ਕੰਧਾਂ ਦੀਆਂ ਦਰਾੜਾਂ ਵਿੱਚ ਆਲ੍ਹਣੇ ਬਣਾਉਂਦਾ ਹੈ। ਇਸ ਦੀਆਂ ਡਾਰਾਂ ਤਿੱਖੀਆਂ ਆਵਾਜ਼ਾਂ ਕੱਢਦੀਆਂ ਹਨ। ਪਿੰਜਰੇ ਦੇ ਪਾਲਤੂ ਗਾਨੀ ਵਾਲੇ ਤੋਤੇ ਨੂੰ ਮਨੁੱਖੀ ਬੋਲੀ ਸਿਖਾਈ ਜਾ ਸਕਦੀ ਹੈ।

## ਕਾਂ

ਕਾਂ-ਕਾਂ ਕਰਦਾ
ਕਾਲਾ ਕਾਂ
ਚੁੱਪ ਹੋਣ ਦਾ
ਲਵੇ ਨਾ ਨਾਂ।

ਕਾਲੀ ਚੁੰਝ
ਤੇ ਪੌਂਚੇ ਦੋ,
ਦੇਖ ਕੇ ਰੋਟੀ
ਲੇਵੇ ਖੋਹ।

ਆਲ੍ਹਣਿਆਂ 'ਚ
ਲਾਵੇ ਦਾਅ,
ਆਂਡੇ ਭੰਨ ਕੇ
ਲੇਵੇ ਖਾਹ।

ਚੀਜ਼ ਚੁਰਾਵੇ
ਨਾਲ ਚਲਾਕੀ,
ਬੈਠ ਬਨੇਰੇ
ਜਾਵੇ ਝਾਕੀ।

ਬੋਲੀ ਇਸ ਦੀ
ਕੰਨ ਪਈ ਖਾਵੇ,
ਹਰ ਕੋਈ ਇਸ ਨੂੰ
ਦੂਰ ਭਜਾਵੇ।

ਕਾਂ ਉਦੋਂ ਨਾ
ਲਗਦਾ ਚੰਗਾ,
ਕੰਮ ਜਦੋਂ ਇਹ
ਕਰਦਾ ਮੰਦਾ।

ਕਾਂ :-

ਕਾਂ ਸ਼ਹਿਰਾਂ ਤੇ ਪਿੰਡਾਂ 'ਚ ਰਹਿਣ ਵਾਲਾ ਪੰਛੀ ਹੈ। ਇਸ ਦੀ ਸਿਆਣਪ ਤੇ ਚਲਾਕੀ ਬੜੀ ਮਸ਼ਹੂਰ ਹੈ। ਝਪਟ ਮਾਰ ਕੇ ਚੀਜ਼ ਚੋਰੀ ਕਰਨੀ ਇਸ ਦੀ ਆਦਤ ਹੈ। ਕਾਂ ਕਈ ਪੰਛੀਆਂ ਦੇ ਬੋਟ ਵੀ ਆਲ੍ਹਣਿਆਂ 'ਚੋਂ ਖਾ ਜਾਂਦਾ ਹੈ। ਇਸ ਦੀ ਆਵਾਜ਼ ਖਰਵੀ ਹੁੰਦੀ ਹੈ।

## ਘੁੱਗੀ

ਘੁੱਗੀਏ ਨੀਂ
ਲੱਕ ਟੁਣੂੰ-ਟੁਣੂੰ
ਬੋਲੀ ਤੇਰੀ
ਘੁੱਗੂੰ-ਘੂੰ।

ਦਾਣਾ ਦਾਣਾ
ਚੁਗਦੀ ਤੂੰ

ਫੁਰ-ਫੁਰ ਕਰ ਕੇ
ਉੱਡਦੀ ਤੂੰ।

ਸੁਰਮੇ ਰੰਗੇ
ਤੇਰੇ ਖੰਭ,
ਹਿਕੜੀ ਦਾ
ਮਟਿਆਲਾ ਰੰਗ।

ਗਰਦਨ ਉੱਤੇ
ਕਾਲੀ ਧਾਰੀ,
ਚੁੰਝ ਨਿੱਕੀ ਪਰ
ਲੱਗੇ ਪਿਆਰੀ।

ਤੂੰ ਨਾ ਕਰੇਂ
ਕਿਸੇ ਨੂੰ ਤੰਗ
ਮੇਰੇ ਕੋਲ ਨਾ
ਆਉਣੋਂ ਸੰਗ।

ਤੂੰ ਅਮਨਾਂ ਲਈ
ਕਰੇਂ ਦੁਆ,
ਮੈਨੂੰ ਆਪਣਾ
ਗੀਤ ਸੁਣਾ।

**ਘੁੱਗੀ** :-

ਇੱਕ ਸਾਊ ਪੰਛੀ ਕਰਕੇ ਜਾਣੀ ਜਾਂਦੀ ਹੈ। ਇਸ ਦਾ ਆਲ੍ਹਣਾ ਡੱਕਿਆਂ ਦੇ ਰੁੱਗ ਵਰਗਾ ਹੁੰਦਾ ਹੈ। ਇਹ ਕੇਵਲ ਦੋ ਚਿੱਟੇ ਰੰਗ ਦੇ ਆਂਡੇ ਦਿੰਦੀ ਹੈ। ਕਾਂ ਜਦੋਂ ਇਸ ਨੂੰ ਤੰਗ ਕਰੇ ਤਾਂ ਉਸ ਦਾ ਪੂਰਾ ਮੁਕਾਬਲਾ ਕਰਦੀ ਹੈ। ਘੁੱਗੀ ਨੂੰ ਅਮਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

## ਮੋਰ

ਮੋਰ ਪਿਆਰੇ
ਰੁਣ-ਝੁਣ ਲਾ,
ਆਪਣੇ ਸੁੰਦਰ
ਖੰਭ ਫੈਲਾਅ।

ਖੰਭ ਤੇਰੇ
ਲੰਮੇ ਚਮਕੀਲੇ
ਉੱਤੇ ਟਿੱਕੇ
ਨੀਲੇ ਨੀਲੇ।

ਕਲਗੀ ਤੇਰੀ
ਸੁੰਦਰ ਲੱਗੇ,
ਸਿਰ ਦੇ ਉੱਤੇ
ਵਾਹਵਾ ਫੱਬੇ।

ਘਟਾ ਚੜ੍ਹੀ ਤੂੰ
ਖੁਸ਼ੀ ਮਨਾਵੇਂ,
ਪੈਲਾਂ ਪਾ ਕੇ
ਖੰਭ ਸਜਾਵੇਂ।

ਬਾਗਾਂ ਦੇ ਵਿਚ
ਰੌਣਕ ਲਾਵੇਂ,
ਕਿਆਊਂ-ਕਿਆਂਊਂ
ਜਦ ਤੂੰ ਗਾਵੇਂ।

ਤੂੰ ਹੈ ਕੌਮੀ
ਪੰਛੀ ਸਾਡਾ,
ਤੇਰੇ ਨਾਲ
ਪ੍ਰੇਮ ਹੈ ਡਾਢਾ।

ਮੋਰ ਪਿਆਰੇ
ਰੁਣ-ਝੁਣ ਲਾ,
ਰਾਜਾ ਬਣ ਕੇ
ਪੈਲਾਂ ਪਾ!!

**ਮੋਰ :-**

ਮੋਰ ਭਾਰਤ ਦਾ ਰਾਸ਼ਟਰੀ ਪੰਛੀ ਹੈ। ਇਸ ਦੇ ਖੰਭਾਂ ਦੀ ਸੁੰਦਰਤਾ ਬੜੀ ਔਲਕਿਕ ਹੈ ਇਸ ਦੀ ਲੰਬਾਈ ਲਗਭਗ ਡੇਢ ਮੀਟਰ ਹੁੰਦੀ ਹੈ। ਦਾਣੇ, ਕੀੜੇ-ਮਕੌੜੇ, ਕਿਰਲੇ ਤੇ ਛੋਟੇ ਸੱਪ ਇਸ ਦੀ ਖ਼ੁਰਾਕ ਹਨ। ਰਾਤ ਸਮੇਂ ਇਹ ਰੁੱਖਾਂ ਤੇ ਆਰਾਮ ਕਰਦਾ ਹੈ।

## ਕੋਇਲ

ਕੋਇਲੇ ਨੀਂ
ਸੁਣ ਕੋਇਲੇ ਸੁਣ,
ਤੇਰੇ ਵਿੱਚ ਹੈ
ਵੱਡਾ ਗੁਣ।

ਮਿੱਠੇ ਲੱਗਣ
ਤੇਰੇ ਬੋਲ,
ਜਿਵੇਂ ਮਿਸਰੀ
ਹੋਵੇ ਕੋਲ।

ਬਾਗਾਂ ਵਿਚ ਤੂੰ
ਰੌਣਕ ਲਾਵੇਂ,
ਅੰਬਾਂ ਨੂੰ ਤੱਕ
ਖ਼ੁਸ਼ੀ ਮਨਾਵੇਂ।

ਦੂਰੋਂ ਬੋਲੀ
ਜਾਏ ਪਛਾਣੀ,
ਤੂੰ ਬਾਗਾਂ ਦੀ
ਲੱਗੇ ਰਾਣੀ।

ਬੜੀ ਸੁਰੀਲੀ
ਕੂ-ਕੂ ਤੇਰੀ,
ਛੇਤੀ ਮੁੜਕੇ
ਪਾਵੀਂ ਫੇਰੀ।

**ਕੋਇਲ :-**

ਕੋਇਲ ਬਿਰਛਾਂ ਦੀ ਵਾਸੀ ਹੈ। ਇਹ ਧਰਤੀ ਉਤੇ ਬਹੁਤ ਘੱਟ ਉਤਰਦੀ ਹੈ। ਇਸ ਦੀ ਮਿੱਠੀ ਆਵਾਜ਼ ਕੂ-ਕੂ ਸਭ ਨੂੰ ਪਿਆਰੀ ਲਗਦੀ ਹੈ। ਇਹ ਆਪਣਾ ਆਲ੍ਹਣਾ ਨਹੀਂ ਬਣਾਉਂਦੀ ਸਗੋਂ ਕਾਂ ਦੇ ਆਲ੍ਹਣੇ 'ਚ ਆਂਡੇ ਦੇ ਕੇ, ਬੱਚੇ ਕੱਢਣ ਦਾ ਕੰਮ ਉਸ ਦੇ ਸਿਰ ਛੱਡ ਦਿੰਦੀ ਹੈ।

## ਗੁਟਾਰ

ਆਈ ਗੁਟਾਰ
ਆਈ ਗੁਟਾਰ
ਵਿਹੜੇ ਵਿੱਚ
ਉਡਾਰੀ ਮਾਰ।

ਪੀਲੇ ਪੈਰ
ਤੇ ਪੀਲੀ ਚੁੰਝ
ਦਾਣੇ ਚੁਗਦੀ
ਮਾਰ ਕੇ ਠੁੰਗ।

ਖੰਭ ਏ ਦੇ
ਧੂੰਏ ਰੰਗੇ,
ਸਾਡੇ ਕੋਲ
ਆਉਣ ਤੋਂ ਸੰਗੇ।

ਸਿਰ ਇਸ ਦਾ ਹੈ
ਉਪਰੋਂ ਕਾਲਾ,
ਇਸ ਦਾ ਵੱਖਰਾ
ਬੋਲ ਨਿਰਾਲਾ।

ਝੁੰਡ ਇਨ੍ਹਾਂ ਦਾ
ਖੇਤੀਂ ਜਾਵੇ,
ਫੁਰਤੀ ਦੇ ਨਾਲ
ਕੀੜੇ ਖਾਵੇ।

**ਗੁਟਾਰ** :-

ਗੁਟਾਰ ਸੁਭਾਅ ਪੱਖੋਂ ਮਿਲ ਕੇ ਰਹਿਣ ਵਾਲਾ ਪੰਛੀ ਹੈ। ਖੇਤ ਵਾਹੁੰਦੇ ਸਮੇਂ ਇਨ੍ਹਾਂ ਦੀ ਡਾਰ ਕੀੜੇ ਮਕੌੜੇ ਖਾਂਦੀ ਵੇਖੀ ਜਾ ਸਕਦੀ ਹੈ। ਇਸ ਦੇ ਆਂਡੇ ਚਮਕਦਾਰ ਨੀਲੇ ਰੰਗ ਦੇ ਦਾਗ਼ ਰਹਿਤ ਹੁੰਦੇ ਹਨ। ਚਿੜੀ, ਕਾਂ ਤੇ ਕਬੂਤਰ ਵਾਂਗ ਗੁਟਾਰ ਪਿੰਡਾਂ ਸ਼ਹਿਰਾਂ ਦੇ ਖੇਤਾਂ ਵਿਚ ਰਹਿਣ ਵਾਲਾ ਪੰਛੀ ਹੈ।

## ਬਗਲਾ

ਛੱਪੜ ਕੰਢੇ
ਬਗਲਾ ਖੜਿਆ
ਸੁੰਡੀ ਨੂੰ ਉਸ
ਚੁੰਝ 'ਚ ਫੜਿਆ।

ਚਿੱਟਾ ਰੰਗ
ਤੇ ਲੰਮੀ ਚੁੰਝ,
ਮੱਛੀ, ਡੱਡੀ
ਲਵੇ ਫੜੂੰਗ।

ਅੱਖਾਂ ਮੀਚੀ
ਖੜਿਆ ਰਹਿੰਦਾ
ਹਰ ਕੋਈ ਇਸ ਨੂੰ
ਦੰਭੀ ਕਹਿੰਦਾ।

ਪਸ਼ੂਆਂ ਤੇ ਬਹਿ
ਕਰੇ ਸੁਆਰੀ,
ਘਟਾ ਦਿੱਸੇ ਤਾਂ
ਭਰੇ ਉਡਾਰੀ।

ਚੁੱਪ-ਚੁਪੀਤਾ
ਉੱਡ ਇਹ ਜਾਏ,
ਨਾ ਕੋਈ ਮਿੱਠਾ
ਗੀਤ ਸੁਣਾਏ।

**ਬਗਲਾ** :-

ਬਗਲਾ ਦਲਦਲੀ ਇਲਾਕੇ ਦਾ ਪੰਛੀ ਹੈ। ਇਸ ਦੀ ਗਰਦਨ ਲੰਮੀ, ਪਤਲੀ ਤੇ ਬਹੁਤ ਲਚਕਦਾਰ ਅਤੇ ਚੁੰਝ ਬਰਛੀ ਵਰਗੀ ਤਿੱਖੀ ਹੁੰਦੀ ਹੈ। ਵੇਖਣ ਨੂੰ ਚੁੱਪ ਚੁਪੀਤੇ ਲਗਦਾ ਪਰ ਮੱਛੀਆਂ ਤੇ ਡੱਡੀਆਂ ਢੂੰਡਣ ਨੂੰ ਚੇਤੰਨ ਰਹਿੰਦਾ ਹੈ। ਇਹ ਆਪਣਾ ਆਲ੍ਹਣਾ ਰੁੱਖਾਂ ਉੱਤੇ ਬਣਾਉਂਦਾ ਹੈ।

## ਇੱਲ੍ਹ

ਸਭ ਤੋਂ ਉੱਚੇ ਉਡਦੀ ਇੱਲ੍ਹ
ਬਹੁਤ ਪਕੇਰਾ ਇਸ ਦਾ ਦਿਲ।

ਘੰਟਿਆਂ ਬੱਧੀ ਉਡ ਹੈ ਸਕਦੀ,
ਅੰਬਰ ਤੋਂ ਹੈ ਚੀਜ਼ਾਂ ਤੱਕਦੀ।

ਨਜ਼ਰ ਏਸ ਦੀ ਬਹੁਤ ਤਿਖੇਰੀ,
ਚੀਜ਼ ਲੱਭਣ ਨੂੰ ਲਾਏ ਨਾ ਦੇਰੀ।

ਪੀਲੀਆਂ ਚੀਜ਼ਾਂ ਦੀ ਹੈ ਖੋਰੀ,
ਸੋਨਾ ਵੀ ਕਰ ਲੈਂਦੀ ਚੋਰੀ।

ਝਪਟ ਮਾਰ ਕੇ ਖੋਹ ਲਵੇ ਰੋਟੀ,
ਚੂਚੇ ਖਾਣ ਦੀ ਨੀਅਤ ਖੋਟੀ।

ਉਡਦੀ ਜਾਪੇ ਵਾਂਗ ਜਹਾਜ਼,
ਮਾਰ ਨਾ ਸੱਕੇ ਇਸ ਨੂੰ ਬਾਜ਼।

ਫੜ ਕੇ ਪੰਜਿਆ ਵਿੱਚ ਸ਼ਿਕਾਰ,
ਉਡ ਜਾਵੇ ਝੱਟ ਦੇਖ ਦੇ ਸਾਰ।

**ਇੱਲ੍ਹ :-**

ਇੱਲ੍ਹ ਅਕਾਸ਼ ਵਿੱਚ ਉੱਚੇ ਉੱਡਣ ਵਾਲਾ ਪੰਛੀ ਹੈ। ਇਸ ਦੀ ਨਜ਼ਰ ਬਹੁਤ ਤੇਜ਼ ਹੁੰਦੀ ਹੈ ਪਰ ਸੁੰਘਣ ਸ਼ਕਤੀ ਘੱਟ। ਮੁਰਦਾਰ, ਚੂਹੇ, ਮੱਛੀਆਂ, ਸੱਪ, ਤੇ ਚੂਚੇ ਇਸ ਦੀ ਖੁਰਾਕ ਹਨ। ਇਸ ਦੇ ਪੰਜਿਆਂ ਦੀ ਪਕੜ ਮਜ਼ਬੂਤ ਹੁੰਦੀ ਹੈ। ਵੱਡੇ ਰੁੱਖਾਂ ਉੱਤੇ ਇਸ ਦਾ ਆਲ੍ਹਣਾ ਵੱਡ-ਅਕਾਰੀ ਹੁੰਦਾ ਹੈ।

## ਉੱਲੂ

ਰੁੱਖ ਤੇ ਬੈਠਾ ਉੱਲੂ ਬਾਟਾ,
ਸਾਡਾ ਤੇਰਾ ਹੈ ਬੋ-ਕਾਟਾ।

ਦਿਨੇਂ ਤੂੰ ਅੱਖਾਂ ਮੀਟੀ ਰੱਖੇਂ,
ਰਾਤ ਪਈ ਤਾਂ ਬਿਟ-ਬਿਟ ਤੱਕੇਂ।

ਤੇਰੀਆਂ ਅੱਖਾਂ ਗੋਲ-ਮਟੋਲ
ਖਰਵੇ ਖਰਵੇ ਤੇਰੇ ਬੋਲ।

ਰਾਤੀ ਉ-ਉ ਬੋਲ ਡਰਾਵੇਂ,
ਝਪਟ ਮਾਰ ਕੇ ਚੂਹੇ ਖਾਵੇਂ।

ਤੇਰੀ ਤਿੱਖੀ ਮੁੜਵੀਂ ਚੁੰਝ,
ਕੀੜਿਆਂ ਨੂੰ ਤੂੰ ਲਵੇਂ ਫੜੁੰਗ।

ਵੱਡੇ-ਵੱਡੇ ਤੇਰੇ ਪੰਜੇ,
ਤਿੱਖੇ ਕਰ ਕੇ ਹੋਵਣ ਰੰਦੇ।

ਸਾਨੂੰ ਤੈਥੋਂ ਡਰ ਹੈ ਆਉਂਦਾ,
ਭਾਵੇਂ ਮਿੱਤਰ ਬਣ ਦਿਖ ਲਾਉਂਦਾ।

**ਉੱਲੂ :-**

ਉੱਲੂ ਰਾਤੀਂ ਜਾਗਣ ਵਾਲਾ ਪੰਛੀ ਹੈ। ਦਿਨੇ ਲੁਕਿਆ ਰਹਿੰਦਾ ਹੈ। ਇਹ ਆਪਣੀ ਗਰਦਨ ਨੂੰ ਪੂਰਾ ਘੁਮਾ ਸਕਦਾ ਹੈ। ਇਹ ਭਮੱਕੜ, ਕੀੜੇ, ਕਿਰਲੇ, ਚੂਹੇ ਤੇ ਪੰਛੀਆਂ ਦੇ ਬੋਟਾਂ ਦਾ ਸ਼ਿਕਾਰ ਕਰਦਾ ਹੈ।

## ਚੱਕੀਹਾਰਾ

ਔਹ ਫਿਰਦਾ ਹੈ ਚੱਕੀਹਾਰਾ
ਸੁੰਡੀਆਂ ਖਾਣ ਦਾ ਉਸ ਨੂੰ ਲਾਹਾ।

ਲੋਹੇ ਰੰਗੀ ਚੁੰਝ ਲੰਮੇਰੀ,
ਠੁਮਕ-ਠੁਮਕ ਕੇ ਪਾਵੇ ਫੇਰੀ।

ਖੰਭਾਂ ਉਤੇ ਕਾਲੀਆਂ ਲੀਕਾਂ,
ਜਿੰਞੂ ਲਿਖੀਆਂ ਹੋਣ ਤਰੀਕਾਂ।

ਟਿਮਕਣੇ ਵਰਗੀ ਅੱਖ ਦੇ ਨਾਲ,
ਚੋਗੇ ਦੀ ਕਰ ਲਵੇ ਭਾਲ!

ਪੱਖੇ ਵਰਗੀ ਕਲਗੀ ਸੁਹਣੀ,
ਸ਼ਕਲ ਏਸ ਦੀ ਹੈ ਮਨਮੋਹਣੀ।

ਖੇਤਾਂ ਦੇ ਸੰਗ ਇਸ ਦੀ ਯਾਰੀ,
ਮਸਤੀ ਦੇ ਨਾਲ ਭਰੇ ਉਡਾਰੀ।

**ਚੱਕੀਰਾਹਾ :**

ਚੱਕੀਰਾਹਾ ਕਲਗੀ ਵਾਲਾ ਇੱਕ ਸੁੰਦਰ ਪੰਛੀ ਹੈ। ਇਸ ਦੀ ਚੁੰਝ ਲੰਮੇਰੀ ਤੇ ਤਿੱਖੀ ਹੁੰਦੀ ਹੈ। ਕਦੇ ਕਦੇ ਇਹ ਨਿੱਕੇ ਨਿੱਕੇ ਕਦਮ ਪੁੱਟਦਾ ਤੇ ਫੇਰ ਉਡਾਰੀ ਭਰ ਲੈਂਦਾ ਹੈ। ਇਹ ਕੀੜੇ-ਮਕੌੜੇ ਖਾਂਦਾ ਹੈ। ਇਸ ਨੂੰ ਪੁਆਧ ਦੇ ਲੋਕੀਂ 'ਠੋਕਮਠਹੀਆ' ਵੀ ਕਹਿੰਦੇ ਹਨ।

## ਬਿਜੜਾ

ਚਿੜੀ ਜਿੰਨਾ ਹੈ ਬਿਜੜਾ ਪੰਛੀ
ਆਲ੍ਹਣਾ ਇਸ ਦਾ ਨਿਆਰਾ ਹੈ?
ਟਹਿਣੀ ਉੱਤੇ ਝੂਟੇ ਲੇਵੇ
ਲੱਗਦਾ ਬਹੁਤ ਪਿਆਰਾ ਹੈ।

ਚੀਰ ਚੀਰ ਕੇ ਪੱਤਰ ਸਾਵੇ
ਘਰ ਨੂੰ ਆਪ ਬਣਾਉਂਦਾ ਹੈ,
ਬੂਹੇ, ਬਾਰੀਆਂ ਰੱਖ ਝਰੋਖੇ,
ਮਿਹਨਤ ਨਾਲ ਸਜਾਉਂਦਾ ਹੈ।

ਮੀਂਹ, ਝੱਖੜ ਤੇ ਧੁੱਪਾਂ ਕੋਲੋਂ
ਇਸ ਨੂੰ ਡਰ ਨਾ ਰਹਿੰਦਾ ਹੈ,
ਘਰ ਵਰਗਾ ਸੁਖ ਕਿਧਰੇ ਨਾਹੀਂ
ਇਹ ਗੱਲ ਸਭ ਨੂੰ ਕਹਿੰਦਾ ਹੈ।

ਨਿੱਕਾ ਜਿਹਾ ਇਹ ਪੰਛੀ ਦੇਖੋ
ਕੰਮ ਅਣੋਖੇ ਕਰਦਾ ਹੈ,
ਫੜ ਟਟਹਿਣੇ ਚਾਨਣ ਖਾਤਰ
ਵਿੱਚ ਆਲ੍ਹਣੇ ਜੜਦਾ ਹੈ।

ਨਿੱਕਾ ਕਲਾਕਾਰ ਇਹ ਪੰਛੀ
ਤੱਕ ਹੈਰਾਨੀ ਹੁੰਦੀ ਹੈ,
ਤੀਲੀ-ਤੀਲੀ ਚੁੰਝ ਦੇ ਰਾਹੀਂ
ਆਲ੍ਹਣੇ ਦੇ ਵਿੱਚ ਗੁੰਦੀ ਹੈ।

**ਬਿਜੜਾ :**

ਬਿਜੜਾ (ਬਈਆ ਜਾਂ ਬੰਬਈਆ) ਚਿੜੀ ਜਿੰਨਾ ਚੁਸਤ ਪੰਛੀ ਹੈ। ਇਸ ਦੇ ਆਲ੍ਹਣੇ ਦੀ ਸ਼ਿਲਪਕਾਰੀ ਬੜੀ ਹੈਰਾਨ ਕਰਨ ਵਾਲੀ ਹੈ। ਨਰ-ਬਿਜੜਾ ਆਲ੍ਹਣੇ ਨੂੰ ਨਾਰੀਅਲ, ਖਜੂਰ ਧਾਨ ਤੇ ਕਮਾਦ ਦੇ ਰੇਸ਼ੇ ਚੀਰ ਕੇ ਜਾਂ ਘਾਹ ਦੇ ਤੀਲਿਆਂ ਨਾਲ ਬਹੁਤ ਸੁੰਦਰ ਬਣਾਉਂਦਾ ਹੈ। ਇਸ ਦੇ ਆਲ੍ਹਣੇ ਕਿੱਕਰ, ਖਜੂਰ ਤੇ ਬੇਰੀ ਦੇ ਰੁੱਖਾਂ ਨਾਲ ਲਟਕਦੇ ਹੁੰਦੇ ਹਨ।

## ਟਟੀਹਰੀ

ਉੱਡੇ ਟਟੀਹਰੀ ਟਰੀਂ-ਟਰੀਂ ਕਰਦੀ,
ਰਾਤ ਦਿਨੇ ਹੈ ਰਹਿੰਦੀ ਡਰਦੀ।

ਆਂਡਿਆਂ ਦੀ ਹੈ ਰੱਖਦੀ ਸਾਰ।
ਸੌਂਦੀ ਹੈ ਪਰ ਪਿੱਠਦੇ ਭਾਰ।

ਮਿੱਟੀ ਦੇ ਵਿੱਚ ਆਂਡੇ ਦੇਵੇ,
ਤਾਂ ਜੋ ਕੋਈ ਲੱਭ ਨਾ ਲੇਵੇ।

ਕਾਨੇ ਵਰਗੀਆਂ ਪੀਲੀਆਂ ਲੱਤਾਂ,
ਉਡਦੀ ਫਿਰਦੀ ਦੇਵੇ ਮੱਤਾਂ।

ਛੱਪੜ ਕੰਢੇ ਉਡਦੀ ਬਹਿੰਦੀ,
ਕੀੜੇ-ਮਕੌੜੇ ਲੱਭਦੀ ਰਹਿੰਦੀ।

ਰਾਤ ਸਮੇਂ ਵੀ ਰਹਿੰਦੀ ਭਾਉਂਦੀ
ਹੇਕਾਂ ਲਾ ਲਾ ਗੀਤ ਸੁਣਾਉਂਦੀ।

**ਟਟੀਹਰੀ :-**

ਟਟੀਹਰੀ ਛੱਪੜ, ਤਲਾਅ ਜਾਂ ਦਲਦਲ ਦੇ ਇਲਾਕਿਆਂ ਨੇੜੇ ਰਹਿਣ ਵਾਲਾ ਪੰਛੀ ਹੈ। ਇਸ ਦੀਆਂ ਲੱਤਾਂ ਲੰਮੀਆਂ ਤੇ ਪਤਲੀਆਂ ਹੁੰਦੀਆਂ ਹਨ। ਇਸ ਦੀਆਂ ਅੱਖਾਂ ਨੇੜੇ ਲਾਲ ਰੰਗ ਦੀ ਮਾਸ ਦੀ ਤੰਦ ਹੁੰਦੀ ਹੈ। ਇਹ ਧਰਤੀ 'ਤੇ ਕੰਕਰ, ਗੀਟੇ ਤੇ ਰੋੜੀਆਂ ਦਾ ਆਲ੍ਹਣਾ ਬਣਾ ਕੇ ਆਂਡੇ ਦਿੰਦੀ ਹੈ।

## ਨੀਲਕੰਠ

ਰੁੰਡ-ਮੁੰਡ ਟਹਿਣੀ ਉੱਤੇ ਬੈਠਾ
ਨੀਲਕੰਠ ਹੈ ਖੰਭ ਫੈਲਾਉਂਦਾ,
ਕਲਾਬਾਜ਼ੀਆਂ ਮਾਰ ਕੇ ਪੁੱਠੀਆਂ
ਆਪਣਾ ਚਿੱਤ ਹੈ ਖ਼ੂਬ ਪਰਚਾਉਂਦਾ।

ਖੰਭ ਫਰੋਜ਼ੀ ਨੀਲੇ ਗੂੜ੍ਹੇ
ਸਿਰ ਵੱਡਾ ਤੇ ਚੁੰਝ ਹੈ ਭਾਰੀ,
ਧੁੱਪ ਚੜ੍ਹੇ ਤਾਂ ਖ਼ੁਸ਼ੀ ਮਨਾਵੇ
ਸੁੰਡੀਆਂ ਦਾ ਇਹ ਬੜਾ ਸ਼ਿਕਾਰੀ।

ਰੰਗ ਬਦਾਮੀ ਇਸ ਦੀ ਹਿੱਕ ਦਾ
ਗਰਦਨ ਉੱਤੇ ਟਿਮਕਣ ਦਾਣੇ,
ਕਿੰਨਾ ਸੁਹਣਾ ਲਗਦਾ ਦੇਖੋ
ਕਰੇ ਕਲੋਲਾਂ ਮੌਜਾਂ ਮਾਣੇ।

**ਨੀਲਕੰਠ :-**

ਨੀਲਕੰਠ ਨੀਲੇ, ਫਰੋਜੀ ਤੇ ਬਦਾਮੀ ਰੰਗ ਦਾ ਪੰਛੀ ਹੈ। ਇਹ ਸਰਦੀ ਦੇ ਅਰੰਭ 'ਚ ਵੇਖਣ ਨੂੰ ਮਿਲਦਾ ਹੈ। ਇਸ ਨੂੰ ਚਤੁਰ, ਸਿਆਣਾ ਤੇ ਸੂਝਵਾਨ ਪੰਛੀ ਮੰਨਿਆ ਗਿਆ ਹੈ। ਕੀੜੇ-ਮਕੌੜੇ, ਕਿਰਲੇ, ਡੱਡੂ, ਚੂਹੇ, ਕੱਚਾ ਮਾਸ ਤੇ ਫਲ ਇਸ ਦੀ ਖ਼ੁਰਾਕ ਹਨ। ਇਸ ਨੂੰ ਗਰੜ ਜਾਂ ਗੈੜਫੰਗ ਵੀ ਕਹਿੰਦੇ ਹਨ।

## ਮਮੋਲਾ

ਰੁੱਤ ਬਦਲੀ
ਮਮੋਲਾ ਆਇਆ
ਸਰਦੀ ਦਾ
ਸੰਦੇਸ਼ ਲਿਆਇਆ।

ਚੋਗਾ ਚੁਗਦਾ
ਲੱਗੇ ਪਿਆਰਾ
ਨੀਲੇ ਅੰਬਰ ਦਾ
ਜਿਉਂ ਤਾਰਾ।

ਨੀਲੇ ਚਿੱਟੇ
ਇਸ ਦੇ ਖੰਭ
ਸੁਹਣੇ ਲੱਗਣ
ਖਿੜਵੇਂ ਰੰਗ।

ਨਿੱਕੀ ਜਿਹੀ
ਉਡਾਰੀ ਭਰਦਾ
ਮੇਰਾ ਵੀ ਜੀਅ
ਉਡਣ ਨੂੰ ਕਰਦਾ।

**ਮਮੋਲਾ:-**

ਮਮੋਲਾ ਨੀਲੇ-ਚਿੱਟੇ ਰੰਗ ਦਾ ਚਿੜੀ ਵਰਗਾ ਚੁਸਤ ਪੰਛੀ ਹੈ। ਸਰਦੀ ਦੇ ਅਰੰਭ 'ਚ ਲੰਮੀਆਂ ਉਡਾਰੀਆਂ ਭਰ ਕੇ ਪੰਜਾਬ ਵਿੱਚ ਆਉਂਦਾ ਹੈ। ਧਰਤੀ ਉੱਤੇ ਇਸ ਦੀ ਤੋਰ ਬੜੀ ਪਿਆਰੀ ਲਗਦੀ ਹੈ। ਧਰਤੀ ਤੇ ਚੋਗਾ ਭਾਲਣ ਲਈ ਉਡਾਰੀਆਂ ਭਰਦਾ ਰਹਿੰਦਾ ਹੈ।

## ਕੂੰਜ

ਠੰਢੇ ਦੇਸੋਂ
ਕੂੰਜਾਂ ਆਈਆਂ
ਦੇਖੋ ਅੰਬਰੀਂ
ਪ੍ਰੀਤਾਂ ਲਾਈਆਂ।

ਬੰਨ੍ਹ ਕਤਾਰਾਂ
ਕੱਤਕੀਂ ਆਵਣ
ਖੰਭ ਹਿਲਾਕੇ
ਗਾਉਂਦੀਆਂ ਜਾਵਣ।

ਜੇਕਰ ਰਹਿ ਜੇ
ਪਿੱਛੇ ਕੋਈ
ਵਿਲਕਣ ਲੱਗੇ
ਜਿਉਂ ਅਧਮੋਈ।

ਖੰਭ ਕਾਸ਼ਨੀ
ਕਾਲੇ ਲੱਗਣ
ਰਲ ਕੇ ਆਈਆਂ
ਚੋਗਾ ਲੱਭਣ।

ਚੰਗੀ ਲੱਗੇ
ਇਨ੍ਹਾਂ ਦੀ ਡਾਰ,
ਬੋਟਾਂ ਦੀ ਜਾ
ਲੈਵਣ ਸਾਰ।

**ਕੂੰਜ :-**

ਕੂੰਜ ਠੰਢੇ ਦੇਸ ਦਾ ਪੰਛੀ ਹੈ। ਇਹ ਪੰਛੀ ਡਾਰਾਂ 'ਚੋਂ ਕਮਾਣੀਦਾਰ ਕਤਾਰ ਬਣਾਕੇ ਕਾਫ਼ੀ ਉੱਚੇ ਉੱਡਦੇ ਹਨ। ਪਰਵਾਸ ਲਈ ਬਹੁਤ ਲੰਮਾ ਸਫ਼ਰ ਤਹਿ ਕਰਦੇ ਹਨ। ਕੂੰਜਾਂ ਪੰਜਾਬ 'ਚ ਕੱਤਕ ਦੇ ਮਹੀਨੇ ਭਾਵ ਸਰਦੀ ਦੇ ਅਰੰਭ 'ਚ ਆਉਂਦੀਆਂ ਹਨ।

## ਬਾਜ਼

ਬੜਾ ਬਹਾਦਰ ਪੰਛੀ ਬਾਜ਼,
ਪੰਛੀਆਂ ਪਿੱਛੇ ਲਾਵੇ ਭਾਜ।

ਨਿੱਕੇ ਪੰਛੀ ਮਾਰ ਕੇ ਖਾਵੇ,
ਮਾਸਾਹਾਰੀ ਤਦੇ ਕਹਾਵੇ।

ਅੰਬਰ ਤੇ ਧਰਤੀ ਵਿਚਕਾਰ
ਉਡਦਾ ਹੈ ਤਿੱਖੀ ਰਫ਼ਤਾਰ।

ਪੰਛੀ ਇਸ ਤੋਂ ਹਰ-ਹਰ ਕਰਦੇ,
ਲੁਕਦੇ ਫਿਰਦੇ ਇਸ ਤੋਂ ਡਰਦੇ।

ਨਾਲ ਹੌਸਲੇ ਕਰੇ ਸ਼ਿਕਾਰ,
ਤਿੱਤਰ, ਚਿੜੀਆਂ ਲੇਵੇ ਮਾਰ।

ਇਸ ਦੀ ਦਾਣੇ ਵਰਗੀ ਅੱਖ,
ਦੂਰੋਂ ਲਵੇ ਸ਼ਿਕਾਰ ਨੂੰ ਤੱਕ।

ਪੰਛੀਆਂ ਦਾ ਸਰਦਾਰ ਕਹਾਵੇ,
ਠੰਢੇ ਦੇਸੋਂ ਚੱਲ ਕੇ ਆਵੇ।

**ਬਾਜ਼ :**

ਬਾਜ਼ ਚਟਾਨਾਂ ਤੇ ਟਿੱਲਿਆਂ ਵਾਲੇ ਠੰਢੇ ਦੇਸ ਦਾ ਪੰਛੀ ਹੈ। ਇਹ ਸ਼ਕਤੀਸ਼ਾਲੀ ਅਤੇ ਬਹੁਤ ਤੇਜ਼ ਉਡਣ ਵਾਲਾ ਪੰਛੀ ਹੈ। ਇਹ ਕਬੂਤਰ, ਤਿੱਤਰ, ਮੁਰਗਾਬੀ, ਕੀਰ, ਸਾਹਾ ਤੇ ਹੋਰ ਪੰਛੀਆਂ ਦਾ ਸ਼ਿਕਾਰ ਕਰਦਾ ਹੈ। ਬਾਜ਼ ਕਈ ਸਾਲ ਇੱਕ ਥਾਂ ਆਲ੍ਹਣਾ ਬਣਾਈ ਰੱਖਦਾ ਹੈ।

## ਹੰਸ

ਝੀਲ, ਸਰੋਵਰ ਰਹਿੰਦਾ ਹੰਸ,
ਇਸ ਦੀ ਵੱਖਰੀ ਸੁੰਦਰ ਵੰਸ।

ਸਾਫ਼ ਤੇ ਨਿਰਮਲ ਜਲ 'ਚ ਰਹਿੰਦਾ,
ਜਦੋਂ ਚਾਹੇ ਆ ਕੰਢੇ ਬਹਿੰਦਾ।

ਡੱਡੂ, ਮੱਛੀ ਜੀਵ ਨਾ ਖਾਏ,
ਚੁਗੇ ਬਨਸਪਤੀ, ਟੁੱਭੀਆਂ ਲਾਏ।

ਚਾਲ ਹੰਸ ਦੀ ਬੜੀ ਪਿਆਰੀ,
ਲਹਿਰਾਂ ਉੱਤੇ ਕਰੇ ਸੁਆਰੀ।

ਲੰਮੀ ਗਰਦਨ ਝੱਟ ਮਰੋੜੇ,
ਇੱਕ ਦੂਜੇ ਨਾਲ ਚੁੰਝਾਂ ਜੋੜੇ।

ਦੁੱਧ-ਚਿੱਟੇ ਜਦ ਖੰਭ ਫੈਲਾਵੇ,
ਬੜਾ ਹੀ ਸੁਹੰਦਾ ਮਨ ਨੂੰ ਭਾਵੇ।

**ਹੰਸ :-**

ਹੰਸ ਸ਼ਾਹੀ ਤੇ ਪਵਿੱਤਰ ਪੰਛੀ ਮੰਨਿਆ ਗਿਆ ਹੈ। ਭਾਰਤ ਵਿੱਚ ਚਿੱਟੇ ਤੇ ਆਸਟਰੇਲੀਆ ਵਿਚ ਕਾਲੇ ਰੰਗ ਦੇ ਹੰਸ ਮਿਲਦੇ ਹਨ। ਹੰਸ ਦੀ ਚੁੰਝ ਵਿੱਚ ਅਜੇਹੀ ਖਟਾਸ ਹੁੰਦੀ ਕਿ ਜਦੋਂ ਉਹ ਆਪਣੀ ਚੁੰਝ ਦੁੱਧ 'ਚ ਡਬੋਂਦਾ ਤਾਂ ਦੁੱਧ ਵੱਖ ਤੇ ਪਾਣੀ ਵੱਖ ਹੋ ਜਾਂਦਾ ਹੈ।

## ਮਨਮੋਹਣੇ ਪੰਛੀ

ਘੁੱਗੀਆਂ, ਗੁਟਾਰਾਂ, ਚਿੜੀਆਂ ਤੇ ਬੱਤਖਾਂ,
ਪੰਛੀ ਮਨਮੋਹਣੇ, ਕੂੰਜਾਂ ਆਉਣ ਕੱਤਕਾਂ।

ਸਾਉਣ ਦੇ ਮਹੀਨੇ ਮੋਰ ਪੈਲਾਂ ਪਾਂਵਦੇ,
ਤੱਕ ਕੇ ਜਿਨ੍ਹਾਂ ਨੂੰ ਬੱਚੇ ਗੀਤ ਗਾਂਵਦੇ।

ਤੋਤਿਆਂ ਦੀ ਡਾਰ ਮਾਰਦੀ ਉਡਾਰੀਆਂ,
ਲਾਉਣ ਮੁਰਗਾਬੀਆਂ ਤਲਾ 'ਚ ਤਾਰੀਆਂ।

ਅੰਬਾਂ ਉੱਤੇ ਕੋਇਲ ਮਿੱਠੇ ਬੋਲ ਬੋਲਦੀ,
ਬਾਗਾਂ ਵਿੱਚ ਰਸਨਾ ਪਿਆਰੀ ਘੋਲਦੀ।

ਬਿਜੜਾ ਬਣਾਏ ਆਲ੍ਹਣਾ ਕਮਾਲ ਦਾ,
ਚੱਕੀਰਾਹਾ ਸੁੰਡੀਆਂ ਨੂੰ ਰਹੇ ਭਾਲਦਾ।

ਚੁੱਗਦਾ ਕਬੂਤਰ ਰੋੜ ਸੁੱਕੇ ਰੇਤ 'ਚੋਂ,
ਕਾਲਚਿੜੀ ਕੀੜੇ ਕੱਢ ਖਾਵੇ ਖੇਤ 'ਚੋਂ।

ਨੀਲਕੰਠ ਟਹਿਣੀ ਉੱਤੇ ਖੰਭ ਖੋਲ੍ਹਦਾ,
ਤਿੱਤਰ ਸੁਣੋ ਭਾਂਤ-ਭਾਂਤ ਬੋਲ ਬੋਲਦਾ।

ਪੰਛੀਆਂ ਦੇ ਨਾਲ ਬਿਰਛ ਬੂਟੇ ਚਹਿਕਦੇ,
ਧਰਤੀ 'ਤੇ ਫੁੱਲ ਸਦਾ ਰਹਿਣ ਟਹਿਕਦੇ।

* * * *

# ਰੁੱਖਾਂ ਦਾ ਖਜ਼ਾਨਾ

ਬਾਗਾਂ ਦਿਆ ਰਾਜਿਆ ਤੂੰ
ਬਾਗ਼ ਨਾ ਉਜਾੜ ਵੇ,
ਸਾਵੇ ਸਾਵੇ ਰੁੱਖਾਂ ਉੱਤੇ
ਨਾ ਐਵੇਂ ਗੁੱਸਾ ਝਾੜ ਵੇ।

ਰੁੱਖ ਨੇ ਖ਼ਜ਼ਾਨਾ ਸਾਡਾ
ਰੁੱਖ ਦੇਣ ਛਾਂਵਾਂ ਵੇ,
ਵੱਢ ਵੱਢ ਰੁੱਖਾਂ ਤਾਂਈਂ
ਦੇਵੀਂ ਨਾ ਸਜ਼ਾਵਾਂ ਵੇ।

ਫੁੱਲਾਂ ਲੱਦੇ ਬੂਟੜੇ ਦੀ
ਟਾਹਣੀ ਨਾ ਤ੍ਰੋੜ ਵੇ,
ਵੰਡੇ ਚੁਫੇਰੇ ਮਹਿਕਾਂ
ਫੁੱਲ ਨਾ ਮਰੋੜ ਵੇ।

ਰੁੱਖ ਨੇ ਬਹਾਰ ਸਾਡੀ
ਧਰਤੀ ਦੇ ਜਾਏ ਵੇ,
ਮਿੱਠੇ ਮਿੱਠੇ ਫਲ ਅਸਾਂ
ਰੁੱਖਾਂ ਤੋਂ ਲੈ ਖਾਏ ਵੇ।

ਰੁੱਖਾਂ ਉੱਤੇ ਪੰਛੀਆਂ ਨੇ
ਆਲ੍ਹਣੇ ਸਜਾਏ ਵੇ,
ਪੁੱਟ ਕੇ ਤੂੰ ਰੁੱਖ ਸੁਹਣੇ
ਪੰਛੀ ਵੀ ਉਡਾਏ ਵੇ।

ਜੰਗਲਾਂ 'ਚ ਜੀਵ-ਜੰਤੂ
ਕਰਦੇ ਗੁਜ਼ਾਰਾ ਵੇ,
ਕਿੰਨੇ ਹੀ ਪ੍ਰਾਣੀਆਂ ਦਾ
ਰੁੱਖ ਹੀ ਸਹਾਰਾ ਵੇ।

ਰੁੱਖਾਂ ਨਾਲ ਸਾਂਝ ਸਾਡੀ
ਪੱਤਾ ਪੱਤਾ ਗਾਏ ਵੇ,
ਠੰਢੀ ਠੰਢੀ ਪੌਣ ਤਾਜ਼ੀ
ਰੁੱਖ ਹੀ ਝੁਲਾਵੇ ਵੇ।

ਰੁੱਖਾਂ ਰਾਹੀਂ ਰੋਗ ਸਾਡੇ
ਸੁਣੀਂ, ਹੁੰਦੇ ਦੂਰੇ ਵੇ,
ਰੁੱਖ ਨੇ ਖ਼ਾਮੋਸ਼ ਦਾਤੇ
ਨਾ ਹੋਣ ਮਗਰੂਰ ਵੇ।

ਰੁੱਖਾਂ ਦੀਆਂ ਜੜ੍ਹਾਂ ਨੂੰ ਹੈ
ਮਿੱਟੀ ਸੰਗ ਮੋਹ ਵੇ,
ਰੁੱਖਾਂ ਦੀ ਜੀਰਾਂਦ ਨਾਲ
ਕਰੀਂ ਨਾ ਧ੍ਰੋਹ ਵੇ।

ਵਰਖਾ ਵਰ੍ਹਾਉਣ ਵਿੱਚ
ਰੁੱਖ ਦੇਣ ਸਾਥ ਵੇ,
ਪੜ੍ਹ ਕੇ ਕਿਤਾਬਾਂ ਦੱਸ
ਸੱਚੀ ਸੱਚੀ ਬਾਤ ਵੇ।

ਰੁੱਖ ਸਾਡੀ ਜੀਵਕਾ ਨੇ
ਕਹਿਣ ਵਿਦਵਾਨ ਵੇ,
ਰੁੱਖ ਹੀ ਸ਼ਿੰਗਾਰ ਸਾਡਾ
ਰੁੱਖਾਂ ਥੀਂ ਜਹਾਨ ਵੇ।

ਰੁੱਖ ਜਿੰਦ ਜਾਨ ਸਾਡੀ
ਰੁੱਖਾਂ ਦੇ ਸੌ ਸੁੱਖ ਵੇ,
ਰੁੱਖਾਂ ਬਾਝੋਂ ਧਰਤੀ 'ਤੇ
ਰਹਿਣਾ ਨੀਂ ਮਨੁੱਖ ਵੇ।

ਲੋਭੀ ਹੋ ਕੇ ਰਾਜਿਆ ਤੂੰ
ਰੁੱਖਾਂ ਨੂੰ ਨਾ ਵੱਢ ਵੇ,
ਜੰਗਲਾਂ ਨੂੰ ਕੱਟਣੇ ਦੀ
ਭੈੜੀ ਹਿੰਡ ਛੱਡ ਵੇ।

ਫੁੱਲ, ਬੂਟੇ, ਰੁੱਖਾਂ ਨਾਲ
ਵੱਸੇ ਸੰਸਾਰ ਵੇ,
ਥਾਂਓਂ ਥਾਂਈਂ ਰੁੱਖ ਲਾ ਕੇ
ਧਰਤੀ ਸ਼ਿੰਗਾਰ ਵੇ।

ਚੌਗਿਰਦਾ ਬਚਾਉਣ ਲਈ
ਰੁੱਖਾਂ ਨੂੰ ਸੰਭਾਲ ਵੇ,
ਰੁੱਖ ਨੇ ਖ਼ਜ਼ਾਨਾ ਸਾਡਾ
ਬਣੀ ਨਾ ਕੰਗਾਲ ਵੇ॥

* * * *

# ਫੁੱਲਾਂ ਦਾ ਪੰਘੂੜਾ

## ਗੁਲਾਬ

ਫੁੱਲਾਂ ਵਿੱਚੋਂ ਫੁੱਲ ਗੁਲਾਬ
ਜੀਵੇ ਸਾਡਾ ਦੇਸ ਪੰਜਾਬ।

ਕੂਲੀਆਂ ਕੂਲੀਆਂ ਪੱਤੀਆਂ ਵਾਲਾ,
ਮਿੱਠੀ ਜਿਹੀ ਸੁਗੰਧੀ ਵਾਲਾ।
ਇਸ ਦੇ ਰੰਗ ਨੇ ਬੇਹਿਸਾਬ,
ਫੁੱਲਾਂ ਵਿੱਚੋਂ ਫੁੱਲ ਗੁਲਾਬ।

ਪੀਲਾ, ਚਿੱਟਾ, ਲਾਲ, ਗੁਲਾਬੀ
ਕੋਈ ਕੇਸਰੀ, ਕੋਈ ਉਨਾਬੀ।
ਬਹੁਤ ਰੰਗਾਂ ਦੀ ਜਿਵੇਂ ਕਿਤਾਬ,
ਫੁੱਲਾਂ ਵਿੱਚੋਂ ਫੁੱਲ ਗੁਲਾਬ।

ਟਹਿਣੀ ਦੇ ਸੰਗ ਲੱਗੇ ਕੰਢੇ
ਪਰ ਸਭਨਾਂ ਨੂੰ ਖੁਸ਼ਬੂ ਵੰਡੇ।
ਕੋਈ ਨਾ ਝੱਲੇ ਇਸ ਦੀ ਤਾਬ,
ਫੁੱਲਾਂ ਵਿਚੋਂ ਫੁੱਲ ਗੁਲਾਬ।

ਫੁੱਲਾਂ ਦੇ ਹੁਣ ਲੱਗਦੇ ਮੇਲੇ,
ਚਲੋ ਵੇਖੀਏ ਛੱਡ ਝਮੇਲੇ।
ਚੰਡੀਗੜ੍ਹ ਗੁਲਾਬ ਦਾ ਬਾਗ਼
ਫੁੱਲਾਂ ਵਿੱਚੋਂ ਫੁੱਲ ਗੁਲਾਬ।

ਵੇਖੋ ਖਿੜਿਆ ਫੁੱਲ ਗੁਲਾਬ,
ਜੀਵੇ ਸਾਡਾ ਦੇਸ ਪੰਜਾਬ

## ਕੰਵਲ

ਪਾਣੀ ਉੱਤੇ ਕੰਵਲ ਹੈ ਹੱਸਦਾ,
ਸਾਨੂੰ ਸਭ ਨੂੰ ਖਿੜਨਾ ਦੱਸਦਾ।

ਲਹਿਰਾਂ ਉੱਤੇ ਕਰੇ ਅਸਵਾਰੀ,
ਜਿਉਂ ਮੁਰਗਾਬੀ ਲਾਵੇ ਤਾਰੀ।

ਚੌਹੀਂ ਪਾਸੀਂ ਪੱਤੀਆਂ ਖੁੱਲ੍ਹਣ,
ਰੰਗ ਗੁਲਾਬੀ, ਜਿਨ੍ਹਾਂ 'ਚੋਂ ਡੁੱਲ੍ਹਣ।

ਫੁੱਲ ਪਵਿੱਤਰ ਇਨ੍ਹਾਂ ਨੂੰ ਕਹਿੰਦੇ,
ਸੂਰਜ ਚੜ੍ਹੇ ਤਾਂ ਖਿੜਦੇ ਰਹਿੰਦੇ।

ਕੰਵਲ ਦੇ ਵਾਂਗੂ ਸਿੱਖੋ ਤਰਨਾ,
ਔਕੜ ਦੇ ਵਿੱਚ ਕਦੇ ਨਾ ਹਰਨਾ।

## ਗੇਂਦਾ

ਏਸ ਕਿਆਰੀ ਵੀ ਹੀ ਗੇਂਦਾ,
ਓਸ ਕਿਆਰੀ ਵੀ ਹੈ ਗੇਂਦਾ।
ਜੋ ਵੀ ਤੇਰੇ ਕੋਲੋਂ ਲੰਘੇ,
ਮਹਿਕ ਉਸ ਨੂੰ ਵੰਡ ਤੂੰ ਦੇਂਦਾ।

ਹਰੀਆਂ ਗੋਲ ਡੋਡੀਆਂ ਉੱਤੇ
ਪੀਲੇ ਪੀਲੇ ਗੇਂਦੇ ਹੱਸਦੇ,
ਧੁੱਪਾਂ ਦੇ ਵਿੱਚ ਖਿੜ-ਖਿੜ ਸੁਹਣੇ
ਸਭ ਰਾਹੀਆਂ ਦੇ ਦਿਲਾਂ ਨੂੰ ਖੱਸਦੇ।

ਰਾਤ ਪਈ ਤਾਂ ਸੋਚੀਂ ਜਾਵਣ
ਕਦ ਹੋਵਣਗੇ ਦੂਰ ਹਨੇਰੇ,
ਸੂਰਜ ਚੜ੍ਹੇ ਸਵੇਰੇ ਹੱਸਦਾ
ਮਹਿਕਾਂ ਵੰਡੇ ਚਾਰ ਚੁਫੇਰੇ।

## ਚਮੇਲੀ

ਖਿੜੀ ਚਮੇਲੀ ਖਿੜੀ ਚਮੇਲੀ,
ਫੁੱਲਾਂ ਦੀ ਬਣ ਗਈ ਸਹੇਲੀ।

ਚਿੱਟੇ ਫੁੱਲ ਪਿਆਰੇ ਲੱਗਣ,
ਫੁੱਲਾਂ ਦੇ ਨਾਲ ਵਿਹੜੇ ਫ਼ੱਬਣ।

ਰਾਤੀਂ ਲੱਗਣ ਹੱਸਦੇ ਤਾਰੇ,
ਚਿੱਟੇ ਚਿੱਟੇ ਲੱਗਣ ਪਿਆਰੇ।

ਚਿੱਟਾ ਰੰਗ ਸ਼ਾਂਤੀ ਲੋੜੇ,
ਕੋਈ ਕਿਸੇ ਦਾ ਦਿਲ ਨਾ ਤੋੜੇ।

ਪੱਤਿਆਂ ਦਾ ਰੰਗ ਹਰਾ ਕਚੂਰ
ਫੁੱਲਾਂ ਨੂੰ ਤੱਕ ਚੜ੍ਹੇ ਸਰੂਰ।

## ਦੁਪਹਿਰ-ਖਿੜੀ

ਦੁਪਹਿਰ-ਖਿੜੀ ਹੈ ਪਿਆਰੀ-ਪਿਆਰੀ,
ਰੌਣਕ ਲੱਗੀ ਕਿਆਰੀ ਕਿਆਰੀ।

ਕੂਲੀਆਂ-ਕੂਲੀਆਂ ਲਗਰਾਂ ਵਾਲੀ,
ਨਿੱਕੀਆਂ-ਨਿੱਕੀਆਂ ਪੱਤੀਆਂ ਵਾਲੀ।

ਗਮਲੇ ਵਿੱਚ ਵੀ ਸੁਹਣੀ ਲੱਗੇ...
ਬੂਟੀਆਂ ਵਾਲੇ ਜਿਕੂੰ ਝੱਗੇ।

ਫੁੱਲ ਬਹੁ-ਰੰਗੇ ਇਸ ਨੂੰ ਲਗਦੇ,
ਲਾਲ, ਜਾਮਣੀ, ਪੀਲੇ ਫਬਦੇ।

ਸਿਖਰ ਦੁਪਹਿਰੇ ਖਿੜਦੇ ਰਹਿੰਦੇ,
ਦੁਪਹਿਰ-ਖਿੜੀ ਵੀ ਤਾਂਹੀਓਂ ਕਹਿੰਦੇ।

## ਕੇਲੀ

ਕੇਲੀਏ ਨੀਂ ਕੇਲੀਏ
ਆਓ ਫੁੱਲਾਂ ਕੋਲ ਖੇਲੀਏ,
ਜੋਟੀ ਪਾ ਕੇ ਸਾਰੇ ਜਣੇ
ਝੂਮ ਝੂਮ ਮੇਲੀਏ।

ਪੱਤ ਤੇਰੇ ਸਾਵੇ ਸਾਵੇ
ਵੱਡੇ-ਵੱਡੇ ਚੌੜੇ-ਚੌੜੇ,
ਦੂਰੋਂ ਹੀ ਪਛਾਣ ਲਈਏ
ਕੋਲ ਆਈਏ ਦੌੜੇ-ਦੌੜੇ।

ਤੇਰੇ ਫੁੱਲ ਪੀਲੇ-ਪੀਲੇ
ਤੇਰੇ ਫੁੱਲ ਗੂੜ੍ਹੇ ਲਾਲ,
ਪੱਤਿਆਂ 'ਚ ਖਿੜੇ ਸੋਂਹਦੇ,
ਤੱਕਣ ਤੈਨੂੰ ਸਾਰੇ ਬਾਲ।

## ਕੁੱਕੜ ਕਲਗੀ

ਕੁੱਕੜ ਕਲਗੀ ਲੱਗਿਆ
ਦਿੱਸੇ ਸੁਹਣਾ ਵਿੱਚ ਕਿਆਰੀ,
ਮੁਰਗੇ ਦੀ ਜਿਉਂ ਕਲਗੀ
ਲੱਗੇ ਸੂਹੀ ਅਤਿ ਪਿਆਰੀ।

ਪੱਤਿਆਂ ਦਾ ਵੀ ਰੰਗ ਹੈ
ਲਗਦਾ ਸੂਹਾ ਲਾਲ,
ਗੱਲਾਂ ਕਰਦੇ ਬੱਚੇ ਦੇਖੇ
ਇੱਕ ਦੂਜੇ ਦੇ ਨਾਲ।

ਤਣਾ ਏਸ ਦਾ ਕੂਲਾ ਕੂਲਾ
ਲੱਗੇ ਸੂਹਾ ਚੰਗਾ,
ਕੁੱਕੜ ਕਲਗੀ ਫੁੱਲ ਮਖ਼ਮਲੀ
ਹੁੰਦਾ ਕਿਰਮਚੀ ਰੰਗਾ।

## ਡੇਲੀਆ

ਡੇਲੀਆ ਖਿੜਿਆ ਸਾਡੇ ਵਿਹੜੇ,
ਵੰਡਦਾ ਜਾਪੇ ਖੁਸ਼ੀਆਂ ਖੇੜੇ।

ਇਸ ਦਾ ਗੁੰਦਵਾਂ ਗੁੱਛਾ ਸੁਹਣਾ,
ਸਭ ਦੇ ਦਿਲ ਨੂੰ ਹੈ ਮਨ ਮੁਹਣਾ।

ਇਸ ਦੇ ਫੁੱਲਾਂ ਦੇ ਬਹੁ-ਰੰਗ,
ਵੇਖ ਵੇਖ ਕੇ ਹੋਈਏ ਦੰਗ।

ਫੁੱਲਾਂ ਦੇ ਨਾਲ ਰੌਣਕ ਲਗਦੀ,
ਫੁੱਲਾਂ ਦੇ ਨਾਲ ਕਿਆਰੀ ਸਜਦੀ,

ਜੀ ਚਾਹੇ ਬੱਸ ਤੱਕੀ ਜਾਵਾਂ,
ਜਾਂ ਫੁੱਲਾਂ ਦੇ ਗੀਤ ਮੈਂ ਗਾਵਾਂ।

## ਨਰਗਿਸ

ਚਿੱਟੇ-ਚਿੱਟੇ, ਪੀਲੇ ਰੰਗ ਦੇ
ਨਰਗਿਸ ਦੇ ਫੁੱਲ ਵੇਖੇ ਲਮਕੇ,
ਕੁਦਰਤ ਰਾਣੀ ਏਦਾਂ ਜਾਪੇ,
ਜੀਕੂੰ ਕੋਈ ਅੱਖੀਆਂ ਝਮਕੇ।

ਪੱਤਰ ਇਸ ਦੇ ਫਾਂਕਾਂ ਵਰਗੇ
ਲੱਗੇ ਕੋਈ ਬਾਹਾਂ ਖਲੇਰੇ,
ਜਦ ਖਿੜਦੇ ਨੇ ਫੁੱਲ ਨਰਗਸੀ,
ਰੌਣਕ ਲੱਗੇ ਚਾਰ-ਚੁਫੇਰੇ।

## ਚਾਂਦਨੀ

ਖਿੜੇ ਚਾਂਦਨੀ ਰਾਤਾਂ ਨੂੰ,
ਮਾਰੇ ਹਾਕ ਪ੍ਰਭਾਤਾਂ ਨੂੰ।
ਯਾਦ ਕਰਾਵੇ ਤਾਰਿਆਂ ਨੂੰ,
ਮਹਿਕਾਂ ਵੰਡੇ ਸਾਰਿਆਂ ਨੂੰ।

ਕੰਮ ਆਏ ਫੁੱਲਾਂ ਦਾ ਰਸ,
ਇਹ ਗੱਲ ਹੋਰਾਂ ਨੂੰ ਵੀ ਦੱਸ।
ਜੜ੍ਹ ਤੇ ਪੱਤਿਓਂ ਬਣੇ ਦਵਾਈ,
ਅਸੀਂ ਚਾਂਦਨੀ ਤਾਹੀਓਂ ਲਾਈ।

## ਗੁਲਦਾਉਦੀ

ਖਿੜੀਆਂ ਨੇ ਗੁਲਦਾਉਦੀਆਂ,
ਅੱਖੀਆਂ ਤੱਕਣ ਅਸਾਡੀਆਂ
ਕਿਆਰੀਆਂ 'ਚ ਲੱਗੀਆਂ
ਰੌਣਕਾਂ ਮੁੜ ਡਾਢੀਆਂ।

ਗੁੰਦਵੇਂ ਗੁੱਛੇ ਰੇਸ਼ਮੀ
ਲਾਲ, ਉਨਾਭੀ ਹੱਸਦੇ,
ਚਿੱਟੇ ਪੀਲੇ ਰੰਗਾਂ ਦੇ
ਦਿਲ ਅਸਾਡੇ ਖੱਸਦੇ।

ਵਿਹੜੇ ਘਰ ਮਹਿਕਾਉਂਦੀਆਂ
ਪੌਣਾਂ ਵੀ ਨਸ਼ਿਆਉਂਦੀਆਂ,
ਵੰਨ-ਸੁਵੰਨੇ ਰੰਗਾਂ ਥੀਂ
ਰਾਹੀਆਂ ਨੂੰ ਭਰਮਾਉਂਦੀਆਂ।

ਖਿੜੀਆਂ ਨੇ ਗੁਲਦਾਉਦੀਆਂ
ਫੁੱਲਾਂ ਲੱਦੀਆਂ ਵਾਦੀਆਂ,
ਧੁੱਪੇ ਖਿੜੀਆਂ ਜਿਸ ਤਰ੍ਹਾਂ,
ਰੰਗਾਂ ਦੀਆਂ ਮਤਾਬੀਆਂ।

ਅਮਨ ਸੁਨੇਹਾ ਦੇਣ ਲਈ
ਖਿੜੀਆਂ ਨੇ ਗੁਲਦਾਉਦੀਆਂ
ਧਰਤੀ ਉੱਤੇ ਜੰਗ ਨਾਲ
ਹੋਣ ਨਾ ਬਰਬਾਦੀਆਂ।

ਖਿੜੀਆਂ ਨੇ ਗੁਲਦਾਉਦੀਆਂ
ਅੱਖੀਆਂ ਤੱਕਣ ਅਸਾਡੀਆਂ।

## ਸੂਰਜਮੁਖੀ

ਸੁਣ ਸੂਰਜਮੁਖੀ, ਵੇ ਸੂਰਜਮੁਖੀ,
ਤੱਕ ਵੇ ਤੈਨੂੰ ਚੜ੍ਹਦੀ ਖੁਸ਼ੀ।

ਹੋਏ ਸਵੇਰਾ ਤੂੰ ਖਿੜ ਜਾਵੇਂ,
ਪੀਲੇ ਰੰਗ ਦੀ ਹੱਟੀ ਲਾਵੇਂ।

ਸੋਨੇ ਦਾ ਤੂੰ ਲੱਗੇਂ ਥਾਲ,
ਪੀਲਾ ਪੀਲਾ ਬਹੁਤ ਕਮਾਲ।

ਸੂਰਜ ਵੱਲ ਨੂੰ ਮੁਖੜਾ ਰੱਖੇਂ
ਉੱਚਾ ਕਰ ਕੇ ਸਿਰ ਤੂੰ ਹੱਸੇਂ।

ਸੂਰਜਮੁਖੀ ਹੈ ਤਾਹੀਓਂ ਨਾਂ,
ਮੈਨੂੰ ਦੱਸੇ ਪਿਆਰੀ ਮਾਂ।

ਥਾਲੀ ਜਿੱਡਾ ਤੇਰਾ ਫੁੱਲ,
ਕੋਈ ਨਾ ਦਿੱਸੇ ਤੇਰੇ ਤੁੱਲ।

ਕਾਲੇ ਜੜਵੇਂ ਤੇਰੇ ਬੀਜ,
ਕੁਦਰਤ ਗੁੰਦੇ ਪੂਰੀ ਰੀਝ।

ਤੇਲ ਤੇਰਾ ਹੈ ਬਹੁ ਵਡਮੁੱਲਾ,
ਬੀਜਾਂ ਵਿਚੋਂ ਨਿਕਲੇ ਖੁੱਲ੍ਹਾ।

ਤੇਰੀ ਦੂਰੋਂ ਰਹੇ ਪਛਾਣ,
ਖਿੜਿਆ ਰਹੇਂ ਤੂੰ ਪੱਤੀਆਂ ਤਾਣ।

ਸੁਣ ਸੂਰਜਮੁਖੀ ਵੇ ਸੂਰਜਮੁਖੀ,
ਤੱਕ ਕੇ ਤੈਨੂੰ ਚੜ੍ਹਦੀ ਖੁਸ਼ੀ

## ਫੁੱਲ ਤੇ ਤਿਤਲੀ

ਆ ਨੀ ਤਿਤਲੀ, ਆ ਨੀ ਤਿਤਲੀ,
ਦੋਵੇਂ ਪਾਈਏ ਰਲ ਕੇ ਕਿਕਲੀ।

ਰੇਸ਼ਮ ਵਰਗੇ ਤੇਰੇ ਖੰਭ,
ਵੱਖੋ ਵੱਖ ਇਹਨਾਂ ਦੇ ਰੰਗ।

ਤੈਨੂੰ ਫੁੱਲ ਨੇ ਚੰਗੇ ਲੱਗਦੇ,
ਮੈਨੂੰ ਵੀ ਮਨਮੁਹਣੇ ਲੱਗਦੇ।

ਫੁੱਲਾਂ ਦੀ ਤੂੰ ਖੁਸ਼ਬੂ ਮਾਣੇ,
ਤੈਨੂੰ ਤੱਕਦੇ ਰਹਿਣ ਨਿਆਣੇ।

ਜਦੋਂ ਉਡੇਂ ਤੂੰ ਸੁਹਣੀ ਲੱਗੇਂ,
ਮੇਰੇ ਕੋਲੋਂ ਕਿਉਂ ਤੂੰ ਭੱਜੇਂ।

## ਫੁੱਲ ਤੇ ਬੱਚੇ

ਆ ਨੀ ਛਿੰਦੋ, ਆ ਨੀਂ ਮਿੰਦੋ
ਫੁੱਲਾਂ ਦੇ ਬੂਟੇ ਕੋਲ ਬਹਿ ਕੇ,
ਮਿੱਠੀਆਂ ਮਿੱਠੀਆਂ ਗੱਲਾਂ ਕਰੀਏ
ਖੁਸ਼ਬੂ ਦੇ ਨਾਲ ਝੋਲੀ ਭਰੀਏ।

ਇਹ ਬੂਟਾ ਹੈ ਬਹੁਤ ਪਿਆਰਾ,
ਤੱਕੀਏ ਇਸ ਦਾ ਬੈਠ ਨਜ਼ਾਰਾ।
ਇਸ ਦਾ ਸੁਹਣਾ ਨਾਂ ਗੁਲਾਬ,
ਜੀਵੇ ਸਾਡੀ ਧਰਤ ਪੰਜਾਬ।

ਪੌਣ ਚੱਲੇ ਤਾਂ ਝੂਮਣ ਲੱਗਦੇ
ਇਸ ਦੇ ਪੱਤੇ ਹਰੇ ਕਚੂਰ,
ਬੂਟਿਆਂ ਵਿੱਚ ਵੀ ਸਾਡੇ ਵਾਂਗੂੰ
ਇੱਕੋ ਹੀ ਹੈ ਰੱਬ ਦਾ ਨੂਰ।

ਇਸ ਦੇ ਫੁੱਲ ਅਨੇਕ ਰੰਗਾਂ ਦੇ
ਸਭ ਨੂੰ ਵੰਡਣ ਮਹਿਕਾਂ ਮਿੱਠੀਆਂ,
ਚੰਡੀਗੜ੍ਹ ਗੁਲਾਬ ਬਾਗ਼ ਵਿੱਚ
ਸੈਂਕੜੇ ਖਿੜੀਆਂ ਕਿਸਮਾਂ ਡਿੱਠੀਆਂ।

ਕੁਦਰਤ ਇਸ ਦੀ ਟਹਿਣੀ ਲਾਏ
ਨਿੱਕੇ-ਨਿੱਕੇ ਤਿੱਖੇ ਕੰਡੇ,
ਪਰ ਇਹ ਸੁੰਦਰ ਫੁੱਲ ਪਿਆਰਾ
ਹਰ ਰਾਹੀ ਨੂੰ ਖੁਸ਼ਬੂ ਵੰਡੇ।

ਖਿੜ ਜਾਵਣ ਜਦ ਫੁੱਲ ਪਿਆਰੇ
ਆਲਾ-ਦੁਆਰਾ ਸੁਹਣਾ ਲੱਗੇ,
ਫੁੱਲਾਂ ਨਾਲ ਹੀ ਧਰਤੀ ਸਾਡੀ
ਸੁਰਗਾਂ ਦੀ ਰਾਣੀ ਬਣ ਫੱਬੇ।

## ਵੰਡੀਏ ਫੁੱਲ ਸੁਗੰਧੀ

ਫੁੱਲ ਖਿੜੇ ਨੇ ਰੰਗ ਬਿਰੰਗੇ,
ਸਭ ਨੂੰ ਲੱਗਣ ਵਾਹਵਾ ਚੰਗੇ।

ਆਲਾ-ਦੁਆਰਾ ਲੱਗੇ ਪਿਆਰਾ,
ਫੁੱਲਾਂ ਦਾ ਮਨਮੋਹਕ ਨਜ਼ਾਰਾ।

ਟਹਿਣੀ ਦੇ ਸੰਗ ਫੁੱਲ ਨੇ ਹੱਸਦੇ,
ਜਿਉਂ ਮਾਵਾਂ ਦੇ ਪੁੱਤਰ ਵੱਸਦੇ।

ਕਦੇ ਗੇਂਦਾ ਹੈ ਰੂਪ ਸਜਾਉਂਦਾ,
ਕਦੇ ਗੁਲਾਬ ਹੈ ਮੇਲੇ ਲਾਉਂਦਾ।

ਖਿੜੇ ਚਮੇਲੀ ਚਿੱਟੇ ਰੰਗ ਦੀ,
ਪੌਣ ਵੀ ਘੁੱਟਾਂ ਭਰਕੇ ਲੰਘਦੀ।

ਜਦ ਕੇਲੀ ਦੀ ਵਾਰੀ ਆਉਂਦੀ,
ਗੂੜ੍ਹਾ ਸੂਹਾ ਰੂਪ ਸਜਾਉਂਦੀ।

ਸੂਰਜਮੁਖੀ ਸੂਰਜ ਵੱਲ ਝਲਕੇ,
ਸੋਨੇ ਦਾ ਜਿਉਂ ਟਿੱਕਾ ਡਲ੍ਹਕੇ।

ਕਦੇ ਦੁਪਹਿਰ ਖਿੜੀ ਪਈ ਹੱਸੇ,
ਕਣ-ਕਣ ਅੰਦਰ ਕੁਦਰਤ ਵੱਸੇ।

ਕਦੇ ਡੇਲੀਆ ਮਨ ਨੂੰ ਮੋਹੇ,
ਤ੍ਰੇਲ ਫੁੱਲਾਂ ਦੇ ਮੁੱਖੜੇ ਧੋਏ।

ਕੰਵਲ ਪਾਣੀ 'ਤੇ ਕਰੇ ਅਸਵਾਰੀ,
ਅੱਖੀਆਂ ਝਮਕੇ ਨਰਗਿਸ ਪਿਆਰੀ।

ਗੁਲਦਾਉਦੀ ਨੂੰ ਤੋੜ ਨਾ ਪਿਆਰੇ,
ਸੁੰਦਰਤਾ ਦੇ ਮਾਣ ਨਜ਼ਾਰੇ।

* * * *

## ਸਾਡੀ ਸਾਂਝੀ ਭਾਰਤ ਮਾਂ

ਭਾਰਤ ਸਾਡੀ ਸਾਂਝੀ ਮਾਂ,
ਮਾਂ ਹੁੰਦੀ ਹੈ ਠੰਢੀ ਛਾਂ।

ਇਸਦੇ ਹਰੇ ਭਰੇ ਨੇ ਬੇਲੇ,
ਸਭ ਧਰਮਾਂ ਦੇ ਲੱਗਣ ਮੇਲੇ।
ਪੁੱਤਰ ਇਸਦੇ ਹਨ ਅਲਬੇਲੇ,
ਕਦੇ ਨਾ ਡਰਦੇ ਔਕੜ ਵੇਲੇ।
ਮਾਂ ਦੀਆਂ ਸਿਫ਼ਤਾਂ ਕਿੰਝ ਕਰਾਂ,
ਮਾਂ ਹੁੰਦੀ ਹੈ ਠੰਢੀ ਛਾਂ।

ਉੱਚਾ ਉੱਤਰ ਵਿਚ ਹਿਮਾਲਾ,
ਦੇਸ਼ ਦੀ ਦੌਲਤ ਦਾ ਰਖਵਾਲਾ।
ਸੂਰਜ ਚੜ੍ਹੇ ਤਾਂ ਹੋਏ ਉਜਾਲਾ,
ਗੰਗਾ ਗਾਉਂਦੀ ਗੀਤ ਨਿਰਾਲਾ।
ਵੱਸਣ ਇਸਦੇ ਸ਼ਹਿਰ ਗਿਰਾਂ,
ਮਾਂ ਹੁੰਦੀ ਹੈ ਠੰਢੀ ਛਾਂ।

ਪੈਰ ਏਸਦੇ ਸਾਗਰ ਚੁੰਮੇ,
ਖੇਤ ਅਸਾਡੇ ਰਹਿਣ ਨਾ ਸੁੰਨੇ।
ਖੁਸ਼ੀਆਂ ਦੀ 'ਵਾ ਏਥੇ ਘੁੰਮੇ,
ਇਸਦਾ ਨਾਂ ਦੁਨੀਆਂ ਵਿਚ ਧੁੰਮੇ।
ਇਸ ਵਰਗੀ ਨਾ ਕੋਈ ਥਾਂ,
ਮਾਂ ਹੁੰਦੀ ਹੈ ਠੰਢੀ ਛਾਂ।

ਆਓ ਕੌਮੀ ਨਗਮੇਂ ਗਾਈਏ,
ਗਿੱਧਾ ਭੰਗੜਾ, ਝੂੰਮਰ ਪਾਈਏ।
ਝਗੜੇ, ਝੇੜੇ ਦੂਰ ਭਜਾਈਏ,
ਮਿਲ ਕੇ ਰਹੀਏ ਸਾਂਝ ਵਧਾਈਏ।

## ਸੂਰਜ ਦਾ ਗੀਤ

ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

ਜਾਗੀ ਸੁੱਤੀ ਕੁਦਰਤ ਸਾਰੀ,
ਪੰਛੀ ਉੱਡਣ ਮਾਰ ਉਡਾਰੀ,
ਰੁਮਕੇ ਸੰਦਲੀ ਪੌਣ ਪਿਆਰੀ,
ਤੇਰੀ ਚੜ੍ਹਦੀ ਲਾਲੀ ਤੱਕ ਕੇ,
ਗਿਆ ਹਨੇਰਾ ਅੱਖ ਬਚਾ,
ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

ਨੀਲਾ ਅੰਬਰ ਖਿੜ ਖਿੜ ਹੱਸੇ,
ਧਰਤ ਸੁਹਾਵੀ ਜੁਗ ਜੁਗ ਵੱਸੇ,
ਕੋਈ ਕਿਸੇ ਦਾ ਹੱਕ ਨਾ ਖੱਸੇ,
ਸੋਨੇ ਰੰਗੀਆਂ ਕਿਰਨਾਂ ਤੱਕ ਕੇ
ਸਾਡੇ ਮਨ ਨੂੰ ਚੜ੍ਹਿਆ ਚਾਅ,
ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

ਘੁੱਗ ਵਸੇ ਪੰਜਾਬ ਪਿਆਰਾ
ਸਭ ਦੇਸ਼ਾਂ ਤੋਂ ਰਹੇ ਨਿਆਰਾ,
ਵਿਗਸੇ ਇਸਦਾ ਭਾਈਚਾਰਾ,
ਤੇਰੇ ਚਾਨਣ ਦੇ ਸੰਗ ਹੱਸਣ,
ਝੀਲਾਂ, ਪਰਬਤ ਤੇ ਦਰਿਆ।
ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

ਮੈਂ ਵੀ ਤੈਥੋਂ ਚਾਨਣ ਮੰਗਾਂ,
ਹਰ ਔਕੜ ਨੂੰ ਚੀਰਕੇ ਲੰਘਾਂ,
ਸਭ ਦੇ ਖਾਤਰ ਖੁਸ਼ੀਆਂ ਵੰਡਾਂ,
ਹੇ ਚਾਨਣ ਦੇ ਸਾਂਝੇ ਦਾਤਾ
ਸੁੱਤਿਆਂ ਲੋਕਾਂ ਤਾਈਂ ਜਗਾ।
ਸੂਰਜਾ, ਸੂਰਜਾ ਧੁੱਪ ਚੜ੍ਹਾ,
ਸਾਡੀ ਝੋਲੀ ਚਾਨਣ ਪਾ।

## ਲੋਹੜੀ ਦਾ ਗੀਤ

ਆ ਗਈ ਏ ਲੋਹੜੀ ਖਾਵਾਂਗੇ ਰਿਓੜੀਆਂ,
ਵੀਰਾਂ ਦੀਆਂ ਭੈਣਾਂ ਸਦਾ ਗਾਉਣ ਘੋੜੀਆਂ।

ਮੰਗ ਲਵੋ ਲੋਹੜੀ ਬੰਨ੍ਹ-ਬੰਨ੍ਹ, ਟੋਲੀਆਂ,
ਖੁਸ਼ੀਆਂ ਮਨਾਓ ਨਾਲੇ ਪਾਓ ਬੋਲੀਆਂ।

ਤਿਲਾਂ ਦੇ ਤਲੂੰਏ, ਗੱਚਕਾਂ ਵੀ ਖਾਵਾਂਗੇ,
ਮੂੰਗਫਲੀ, ਭੁੱਗੇ ਦੇ ਪਚਾਕੇ ਲਾਵਾਂਗੇ।

ਦੁੱਲਾ-ਭੱਟੀ ਵਾਲਾ ਚਲੋ ਗੀਤ ਗਾ ਲਈਏ,
ਸੇਕੀਏ ਇਕੱਠੇ ਬੈਠ ਲੋਹੜੀ ਬਾਲੀਏ।

ਨੱਸੇਗਾ ਦਲਿੱਦਰ, ਉੱਦਮ ਆ ਜਾਵੇਗਾ,
ਏਕਤਾ ਪਿਆਰ ਵਾਲਾ ਜਿੱਤ ਪਾਵੇਗਾ।

ਲੋਹੜੀ ਵਾਲਾ ਨਿੱਘ ਸੱਭੇ ਥਾਈਂ ਵੰਡੀਏ,
ਈਰਖਾ, ਕ੍ਰੋਧ ਵੈਰ ਦਿਲੋਂ ਛੰਡੀਏ।

ਚਾਈਂ ਚਾਈਂ ਖੁਸ਼ੀਆਂ ਦੀ ਲੋਹੜੀ ਮਾਣੀਏ,
ਦੂਜੇ ਉਤੇ ਛਤਰੀ ਸੁੱਖਾਂ ਦੀ ਤਾਣੀਏ॥

## ਬਾਲ ਖੇਡਾਂ

ਰਲ ਕੇ ਖੇਡਾਂ ਖੇਡਣ ਬੱਚੇ,
ਭੋਲੇ ਪਾਲੇ ਦਿਲ ਦੇ ਸੱਚੇ।

ਗਲੀਆਂ ਦੇ ਵਿਚ ਰੌਲਾ ਪਾਵਣ,
ਨਾਲ ਖੁਸ਼ੀ ਦੇ ਹੇਕਾਂ ਲਾਵਣ।

ਨੱਚਣ, ਟੱਪਣ, ਮਾਰਨ ਤਾੜੀ,
ਬਣ ਜਾਂਦੇ ਝੱਟ ਪੱਕੇ ਆੜੀ।

ਇਕ ਦੂਜੇ ਨੂੰ ਹਾਕਾਂ ਮਾਰਨ,
ਸਾਥ ਮੜਿਕ ਕੇ ਦਾਈ ਤਾਰਨ।

ਲੁੱਕਣ-ਮੀਚੀ ਖੇਡਦੇ ਨੱਸਣ,
ਲੱਭਣ ਪਿੱਛੋਂ ਖਿੜ ਖਿੜ ਹੱਸਣ।

ਖੇਡਣ ਕੋਟਲਾ ਛਪਾਕੀ,
ਘੁੰਮੇ ਇਕ ਤੇ ਬੈਠਣ ਬਾਕੀ।

ਘੁੱਗੂ-ਕਾਂਗੜੇ ਖੇਡ ਨਿਆਰੀ,
ਸਭ ਨੂੰ ਲੱਗੇ ਬੜੀ ਪਿਆਰੀ।

ਖੇਡਣ ਰਲ ਕੇ ਖੂਬ ਕਬੱਡੀ,
ਧਰਤੀ 'ਤੇ ਨਾ ਲਾਵਣ ਅੱਡੀ।

ਕਦੇ ਪਿੱਠੂ ਦੀ ਖੇਡ ਰਚਾਵਣ,
ਗੇਂਦ ਮਾਰਕੇ ਪਿੱਠੂ ਢਾਵਣ।

ਅੰਨਾ ਝੋਟਾ ਬਣ ਬਣ ਭੱਜਣ,
ਪੀਚੋ ਖੇਡ ਕੇ ਕਦੇ ਨਾ ਰੱਜਣ।

ਕਦੇ ਬੈਠ ਕੇ ਸੁਣਨ ਕਹਾਣੀ,
ਕਦੇ ਖੇਡ ਦੇ ਲੂਣ-ਮਧਾਣੀ।

ਭੰਡਾ ਭੰਡਾਰੀਆ ਕਿੰਨਾ ਕੁ ਬੋਝ,
ਖੇਡਣ ਮਿਲ ਕੇ ਸ਼ਾਮੀ ਰੋਜ਼।

ਰੱਸੀ ਟੱਪਾ ਖੇਡਣ ਕੁੜੀਆਂ,
ਗੀਟੇ ਖੇਡਣ ਵਿਹੜੇ ਜੁੜੀਆਂ।

ਹੋਰ ਵੀ ਖੇਡਾਂ ਖੇਡਣ ਬਾਲਕ,
ਆਪਣਾ ਹੀ ਮਰਜ਼ੀ ਦੇ ਮਾਲਕ।

ਚੇਤੇ ਆਵੇ ਬਚਪਨ ਪਿਆਰਾ,
ਖੇਡਾਂ ਦਾ ਸੀ ਬੜਾ ਨਜ਼ਾਰਾ।

ਰਲ ਕੇ ਖੇਡਾਂ ਖੇਡਣ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ॥

## ਬੱਦਲਾ ਬੱਦਲਾ ਮੀਂਹ ਵਰ੍ਹਾ

ਬੱਦਲਾ ਬੱਦਲਾ ਮੀਂਹ ਵਰ੍ਹਾ,
ਸਾਵਾ ਸਾਵਣ ਚੜ੍ਹਿਆ ਆ।

ਧਰਤੀ, ਪੌਣ ਗਏ ਨਸ਼ਿਆ,
ਮਿੱਤਰਾ ਮੋਰਾ ਪੈਲਾਂ ਪਾ,
ਕੋਇਲੇ ਭੈਣੇ ਗੀਤ ਸੁਣਾ,
ਵੀਰ ਪਪੀਹੇ ਤੂੰ ਵੀ ਗਾ।
ਬੱਦਲਾ ਬੱਦਲਾ ਮੀਂਹ ਵਰ੍ਹਾ,
ਤੱਕ ਕੇ ਤੈਨੂੰ ਚੜ੍ਹਿਆ ਚਾਅ।

ਠੰਢੀ-ਠੰਢੀ ਪੌਣ ਚਲਾ,
ਛਮ ਛਮ ਕਰਕੇ ਵਿਹੜੇ ਆ,
ਭਰਦੇ ਛੱਪੜ ਤੇ ਦਰਿਆ
ਅੰਬਰੀ ਚੜ੍ਹ ਕੇ ਆਈ ਘਟਾ।
ਬੱਦਲਾ ਬੱਦਲਾ ਮੀਂਹ ਵਰ੍ਹਾ,
ਸਭ ਦੀ ਕੋਠੀ ਦਾਣੇ ਪਾ।

ਲਹਿਰੇ ਹਰ ਇਕ ਖੇਤ ਹਰਾ
ਝੂਮਣ ਮੱਕੀ, ਚਰੀ, ਕਪਾਹ,
ਹੱਸਣ ਵੇਲਾਂ ਬੂਟੇ ਤੇ ਘਾਹ,
ਪੰਛੀ ਉੱਡਣ ਵਿਚ ਹਵਾ।
ਬੱਦਲਾ ਬੱਦਲਾ ਮੀਂਹ ਵਰ੍ਹਾ,
ਆਖੇ ਤੈਨੂੰ ਬਾਲ-ਸਭਾ।

ਗਰਮੀ ਤੋਂ ਖਹਿੜਾ ਛਡਵਾ,
ਚਾਰ ਚੁਫੇਰੇ ਰੁਣ-ਝੁਣ ਲਾ,
ਖੇੜਾ ਖੁਸ਼ੀਆਂ ਤੂੰ ਵਰਤਾਅ
ਨੱਚਣ ਕੁੱਦਣ ਮਨ ਕਾ ਚਾਅ।
ਬੱਦਲਾ ਬੱਦਲਾ ਮੀਂਹ ਵਰ੍ਹਾ,
ਸਭ ਦੀ ਕੋਠੀ ਦਾਣੇ ਪਾ।

## ਰੰਗੀ-ਰੰਗੀਲੇ ਗੁਬਾਰੇ

ਗਲੀ ਅਸਾਡੇ ਭਾਈ ਆਇਆ
ਵੇਚਣ ਲਈ ਗੁਬਾਰੇ,
ਸੁਣ ਕੇ ਹੋਕਾ ਨਿੱਕੇ ਬੱਚੇ,
ਕੱਠੇ ਹੋ ਗਏ ਸਾਰੇ।

ਰੰਗ-ਰੰਗੀਲੇ ਤੱਕ ਗੁਬਾਰੇ
ਬੱਚਿਆਂ ਖੁਸ਼ੀ ਮਨਾਈ,
ਰਿੱਕੀ, ਕੁੱਕੀ, ਲਾਲੀ, ਭੋਲੀ
ਦੀਪੀ ਭੱਜੀ ਆਈ।

ਕਿਸੇ ਨੇ ਲਿੱਤਾ ਲਾਲ ਗੁਬਾਰਾ
ਕਿਸੇ ਨੇ ਹਰਾ, ਪਿਆਜੀ,
ਵੀਰ ਮੇਰੇ ਨੇ ਨੀਲਾ ਚੁਣਿਆ

ਦੀਪੀ ਲਿਆ ਗੁਲਾਬੀ।
ਕਈ ਗੁਬਾਰੇ ਭਰੇ ਭਰਾਏ
ਠਾਹ ਠਾਹ ਕਰਕੇ ਫੁੱਟੇ,
ਰੋਣੇ ਵਰਗਾ ਮੂੰਹ ਬਣਾ ਕੇ
ਰਿੱਕੀ, ਕੁੱਕੀ, ਰੁੱਠੇ।

ਪੰਜੀ, ਦੱਸੀ ਦੇ ਕੇ ਬੱਚਿਆਂ
ਲਿੱਤੇ ਖ਼ੂਬ ਗੁਬਾਰੇ,
ਧਾਗੇ ਬੰਨ੍ਹ, ਪਤੰਗਾਂ ਵਾਂਗੂੰ
ਲੈਂਦੇ ਫਿਰਨ ਨਜ਼ਾਰੇ॥

## ਰੱਖੜੀ

ਮੇਰੇ ਸੁਹਣੇ ਵੀਰਿਆ ਬਨ੍ਹਾ ਲੈ ਰੱਖੜੀ,
ਖ਼ੁਸ਼ੀਆਂ ਦੇ ਨਾਲ ਤੂੰ ਸਜਾ ਲੈ ਰੱਖੜੀ।

ਮੰਗਾਂ ਤੇਰੀ ਖ਼ੈਰ ਮੈਂ ਸਦਾ ਹੀ ਵੀਰਿਆ,
ਭੈਣ ਦਾ ਪਿਆਰ ਸੁੱਚਾ ਹੁੰਦਾ ਹੀਰਿਆ।

ਰੱਖੜੀ ਦੀ ਤੰਦ ਵਿਚ ਰੀਝਾਂ ਮੇਰੀਆਂ
ਜੱਗ ਤੇ ਮਹਾਨ ਗੱਲਾਂ ਹੋਣ ਤੇਰੀਆਂ।

ਸੁਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ,
ਮੇਰੇ ਸੁਹਣੇ ਵੀਰਿਆ ਬਨ੍ਹਾ ਲੈ ਰੱਖੜੀ।

ਵੱਖ ਵੱਖ ਰੰਗ ਨੇ ਪਿਆਰੇ ਲਗਦੇ,
ਸੁਖੀ ਰਹਿਣ ਦੁਨੀਆਂ 'ਚ ਵੀਰ ਸਭਦੇ।

ਸ਼ਗਨ ਮਨਾਉਣ ਭੈਣਾਂ ਨਾਲ ਚਾਵਾਂ ਦੇ,
ਖੱਟਦੇ ਨੇ ਨਾਂਮ ਚੰਗਾ ਪੁੱਤ ਮਾਵਾਂ ਦੇ।

ਸੀਨੇ ਨਾਲ ਆਪਣੇ ਤੂੰ ਲਾ ਲੈ ਰੱਖੜੀ,
ਮੇਰੇ ਸੁਹਣੇ ਵੀਰਿਆ ਬੰਨ੍ਹਾ ਲੈ ਰੱਖੜੀ।

ਵੀਰ ਲੋਚੇ ਭੈਣ ਰਹੇ ਸੁਖੀ ਵੱਸਦੀ,
ਜ਼ਿੰਦਗੀ 'ਚ ਸਦਾ ਰਹੇ ਦਿਲੋਂ ਹੱਸਦੀ।

ਭੈਣ ਲਈ ਵੀਰ ਅਣਖੀਲੀ ਢਾਲ ਵੇ,
ਦੇਸ਼ ਦੀ ਵੀ ਸ਼ਾਨ ਉੱਚੀ ਵੀਰਾਂ ਨਾਲ ਵੇ।

ਆ ਜਾ ਮੇਰੇ ਵੀਰਿਆ ਬਨ੍ਹਾ ਲੈ ਰੱਖੜੀ,
ਸੁਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ।

## ਰੁੱਤ ਛੱਲੀਆਂ ਦੀ ਆਈ

ਸਾਡੇ ਖੇਤੀਂ ਮੱਕੀ ਝੂਮੇ,
ਕੋਠੇ-ਕੋਠੇ ਜਿੱਡੀ ਹੋਈ,
ਦੱਬ ਕੇ ਵਾਹੀ, ਗੋਡੀ ਕੀਤੀ
ਹੋਈ ਖ਼ੂਬ ਨਰੋਈ।

ਕੱਲੇ ਕੱਲੇ ਟਾਂਡੇ ਉੱਤੇ
ਸਜ ਕੇ ਬਾਬੂ ਆਏ,
ਪੰਛੀ ਜਿਕੂੰ ਟੀਸੀ ਬੈਠਾ,
ਕਲਗੀ ਸੀਸ ਸਜਾਏ।

ਹਰ ਟਾਂਡੇ ਦੇ ਅੱਧ ਵਿਚਾਲੇ
ਗੱਠਾਂ ਥਾਵਾਂ ਮੱਲੀਆਂ,
ਰੂਪ ਬਦਲ ਕੇ ਗੱਠਾ ਤਾਈਂ
ਦੋ-ਦੋ ਬਣੀਆਂ ਛੱਲੀਆਂ

ਸਾਵੇ ਪੜਦੇ ਅੰਦਰ ਛੱਲੀ
ਰੇਸ਼ਮ ਦੀ ਤੰਦ ਕੱਤੇ,
ਖ਼ੁਸ਼ੀਆਂ ਨਾਲ ਕਿਸਾਨ ਖੜੋਤਾ
ਮਿਹਨਤ ਦਾ ਫਲ ਤੱਕੇ।

ਛੱਲੀਆਂ ਲੈਂਦੇ ਟਾਂਡੇ ਸਾਰੇ
ਗੱਲਾਂ ਕਰ ਕਰ ਹਸਦੇ,
ਸਾਵਣ ਭਾਦੋਂ ਬੱਦਲ ਕਾਲੇ
ਜਲ-ਥਲ ਕਰਕੇ ਵਸਦੇ।

ਹਰ ਛੱਲੀ ਮੋਟੀ ਹੋ ਜਾਂਦੀ
ਭਰ ਜਾਵਣ ਜਦੋਂ ਦਾਣੇ,
ਦੋਧੇ ਦਾਣੇ ਮਿੱਠੇ ਲਗਦੇ
ਚੱਬਣ ਖ਼ੂਬ ਨਿਆਣੇ।

ਸੋਨੇ ਰੰਗੀਆਂ ਛੱਲੀਆਂ ਤੱਕ ਕੇ
ਬੱਚਿਆਂ ਖ਼ੁਸ਼ੀ ਮਨਾਈ,
ਆਓ ਸਾਰੇ ਭੁੰਨ ਭੁੰਨ ਖਾਈਏ
ਰੁੱਤ ਛੱਲੀਆਂ ਦੀ ਆਈ॥

## ਹੋਲੀ ਖ਼ੂਬ ਮਨਾਈਏ

ਹੋਲੀ ਐ ਬਈ ਹੋਲੀ ਐ,
ਗਾਉਂਦੀ ਫਿਰਦੀ ਟੋਲੀ ਐ।

ਆਓ ਹੋਲੀ ਖ਼ੂਬ ਮਨਾਈਏ,
ਨੱਚੀਏ, ਟੱਪੀਏ, ਭੰਗੜਾ ਪਾਈਏ।

ਵੱਖੋ ਵੱਖਰੇ ਰੰਗ ਘੋਲੀਏ,
ਇਕ ਦੂਜੇ ਤੇ ਖ਼ੂਬ ਡੋਲ੍ਹੀਏ।

ਹਰਾ, ਗੁਲਾਬੀ, ਨੀਲਾ, ਲਾਲ,
ਕੋਈ ਮਲਦਾ ਫਿਰੇ ਗੁਲਾਲ।

ਕੋਈ ਬੋਤਲ ਚੁੱਕੀ ਫਿਰਦਾ,
ਕੋਈ ਟੋਲੀ ਵਿਚ ਆ ਘਿਰਦਾ।

ਭਰ ਭਰ ਕੇ ਪਿਚਕਾਰੀ ਮਾਰਨ
ਇਕ ਦੂਜੇ ਤੋਂ ਬਦਲਾ ਤਾਰਨ।

ਰੰਗ-ਬਰੰਗੇ ਚਿਹਰੇ ਹੱਸਣ,
ਇੱਕ ਦੂਜੇ ਦੇ ਪਿੱਛੇ ਨੱਸਣ।

ਸਭ ਦੇ ਕੱਪੜੇ ਗਚ-ਮਚ ਹੋਏ,
ਆਖਣ ਸਾਰੇ ਹੋਏ-ਹੋਏ।

ਵਾਹਵਾ ਰੰਗਾਂ ਦਾ ਤਿਉਹਾਰ,
ਏਦਾਂ ਹੀ ਆਵੇ ਹਰ ਵਾਰ।

ਹੋਲੀ ਐ ਬਈ ਹੋਲੀ ਐ,
ਰੰਗਾਂ ਦੀ ਹੱਟ ਖੋਲ੍ਹੀ ਐ॥

## ਸਾਂਝੀ ਛਾਂ

ਸਾਡੇ ਪਿੰਡ ਹੈ ਬੋਹੜ ਦੀ
ਠੰਢੜੀ ਠੰਢੜੀ ਛਾਂ,
ਰਲ ਮਿਲ ਬੈਠਣ ਵਾਸਤੇ
ਇਹ ਹੈ ਸਾਂਝੀ ਥਾਂ।

ਪੱਤਰ ਇਸਦੇ ਸੰਘਣੇ
ਸਾਵੇ ਹਰੇ ਕਚੂਰ,
ਤੱਕ ਕੇ ਛਾਵਾਂ ਮਿੱਠੜੀ
ਚੜ੍ਹਦਾ ਜਾਏ ਸਰੂਰ।

ਦਾੜ੍ਹੀ ਹੇਠਾਂ ਲਮਕਦੀ
ਇਸ ਦੇ ਟਾਹਣਾਂ ਨਾਲ
ਬਾਬਾ ਬੋਹੜ ਆਖਦੇ
ਸਾਰੇ ਪਿੰਡ ਦੇ ਬਾਲ।

ਪੰਛੀ ਇਸ ਤੇ ਬੈਠਕੇ
ਬੋਲ ਸੁਰੀਲੇ ਗਾਣ,
ਗੋਲ੍ਹਾਂ, ਖਾ ਕੇ ਮਿੱਠੀਆਂ
ਨਾਲ ਖ਼ੁਸ਼ੀ ਉੱਡ ਜਾਣ।

ਬੱਚੇ ਏਥੇ ਖੇਡਦੇ
ਰੋਜ਼ ਆੜੀਆਂ ਸੰਗ,
ਇਹ ਨਾ ਕਦੇ ਵੇਖਦਾ
ਜ਼ਾਤ-ਪਾਤ ਤੇ ਰੰਗ।

ਰਾਸ, ਅਖਾੜੇ, ਜਲਸਿਆਂ,
ਦੀ ਬੰਨ੍ਹੀ ਇਸਨੇ ਸ਼ਾਨ,
ਇਹ ਨਾ ਰੱਤੀ ਡੋਲਿਆ
ਆਉਂਦੇ ਰਹੇ ਤੂਫਾਨ।

ਉਮਰ ਲੰਬੇਰੀ ਏਸਦੀ
ਸੌ ਸਾਲਾਂ ਤੋਂ ਵੱਧ,
ਝੱਲੀ ਧੁੱਪਾਂ ਕੜਕਵੀਂ
ਵਰਖਾ ਵੀ ਬੇਹੱਦ।

ਜੁੜੀਆਂ ਏਥੇ ਰੌਣਕਾਂ
ਲੈ ਖੁਸ਼ੀਆਂ ਦੀ ਆਸ
ਜੀਵਨ ਰੁੱਖਾਂ ਨਾਲ ਹੈ
ਪੌਣਾਂ ਨਾਲ ਸਵਾਸ।

ਸਭਨਾਂ ਨੂੰ ਇਹ ਵੰਡਦਾ
ਖੁਸ਼ੀਆਂ ਦੀ ਗੁਲਜ਼ਾਰ,
ਸ਼ਾਲਾ! ਥੱਲੇ ਏਸਦੇ
ਲੱਗੀ ਰਹੇ ਬਹਾਰ॥

## ਬਾਲ ਗੀਤ

ਡਿਕ ਡਿਕ ਡਿਕ
ਖੇਡਣੀ ਜੋ ਖੇਡ
ਮੇਰੇ ਨਾਲ ਤੂੰ ਮੜਿਕ।

ਡੱਗ ਡੱਗ ਡੋ
ਦਾਈ ਆ ਕੇ ਦੇ
ਚੁੱਪ ਚਾਪ ਨਾ ਖੜੋ।

ਘੂੰ ਘੂੰ ਘੂੰ
ਚੱਲੀਏ ਸਕੂਲ ਹੁਣ
ਮੈਂ ਅਤੇ ਤੂੰ।

ਝਰ ਝਰ ਝਰ
ਸੁੰਦਰ ਲਿਖਾਈ ਬੀਬਾ
ਬੈਠ ਕੇ ਤੂੰ ਕਰ।

ਟੰਨ ਟੰਨ ਟੰਨ
ਵਿੱਦਿਆ ਜੇ ਪਾਉਣੀ
ਆਖਾ ਗੁਰੂਆਂ ਦਾ ਮੰਨ।

ਘੰਮ ਘੰਮ ਘੰਮ
ਬਣੀ ਤੂੰ ਮਹਾਨ
ਆਵੀਂ ਦੇਸ਼ ਦੇ ਤੂੰ ਕੰਮ॥

## ਪੰਛੀ ਪਿਆਰੇ ਲੱਗਦੇ

ਘੁੱਗੀਆਂ, ਗੁਟਾਰਾਂ, ਚਿੜੀਆਂ ਤੇ ਬੱਤਖਾਂ,
ਪੰਛੀ ਮਨਮੋਹਣੇ, ਕੂੰਜਾਂ ਆਉਣ ਕੱਤਕਾਂ।

ਸਾਉਣ ਦੇ ਮਹੀਨੇ ਮੋਰ ਪੈਲਾਂ ਪਾਂਵਦੇ,
ਤੱਕ ਕੇ ਜਿਨ੍ਹਾਂ ਨੂੰ ਬੱਚੇ ਗੀਤ ਗਾਂਵਦੇ।

ਤੋਤਿਆਂ ਦੀ ਡਾਰ ਮਾਰਦੀ ਉਡਾਰੀਆਂ,
ਲੈਣ ਮੁਰਗਾਬੀਆਂ ਤਲਾਂ 'ਚ ਤਾਰੀਆਂ।

ਅੰਬਾਂ ਉੱਤੇ ਕੋਇਲ ਮਿੱਠੀ ਬੋਲੀ ਬੋਲਦੀ,
ਬਾਗ਼ਾਂ ਵਿੱਚ ਰਸਨਾ ਪਿਆਰੀ ਘੋਲਦੀ।

ਬਿਜੜਾ ਬਣਾਵੇ ਆਲ੍ਹਣਾ ਕਮਾਲ ਦਾ,
ਚੱਕੀਰਾਹਾ ਸੁੰਡੀਆਂ ਨੂੰ ਰਹੇ ਭਾਲਦਾ।

ਚੁਗਦਾ ਕਬੂਤਰ ਸੁੱਕੇ ਰੋੜ ਰੇਤ 'ਚੋਂ,
ਕਾਲਚਿੜੀ ਕੀੜੇ ਕੱਢ ਖਾਵੇ ਖੇਤ 'ਚੋਂ।

ਨੀਲਕੰਠ ਟਹਿਣੀ ਉੱਤੇ ਖੰਭ ਖੋਲ੍ਹਦਾ,
ਤਿੱਤਰ ਜਾਪੇ ਭਾਂਤੋ-ਭਾਂਤੀ ਬੋਲੀ ਬੋਲਦਾ।

ਪੰਛੀਆਂ ਦੇ ਨਾਲ ਬਿਰਖ ਬੂਟੇ ਚਹਿਕਦੇ,
ਧਰਤੀ ਤੇ ਫੁੱਲ ਸਦਾ ਰਹਿਣ ਮਹਿਕਦੇ।

ਪੰਛੀਆਂ ਤੇ ਦਇਆ ਕਰਨੀ ਨਾ ਭੁੱਲੀਏ,
ਦੁੱਖਾਂ ਵਿਚ ਸਦਾ ਦੂਜਿਆਂ ਤੇ ਡੁੱਲ੍ਹੀਏ॥

## ਆ ਨੀ ਧੁੱਪੇ

ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰ ਕੇ ਵਿਹੜੇ ਆ
ਠੁਰ ਠੁਰ ਕਰਦੇ ਲੋਕਾ ਤਾਈਂ
ਕੋਸਾ ਕੋਸਾ ਨਿੱਘ ਵਰਤਾਅ।

ਸਾਰੀ ਰਾਤੀਂ ਪਾਲਾ ਸਹਿ ਕੇ
ਟਹਿਣੀ-ਟਹਿਣੀ ਪੱਤੇ ਕੰਬੇ,
ਠੰਢੀ-ਠੰਢੀ ਪੌਣ ਨੇ ਵੱਗ ਕੇ
ਆਲ੍ਹਣਿਆਂ ਵਿਚ ਬੋਟ ਵੀ ਝੰਬੇ
ਦਗ਼ਦੇ ਸੂਰਜ ਦੇ ਚੁੱਲ੍ਹੇ 'ਚੋਂ

ਹੁਣ ਤਾਂ ਚੜ੍ਹ ਕੇ ਨਿੱਘ ਲਿਆ,
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰ ਕੇ ਵਿਹੜੇ ਆ।

ਧਰਤੀ ਦਾ ਪਿੰਡਾ ਵੀ ਸੁੱਤਾ,
ਸਰਦੀ ਦੀ ਚਾਦਰ ਲੈ ਠੰਢੀ,
ਤ੍ਰੇਲ ਬਰਫ਼ ਦੀਆਂ ਡਲੀਆਂ ਵਾਗੂੰ
ਘਾਹ ਤੇ ਜੰਮ ਗਈ ਡੰਡੀ ਡੰਡੀ,
ਕੂਲੇ ਫੁੱਲਾਂ ਨੂੰ ਮੁਸਕਾਵਣ
ਧੁੱਪਾਂ ਕਰ ਕੇ ਖੇਤ ਜਗਾ
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰ ਕੇ ਵਿਹੜੇ ਆ।

ਖੇੜਾ, ਖੁਸ਼ੀਆਂ ਖੈਰਾਂ ਵੰਡ ਕੇ
ਚੌਹੀਂ ਪਾਸੀਂ ਰੌਣਕ ਕਰਦੇ,
ਪਿੰਡ, ਨਗਰ ਤੇ ਸ਼ਹਿਰਾਂ ਅੰਦਰ
ਚਾਨਣ ਦੇ ਨਾਲ ਗਲੀਆਂ ਭਰਦੇ,
ਭੋਲਾ ਭਾਲਾ ਬਚਪਨ ਆਖੇ
ਸਾਡਾ ਰੁੱਠਿਆ ਦਿਲ ਪਰਚਾਅ,
ਆ ਨੀ ਸੋਨੇ ਰੰਗੀਏ ਧੁੱਪੇ
ਠੁਮ ਠੁਮ ਕਰ ਕੇ ਵਿਹੜੇ ਆ।
ਠੁਰ ਠੁਰ ਕਰਦੇ ਲੋਕਾਂ ਤਾਈਂ
ਕੋਸਾ ਕੋਸਾ ਨਿੱਘ ਵਰਤਾਅ॥

## ਸਮੇਂ ਨੂੰ ਸੰਭਾਲ

ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ,
ਲੋਕ ਸੁਖੀ ਜੀਣ, ਰਹਿਣ ਨਾ ਕੰਗਾਲ ਉਏ।

ਆਓ ਸੁਹਣੇ ਘਰਾਂ ਦੀ ਉਸਾਰੀ ਕਰੀਏ,
ਖੁਸ਼ੀਆਂ ਬਹਾਰਾਂ ਨਾਲ ਵਿਹੜੇ ਭਰੀਏ।
ਘਰ ਸਾਫ਼ ਸੁਥਰੇ ਚੰਗੇਰੇ ਲਗਦੇ,
ਫੁੱਲ ਬੂਟੇ ਲਾਏ ਸੱਭੇ ਥਾਈਂ ਸੱਜਦੇ।

ਮਹਿਕਾਂ ਭਰੀ ਪੌਣ ਚੱਲੇ ਨਾਲ ਨਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ।

ਨਵੀਂ ਖੇਤੀ ਲਈ ਸਿੱਖਿਆ ਦੀ ਲੋੜ ਵੇ,
ਕੱਟਿਆ ਜ਼ਮਾਨਿਆਂ ਨੇ ਨਵਾਂ ਮੋੜ ਵੇ।
ਖੇਤਾਂ ਵਿਚ ਫਸਲਾਂ ਜੇ ਹੋਣ ਚੰਗੀਆਂ,
ਭੁੱਖ ਤੇ ਗਰੀਬੀ ਭੱਜ ਜਾਣ ਤੰਗੀਆਂ।

ਭੰਗੜਾ ਤੇ ਗਿੱਧਾ ਫੇਰ ਦੇਣ ਤਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ।

ਛੋਟਾ ਪਰਿਵਾਰ ਸਦਾ ਰਹੇ ਹੱਸਦਾ,
ਫੁੱਲਾਂ ਵਾਂਗੂੰ ਖੇੜਾ ਉਥੇ ਰਹੇ ਵੱਸਦਾ।
ਚੰਗੀ ਸਿਹਤ ਵਾਲੇ ਬੱਚੇ ਹੋਣ ਮਾਵਾਂ ਦੇ,
ਕਰਨ ਪੜ੍ਹਾਈ ਤਦੇ ਨਾਲ ਚਾਵਾਂ ਦੇ।

ਕਰ ਕੇ ਧਿਆਨ ਇਨ੍ਹਾਂ ਤਾਈਂ ਪਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਾਲ ਉਏ।

ਸਮਿਆਂ ਦੀ ਮੰਗ ਰੋਕੇ ਵੱਸੋਂ ਵੱਧਦੀ,
ਧਰਤੀ ਸੁਹਾਵੀਂ ਨਹੀ ਰਹਿਣੀ ਚੱਜਦੀ।
ਮਿਲਣੀ ਨਾ ਥਾਂ ਤੇਰੇ ਮੇਰੇ ਪੈਰ ਨੂੰ,
ਤਰਸੇਂਗਾ ਬੰਦਿਆ ਤੂੰ ਏਥੇ ਸੈਰ ਨੂੰ,

ਵੱਧਦੀ ਆਬਾਦੀ ਕਰੇ ਮੰਦਾ ਹਾਲ ਉਏ,
ਸਮੇਂ ਨੂੰ ਸੰਭਾਲ, ਸਮੇਂ ਨੂੰ ਸੰਭਲ ਉਏ॥

## ਤਿੱਤਲੀ

ਕਿੰਨੀ ਸੁਹਣੀ ਲਗਦੀ ਤਿੱਤਲੀ,
ਫੁੱਲਾਂ ਤੇ ਜਦ ਪਾਉਂਦੀ ਕਿੱਕਲੀ।
ਖੰਭ ਏਸ ਦੇ ਰੰਗ-ਬਿਰੰਗੇ,
ਚਿੱਤਰਕਾਰ ਨੇ ਜਿਵੇਂ ਰੰਗੇ।
ਕੂਲੇ ਕੂਲੇ ਖੰਭ ਇਹ ਖੋਲ੍ਹੇ,
ਫੁੱਲਾਂ ਤੇ ਬਹਿ ਲੈਂਵੇ ਝੋਲੇ।
ਫੁੱਲ ਏਸ ਨੂੰ ਬੜੇ ਪਿਆਰੇ,
ਉੱਡਦੀ ਫਿਰਦੀ ਲਵੇ ਨਜ਼ਾਰੇ।
ਫੁੱਲਾਂ ਦਾ ਗਾਉਂਦੀ ਇਹ ਜਸ,
ਚੱਖਦੀ ਰਹਿੰਦੀ ਮਿੱਠਾ ਰਸ।
ਕਰੇ ਪਰਾਗਣ ਫੁੱਲਾਂ ਨਾਲ,
ਕਰਦੀ ਰਹਿੰਦੀ ਚੰਗੀ ਘਾਲ।

ਸਭ ਨੂੰ ਭਾਵੇ ਇਸਦੀ ਸੂਰਤ,
ਇਹ ਹੈ ਸੁੰਦਰਤਾ ਦੀ ਮੂਰਤ।
ਬਾਲਕ ਇਸ ਨੂੰ ਫੜਨਾ ਲੋਚਣ,
ਹੱਥ ਨਾ ਆਵੇ ਖੜ ਕੇ ਸੋਚਣ।
ਜੋ ਬਾਲਕ ਸੁਹਣੇ ਬਣ ਸੱਜਦੇ,
ਤਿੱਤਲੀ ਵਾਂਗੂੰ ਪਿਆਰੇ ਲਗਦੇ।
ਕਿੰਨੀ ਸੋਹਣੀ ਲਗਦੀ ਤਿੱਤਲੀ,
ਫੁੱਲਾਂ ਤੇ ਜਦ ਪਾਉਂਦੀ ਕਿੱਕਲੀ॥

## ਚਾਨਣ ਦੀਆਂ ਫਲੀਆਂ

ਚੌਹੀਂ ਪਾਸੀਂ ਖਿੰਡ ਜਾਵਣਾ,
ਤੁਸੀਂ ਬਣ ਕੇ ਸੂਰਜੀ ਫਲੀਆਂ।

ਗਹਿਣਾ ਵਿੱਦਿਆ ਦਾ ਕੀਮਤੀ ਹੈ ਪਾਈਦਾ,
ਨਿੱਤ ਸਿੱਖਿਆ ਸਕੂਲ ਲੈਣ ਜਾਈਦਾ,
ਸਦਾ ਗੁਰੂਆਂ ਨੂੰ ਸੀਸ ਹੈ ਝੁਕਾਈਦਾ।

ਘਰ ਘਰ ਦੀਵੇ ਜੱਗਣੇ
ਕਹਿਣ ਪਿੰਡ ਤੇ ਸ਼ਹਿਰ ਦੀਆਂ ਗਲੀਆਂ
ਚੌਹੀਂ ਪਾਸੀਂ ਖਿੰਡ ਜਾਵਣਾ
ਤੁਸੀਂ ਬਣ ਕੇ ਸੂਰਜੀ ਫਲੀਆਂ।

ਬੂਰ ਮਿਹਨਤਾਂ ਦਾ ਫਲ ਹੈ ਲਿਆਂਵਦਾ,
ਗਿਆਨ ਜੱਗ ਵਿਚ ਰੌਸ਼ਨੀ ਖਿੰਡਾਵਦਾ,
ਚੰਗਾ ਕੰਮ ਹੀ ਹੈ ਦੂਜਿਆਂ ਨੂੰ ਭਾਂਵਦਾ।

ਮਹਿਕਾਂ ਵੰਡੋ ਤੁਸੀਂ ਬੱਚਿਓ,
ਬਣ ਸੱਜਰੇ ਫੁੱਲਾਂ ਦੀਆਂ ਕਲੀਆਂ।
ਚੌਹੀਂ ਪਾਸੀਂ ਖਿੰਡ .............।

ਵਾਂਗ ਕੂੰਜਾਂ ਦੇ ਤੁਸੀਂ ਹੈ ਉੱਡ ਜਾਵਣਾ,
ਲੰਘ ਮੰਜ਼ਿਲਾਂ ਸਥਾਨ ਉੱਚਾ ਪਾਵਣਾ,
ਗੀਤ ਦੇਸ਼ ਦੇ ਪਿਆਰ ਵਾਲਾ ਗਾਵਣਾ।

ਦਿਲ 'ਚ ਪ੍ਰੀਤਾਂ ਘੋਲ ਦੋ
ਜਿੰਕੂ ਨਦੀਆਂ ਸਮੁੰਦਰ ਵਿਚ ਰਲੀਆਂ।
ਚੌਹੀਂ ਪਾਸੀਂ ਖਿੰਡ .............।

ਕਰੇ ਉੱਨਤੀ ਪੰਜਾਬ ਰਹੇ ਵੱਸਦਾ,
ਖੇੜਾ ਰਹਿਮਤਾਂ ਦਾ ਇਥੇ ਰਹੇ ਹੱਸਦਾ,
'ਦਾਊਂ' ਗੀਤ ਹੈ ਤੁਸਾਂ ਨੂੰ ਏਹੋ ਦੱਸਦਾ।

ਵਿੱਦਿਆ ਨੂੰ ਪੜ੍ਹੋ , ਬੱਚਿਓ,
ਬਣ ਜਾਵਣਾ ਸੋਨੇ ਦੀਆਂ ਡਲੀਆਂ।
ਚੌਹੀਂ ਪਾਸੀਂ ਖਿੰਡ ਜਾਵਣਾ,
ਤੁਸੀਂ ਬਣ ਕੇ ਸੂਰਜੀ ਫਲੀਆਂ॥

## ਸੜਕ ਦੇ ਨਿਯਮ

ਸੜਕ ਉੱਤੇ ਖੱਬੇ ਹੱਥ ਸਦਾ ਚੱਲੀਏ,
ਐਵੇਂ ਨਾ ਟਪੂਸੀ ਮਾਰ ਪਾਸਾ ਮੱਲੀਏ।

ਦੋਵੇਂ ਪਾਸੇ ਵੇਖ ਸੜਕ ਪਾਰ ਕਰੀਏ,
ਬਿਨਾਂ ਸੋਚੇ ਸਮਝੇ ਨਾ ਪੈਰ ਧਰੀਏ।

ਚੌਂਕ ਤੇ ਸਿਪਾਹੀ ਦਾ ਇਸ਼ਾਰਾ ਮੰਨੀਏ,
ਲਾਲ-ਬੱਤੀ ਵੇਖਦੇ ਹੀ ਝੱਟ ਥੰਮੀਏ।

ਹਰੀ ਬੱਤੀ ਵੇਖ ਝੱਟ ਅੱਗੇ ਲੰਘੀਏ,
ਦੌੜ-ਦੌੜ ਸੜਕ ਤੇ ਨਾ ਐਵੇਂ ਹੰਭੀਏ।

ਬੰਨ੍ਹਕੇ ਕਤਾਰ ਬੱਸ ਵਿਚ ਚੜ੍ਹੀਏ,
ਤਾਕੀ ਵਿੱਚ ਬੱਸ ਦੇ ਕਦੇ ਨਾ ਖੜ੍ਹੀਏ।

ਬਿਨਾਂ ਟਿਕਟ ਸਫ਼ਰ ਕਦੇ ਨਾ ਕਰੀਏ,
ਦੂਜਿਆਂ ਦੇ ਨਾਲ ਕਦੇ ਵੀ ਨਾ ਲੜੀਏ।

ਫਲ ਖਾ ਕੇ ਛਿਲਕਾ ਨਾ ਰਾਹ ਤੇ ਸੁੱਟੀਏ,
ਦੂਜੇ ਨਾਲ ਦੋਸਤੀ ਦਾ ਹੱਥ ਘੁੱਟੀਏ॥

## ਟੈਲੀਵਿਜ਼ਨ

ਕੱਲ੍ਹ ਬਜ਼ਾਰੋਂ ਮੇਰਾ ਵੀਰਾ
ਟੈਲੀਵਿਜ਼ਨ ਲੈ ਕੇ ਆਇਆ,
ਵਿਹੜੇ ਦੇ ਵਿਚ ਪੋਲ ਗੱਡ ਕੇ
ਕੋਠੇ ਚੜ੍ਹ, ਅੰਟੀਨਾ ਲਾਇਆ।

ਕਮਰੇ ਦੀ ਇਕ ਸੁਹਣੀ ਨੁੱਕਰੇ,
ਟੈਲੀਵਿਜ਼ਨ ਸੈੱਟ ਸਜਾਇਆ,
ਦੇਣ ਵਧਾਈ ਆਏ ਗੁਆਂਢੀ
ਬੱਚਿਆਂ ਰੌਲਾ ਖ਼ੂਬ ਮਚਾਇਆ।

ਵੀਰ ਮੇਰੇ ਨੇ ਲੱਡੂ ਵੰਡੇ
ਟੈਲੀਵਿਜ਼ਨ ਜਦੋਂ ਚਲਾਇਆ,
ਬੋਲਦੀਆਂ ਤਸਵੀਰਾਂ ਵੇਖਾਂ,
ਦਾਦੀ ਦਾ ਜੀਅ ਕਰ ਆਇਆ।

ਜਦ ਖ਼ਬਰਾਂ ਦੀ ਵਾਰੀ ਆਈ,
ਵੀਰ ਸਭ ਨੂੰ ਚੁੱਪ ਕਰਾਇਆ,
ਚਿੱਤਰਹਾਰ ਜਦ ਵੇਖਣ ਲੱਗੇ
ਗੀਤ ਖੁਸ਼ੀ ਦਾ ਪਿਆਰਾ ਆਇਆ।

ਘਰ ਬੈਠੇ ਹੀ ਮੈਚ ਵੇਖੀਏ
ਵਾਹਵਾ ਟੈਲੀਵਿਜ਼ਨ ਬਣਾਇਆ,
ਕਦੇ ਦਿੱਲੀ ਅਤੇ ਕਦੇ ਜਲੰਧਰ
ਮਨ ਆਪਣਾ ਮੈਂ ਖ਼ੂਬ ਰਚਾਇਆ।

ਭਾਂਤ ਭਾਂਤ ਦੀਆਂ ਤੱਕ ਕੇ ਝਲਕਾਂ
ਖ਼ੂਬ ਅਸਾਂ ਨੇ ਦਿਲ ਪਰਚਾਇਆ,
ਕੱਲ੍ਹ ਬਜ਼ਾਰੋਂ ਮੇਰਾ ਵੀਰਾ
ਟੈਲੀਵਿਜ਼ਨ ਲੈ ਕੇ ਆਇਆ।

## ਚਾਨਣ ਦਾ ਤਿਉਹਾਰ ਦੀਵਾਲੀ

ਚਾਨਣ ਦਾ ਤਿਉਹਾਰ ਦੀਵਾਲੀ ਆਈ ਏ,
ਸਜੇ ਹੋਏ ਘਰ ਬਾਰ ਦੀਵਾਲੀ ਆਈ ਏ।

ਵਾਹਵਾ ਖਾਵਾਂਗੇ ਮਠਿਆਈਆਂ,
ਦੁੱਧ ਦਹੀਂ ਤੇ ਖੀਰ ਮਲਾਈਆਂ।

ਖੇਲ, ਪਤਾਸੇ ਤੇ ਅਖਰੋਟ,
ਖਿੱਲਾਂ ਦੀ ਰਹਿਣੀ ਨਾ ਤੋਟ।

ਰੌਣਕ ਲੱਗੀ ਵਿਚ ਬਜ਼ਾਰ,
ਵਾਹਵਾ ਚਾਨਣ ਦਾ ਤਿਉਹਾਰ।

ਸੇਬ, ਅੰਗੂਰ ਲਵਾਂਗੇ ਕੇਲੇ,
ਵਾਹਵਾ ਚੰਗੇ ਲੱਗਣ ਮੇਲੇ।

ਲੈ ਕੇ ਆਵਾਂਗੇ ਤਸਵੀਰਾਂ,
ਕਹਿਣਾ ਮੰਨੀਏ ਗੁਰੂਆਂ, ਪੀਰਾਂ।

ਇਕ ਦੂਜੇ ਨੂੰ ਕਰੋ ਪਿਆਰ,
ਵਾਹਵਾ ਚਾਨਣ ਦਾ ਤਿਉਹਾਰ।

ਦੀਵੇ ਬਾਲ ਕੇ ਕੋਠੇ ਧਰੀਏ,
ਚਾਨਣ ਚਾਨਣ ਗਲੀਆਂ ਕਰੀਏ।

ਲਾਈਏ ਬਲਬ ਰੰਗ-ਬਰੰਗੇ,
ਬੁਝਦੇ, ਬਲਦੇ ਲੱਗਣ ਚੰਗੇ।

ਮੋਮਬੱਤੀਆਂ ਦੀ ਸਜੀ-ਕਤਾਰ,
ਵਾਹਵਾ ਚਾਨਣ ਦਾ ਤਿਉਹਾਰ।

ਘਰ ਨੂੰ ਰਲ ਕੇ ਖ਼ੂਬ ਸਜਾਈਏ,
ਸੁਹਣੇ ਸੁਹਣੇ ਕੱਪੜੇ ਪਾਈਏ।

ਆਤਿਸ਼ਬਾਜ਼ੀ ਲਿਆਈਏ ਜਾ ਕੇ,
ਠਾਹ-ਠਾਹ ਰਾਤੀਂ ਕਰਨ ਪਟਾਕੇ।

ਚੱਲਣ ਫੁੱਲਝੜੀਆਂ ਤੇ ਅਨਾਰ,
ਵਾਹਵਾ ਚਾਨਣ ਦਾ ਤਿਉਹਾਰ॥

## ਬੱਦਲਾ ਮੇਰਾ ਆੜੀ ਬਣਕੇ

ਕੋਠੇ ਉਤੋਂ ਬਦਲ ਲੰਘਣ
ਚਿੱਟੇ ਖੰਭਾਂ ਵਾਂਗੂੰ ਤਰਦੇ,
ਸਾਵਣ ਰੁੱਤੇ ਪੱਲੇ ਭਰ-ਭਰ
ਗੜ੍ਹ-ਗੜ੍ਹ ਕਰਕੇ ਥੱਲੇ ਵਰ੍ਹਦੇ।

ਮੈਂ ਵੀ ਉੱਡਦੇ ਬਦਲਾਂ ਪਿੱਛੇ
ਖਿਚ-ਖਿਚ ਡੋਰ ਪਤੰਗ ਚੜ੍ਹਾਵਾਂ,
ਕਦੇ ਕਦੇ ਜੀਅ ਏਦਾਂ ਕਰਦਾ
ਬੱਦਲਾਂ ਤੋਂ ਅੱਗੇ ਲੰਘ ਜਾਵਾਂ।

ਕਦੇ ਕਦੇ ਕੋਈ ਪੰਛੀ ਉੱਡਦਾ
ਬੱਦਲਾਂ ਨਾਲ ਪ੍ਰੀਤਾਂ ਪਾਵੇ,
ਕਦੇ ਕੋਈ ਪੌਣਾਂ ਦਾ ਬੁੱਲਾ
ਕੋਠੇ ਟੱਪਦਾ ਗਾਉਂਦਾ ਜਾਵੇ।

ਬੱਦਲਾ ਆਪਣੀ ਹਿੱਕੜੀ ਵਿਚੋਂ
ਸਭ ਦੇ ਖੇਤੀਂ ਵਰਖਾ ਕਰਦੇ,
ਬੱਦਲਾ ਮੇਰੀ ਆੜੀ ਬਣਕੇ
ਸੁੱਤੇ ਬੰਜਰ, ਛੱਪੜ ਭਰਦੇ।

ਮੈਂ ਵੀ ਲੋਚਾਂ ਮਾਰ ਉਡਾਰੀ
ਬੱਦਲਾਂ ਸੰਗ ਗਲਵਕੜੀ ਪਾਉਣਾ,
ਧਰਤੀ ਦੀ ਹਰਿਆਲੀ ਖਾਤਰ
ਅਮਨ ਖੁਸ਼ੀ ਦਾ ਨਗਮਾ ਗਾਉਣਾ॥

## ਕਿੱਕਲੀ (ਕੁੜੀਆਂ ਲਈ)

ਕਿੱਕਲੀ ਕਲੀਰ ਦੀ
ਇਕ ਭੈਣ ਵੀਰ ਦੀ।

ਵੀਰ ਭੈਣ ਦੋਵੇਂ ਹੀ
ਸਕੂਲੇ ਪੜ੍ਹਨ ਜਾਣਗੇ,
ਵਿੱਦਿਆ ਦੀ ਪੌੜੀ-ਚੜ੍ਹ
ਰੌਸ਼ਨੀ ਖਿੰਡਾਉਣਗੇ।

ਨਿੱਕੇ ਨਿੱਕੇ ਹੱਥਾਂ ਤਾਈਂ
ਫੁੱਲ ਬੂਟੇ ਲਾਉਣਗੇ,
ਧਰਤੀ ਦੀ ਹਿੱਕੜੀ ਨੂੰ
ਰੱਜ ਕੇ ਸਜਾਉਣਗੇ।

ਪਿੰਡ-ਪਿੰਡ, ਸ਼ਹਿਰ-ਸ਼ਹਿਰ
ਗੱਲ ਇਹੋ ਕਹਿਣਗੇ,
ਜਿਹੜੇ ਘਰ ਬੱਚੇ ਥੋੜ੍ਹੇ,
ਸੁਖੀ ਉਹੀ ਰਹਿਣਗੇ।

ਭੀੜ ਭੁੱਖ ਨਾਲ ਲੋਕੀਂ
ਦੁੱਖੀ ਬਹੁਤ ਹੋਣਗੇ,
ਧੂੰਏ ਤੇ ਗੁਬਾਰ ਨਾਲ
ਲੋਕੀਂ ਰੋਗੀ ਹੋਣਗੇ।

ਵਹਿਮ ਤੇ ਕੁਰੀਤੀਆਂ ਨੂੰ
ਛੱਡ ਜਿਹੜੇ ਜਾਣਗੇ,
ਉਹੀਓ ਘਰ ਸੁੱਖਾਂ ਨਾਲ
ਵੱਸਦੇ ਕਹਾਉਣਗੇ।

ਕਿੱਕਲੀ ਕਲੀਰ ਦੀ,
ਇਕ ਭੈਣ ਵੀਰ ਦੀ॥

## ਆਓ ਹਾਣੀਓਂ

ਆਓ ਹਾਣੀਓਂ ਮਿਲ ਕੇ ਗਾਈਏ,
ਹੱਸੀਏ, ਖੇਡੀਏ ਦਿਲ ਪਰਚਾਈਏ।

ਜਾ ਸਕੂਲੇ ਵਿੱਦਿਆ ਪਾਈਏ,
ਦੇਸ਼ ਦੀ ਉੱਚੀ ਸ਼ਾਨ ਵਧਾਈਏ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਮਿਲ ਕੇ ਰਹੀਏ ਸਾਰੇ ਭਾਈ।

ਮਿਲ ਜੁਲ ਸਾਰੇ ਖੁਸ਼ੀ ਮਨਾਈਏ,
ਕੌਮੀ ਏਕੇ ਦੇ ਗੁਣ ਗਾਈਏ।

ਵੱਡਿਆਂ ਦਾ ਅਸੀਂ ਆਦਰ ਕਰੀਏ,
ਨਿੱਕਿਆਂ ਨਾਲ ਕਦੇ ਨਾ ਲੜੀਏ।

ਆਓ ਹਾਣੀਓਂ ਮਿਲ ਕੇ ਗਾਈਏ,
ਹੱਸੀਏ, ਖੇਡੀਏ ਦਿਲ ਪਰਚਾਈਏ॥

## ਸਭ ਦਾ ਸਾਂਝਾ-ਨਾਨਕ

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਤ੍ਰਿਪਤਾ ਜੰਮਿਆ ਬਾਲ ਨਿਆਰਾ,
ਕਾਲੂ ਜੀ ਦਾ ਪੁੱਤਰ ਪਿਆਰਾ।
ਵਿਹੜੇ ਖਿੰਡਿਆ ਚਾਨਣ ਤੱਕ ਕੇ,
ਭੈਣ ਨਾਨਕੀ ਸ਼ੁਕਰ ਮਨਾਇਆ,

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਨਨਕਾਣੇ ਦੀ ਮਿੱਟੀ ਜਾਗੀ,
ਕਣ-ਕਣ ਇਸ ਦਾ ਬਣਿਆ ਭਾਗੀ।
ਹੱਸਣ ਪੌਣਾਂ ਝੂਮ-ਝੂਮ ਕੇ
ਰਾਗ ਇਲਾਹੀ ਜਦ ਤੂੰ ਗਾਇਆ।

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਹਿੰਦੂ, ਮੁਸਲਿਮ ਰੱਬ ਦੇ ਜਾਏ,
ਕਰਨ ਚੰਗੇਰਾ ਕੰਮ ਉਹ ਭਾਏ।
ਊਚ ਨੀਚ ਦਾ ਭੇਦ ਮਿਟਾਵਣ,
ਕਿਰਤੀ ਲਾਲੋ ਦੇ ਘਰ ਧਾਇਆ।

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਤੇਰੇ ਚੋਜ ਨਿਆਰੇ ਡਿੱਠੇ,
ਕੌੜੇ ਰੀਠੇ ਕੀਤੇ ਮਿੱਠੇ।
ਵਲੀ ਕੰਧਾਰੀ ਹਾਰ ਹੁੱਟ ਕੇ,
ਚਰਨੀ ਤੇਰੇ ਸੀਸ ਝੁਕਾਇਆ।

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਚਹੁੰ ਕੂੰਟਾਂ ਦੀ ਕੀਤੀ ਫੇਰੀ,
ੴ ਦੀ ਸਿੱਖਿਆ ਤੇਰੀ ।
ਨੂਰ ਇਲਾਹੀ ਤੱਕਕੇ ਤੇਰਾ,
ਜ਼ੁਲਮੀ ਬਾਬਰ ਸ਼ਰਨੀ ਆਇਆ

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

ਸੁੱਚਾ ਸੁੱਚਾ ਮਾਰਗ ਤੇਰਾ
ਜੱਗ ਵਿਚ ਕੀਤਾ ਨਵਾਂ ਸਵੇਰਾ।
ਗਗਨਾਂ ਦੀ ਤੂੰ ਤਾਰ ਆਰਤੀ
ਕੂੜ ਨਿਖੁੱਟੇ ਕਰ ਦਿਖਲਾਇਆ।

ਧੁੰਦ ਮਿਟਾਵਣ, ਜੱਗ ਨੂੰ ਤਾਰਨ,
ਸਭ ਦਾ ਸਾਂਝਾ ਨਾਨਕ ਆਇਆ।

## ਕਿਰਤੀ ਬਾਬਾ

ਨਿੰਮ ਥੱਲੇ ਇਕ ਬਾਬਾ ਬਹਿੰਦਾ,
ਆਪਣੇ ਕੰਮ ਵਿੱਚ ਲੱਗਾ ਰਹਿੰਦਾ।

ਸੁਣ ਲਵੋ ਉਸਦੀ ਤੁਸੀਂ ਕਹਾਣੀ,
ਰੱਬੀ ਉਸਦੀ ਬੜੀ ਪੁਰਾਣੀ।

ਠੀਕਰ ਵਿਚ ਪਾਣੀ ਦੇ ਨੇੜੇ,
ਛਿੱਤਰਾਂ ਦਾ ਇਕ ਢੇਰ ਚੁਫੇਰੇ।

ਜੁੱਤੀਆਂ ਗੰਢ ਕੇ ਕਰੇ ਗੁਜ਼ਾਰਾ,
ਉਸ ਨੂੰ ਆਪਣਾ ਕੰਮ ਪਿਆਰਾ।

ਕਿਸੇ ਗਾਹਕ ਨੂੰ ਉਹ ਨਾ ਮੋੜੇ,
ਪੈਸੇ ਵੀ ਹੈ ਲੈਂਦਾ ਥੋੜ੍ਹੇ।

ਸਭ ਨੂੰ ਬੋਲੇ ਨਾਲ ਪਿਆਰ,
ਉਸ ਨੂੰ ਆਪਣੇ ਕੰਮ ਦੀ ਸਾਰ।

ਸਾਰੇ ਉਸ ਨੂੰ ਬਾਬਾ ਕਹਿੰਦੇ,
ਬੱਚੇ ਉਸਦੇ ਕੋਲ ਆ ਬਹਿੰਦੇ।

ਵਧੀਆ ਕੰਮ, ਸਿਆਣੀ ਗੱਲ,
ਗਾਹਕ ਖੁਸ਼ੀ ਨਾਲ ਆਵਣ ਚੱਲ॥

## ਥਾਲ

(ਕੁੜੀਆਂ ਲਈ)

ਆ ਨੀ ਸੰਤੀਏ
ਪਾਈਏ ਥਾਲ,
ਬਣੀਏ ਪੜ੍ਹ ਕੇ
ਚੰਗੇ ਬਾਲ।

ਬਿਨ ਪੜ੍ਹਿਆਂ ਦਾ
ਮੰਦਾ ਹਾਲ,
ਚੰਗੇ ਚੰਗੇ
ਰੱਖ ਖਿਆਲ।

ਵਹਿਮਾਂ ਦੇ ਤੂੰ
ਛੱਡ ਜੰਜਾਲ,
ਜੀਵਨ ਦੀ ਤੂੰ
ਕਰ ਸੰਭਾਲ।

ਰੱਜ ਕੇ ਖਾਵੇ
ਕਰੇ ਜੋ ਘਾਲ
ਰੁੱਖਾਂ ਦੀ ਰਲ
ਕਰੋ ਸੰਭਾਲ।

ਸਾਡਾ ਜੀਵਨ
ਇਨ੍ਹਾਂ ਨਾਲ
ਭੱਜਣ ਇੱਥੋਂ,
ਭੁੱਖ ਤੇ ਕਾਲ।

ਆਲ ਮਾਲ
ਪੂਰਾ ਹੋਇਆ
ਪਹਿਲਾ ਥਾਲ।

## ਸੁਣ ਕੁੱਕੜੂੰ-ਘੜੂੰ

ਕੁੱਕੜੂੰ-ਘੜੂੰ, ਸੁਣ ਕੁੱਕੜੂੰ-ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ-ਚੂੰ।

ਹੋ ਗਿਆ ਸਵੇਰ, ਨੇਰ੍ਹਾ ਦੂਰ ਭੱਜਿਆ,
ਕਿਰਨਾਂ ਦਾ ਰੱਬ ਅੰਬਰਾਂ ਤੇ ਗੱਜਿਆ
ਪੌਣ ਫਿਰੇ ਤਾਜ਼ੀ ਸਭ ਨੂੰ ਜਗਾਂਵਦੀ,
ਨੀਂਦਰਾਂ ਨੂੰ ਛੱਡ, ਧੁੱਪ ਚੜ੍ਹੀ, ਵੇਖ ਤੂੰ।

ਕੁੱਕੜੂੰ-ਘੜੂੰ, ਸੁਣ ਕੁੱਕੜੂੰ-ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ-ਚੂੰ।

ਘਰਾਂ ਵਿਚੋਂ ਧੂੰਆਂ ਵੇਖ ਉੱਚੇ ਜਾਂਵਦਾ,
ਮਿਹਨਤਾਂ ਜੋ ਕਰੇ ਜਿੱਤ ਉਹੀ ਪਾਂਵਦਾ।
ਗਲੀਆਂ, ਬਜ਼ਾਰਾਂ ਵਿੱਚ ਹੋਈਆਂ ਰੌਣਕਾਂ
ਦੁੱਧ ਵਾਲਾ ਭਾਈ ਖੜਾ ਕਰੇ ਭੂੰ-ਭੂੰ।

ਕੁੱਕੜੂੰ-ਘੜੂੰ, ਸੁਣ ਕੁੱਕੜੂੰ-ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ-ਚੂੰ।

ਬਿਰਛਾਂ ਤੇ ਪੰਛੀ ਖੁਸ਼ੀ ਨਾਲ ਚਹਿਕਦੇ,
ਤ੍ਰੇਲ ਧੋਤੇ ਫੁੱਲ ਟਹਿਣੀਆਂ ਤੇ ਮਹਿਕਦੇ।
ਕਿਰਤੀ ਕਿਸਾਨ ਕੰਮਾਂ ਵੱਲ ਤੁਰ ਪਏ,
ਸਮੇਂ ਤੇ ਸਕੂਲ ਜਾਈਂ ਚਾਵਾਂ ਨਾਲ ਤੂੰ।

ਕੁੱਕੜੂੰ-ਘੜੂੰ, ਸੁਣ ਕੁੱਕੜੂੰ-ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ-ਚੂੰ।

ਚੰਗੇ ਬੱਚੇ ਵੇਲੇ ਸਿਰ ਕੰਮ ਕਰਦੇ,
ਔਕੜਾਂ, ਮੁਸੀਬਤਾਂ ਤੋਂ ਨਹੀਓਂ ਡਰਦੇ।
ਪੜ੍ਹ ਲਿਖ ਬੀਬਾ ਕਰੀਂ ਸੇਵਾ ਦੇਸ਼ ਦੀ,
ਵੱਗਦਾ ਦਰਿਆ ਸਦਾ ਕਰੇ ਸ਼ੂੰ-ਸ਼ੂੰ।

ਕੁੱਕੜੂੰ-ਘੜੂੰ, ਸੁਣ ਕੁੱਕੜੂੰ-ਘੜੂੰ,
ਉੱਠ ਬੀਬਾ ਜਾਗ, ਨਾ ਕਰ ਚੂੰ-ਚੂੰ।

## ਫੁਲਕਾਰੀ

ਮਾਂ ਮੇਰੀ ਦੀ ਇਕ ਫੁਲਕਾਰੀ,
ਸਾਨੂੰ ਲਗਦੀ ਬਹੁਤ ਪਿਆਰੀ।

ਮਾਂ ਮੇਰੀ ਨੇ ਤੋਪੇ ਪਾਏ,
ਵੰਨ-ਸਵੰਨੇ ਧਾਗੇ ਲਾਏ।

ਹਰ ਫੁੱਲ ਜਾਪੇ ਰੀਝਾਂ ਭਰਿਆ,
ਨੇਰ੍ਹੇ ਵਿਚ ਜਿਉਂ ਦੀਵਾ ਧਰਿਆ।

ਨੀਲੇ, ਪੀਲੇ, ਫੁੱਲ ਅਨਾਰੀ,
ਮਾਂ ਮੇਰੀ ਦੀ ਇਕ ਫੁਲਕਾਰੀ।
ਸਾਨੂੰ ਲੱਗਦੀ ਬਹੁਤ ਪਿਆਰੀ।

ਸੋਨੇ ਰੰਗੀਆਂ ਇਸਦੀਆਂ ਤਾਰਾਂ,
ਧੁੱਪਾਂ ਵਿਚ ਮਾਰਨ ਲਿਸ਼ਕਾਰਾਂ।
ਵੇਲਾਂ ਬੂਟੇ ਏਦਾਂ ਲਗਦੇ,
ਚਾਨਣ ਦੇ ਦਰਿਆ ਜਿਉਂ ਵਗਦੇ।

ਖਿੜੀ ਫੁੱਲਾਂ ਦੀ ਜਿਵੇਂ ਕਿਆਰੀ,
ਮਾਂ ਮੇਰੀ ਦੀ ਇਕ ਫੁਲਕਾਰੀ,
ਸਾਨੂੰ ਲਗਦੀ ਬਹੁਤ ਪਿਆਰੀ।

ਜਦ ਖੁਸ਼ੀਆਂ ਦਾ ਮੌਕਾ ਆਵੇ,
ਸਾਨੂੰ ਮਾਂ ਦੀ ਯਾਦ ਸਤਾਵੇ।
ਮਾਂ ਸੀ ਚਾਨਣ ਦੀ ਫੁਲਕਾਰੀ,
ਸਾਡੇ ਲਈ ਸੁੱਖਾਂ ਦੀ ਖਾਰੀ।

ਕਰਦੀ ਰਹੀ ਕਸ਼ੀਦਾਕਾਰੀ,
ਮਾਂ ਮੇਰੀ ਦੀ ਇਕ ਫੁਲਕਾਰੀ,
ਸਾਨੂੰ ਲਗਦੀ ਬਹੁਤ ਪਿਆਰੀ।।

## ਪੇਂਡੂ ਬਚਪਨ ਦੀਆਂ ਯਾਦਾਂ

ਬਚਪਨ ਵੀ ਹੈ ਕੇਹੀ ਉਮਰਾ,
ਖੁੱਲ੍ਹਾ, ਡੁੱਲ੍ਹਾ, ਖਾਣਾ ਪੀਣਾ।

ਖੇਡਾ, ਖੁਸ਼ੀਆਂ, ਰੋਣਾ, ਹੱਸਣਾ,
ਲੜ ਪੈਣਾ ਪਰ ਕੁਝ ਨਾ ਦੱਸਣਾ।

ਮੈਨੂੰ ਬਚਪਨ ਚੇਤੇ ਆਇਆ,
ਜਦ ਦੀਪੇ ਦੀ ਲਿਫ-ਲਿਫ ਕਰਦੀ,
ਬੇਰੀ ਤੋਂ ਬੇਰਾਂ ਨੂੰ ਖਾਣਾ।

ਕੋਠੇ-ਕੋਠੇ ਚੋਰਾਂ ਵਾਂਗੂ ਅੱਡੀਆਂ ਪਰਨੇ
ਬਿਨਾਂ ਬਿੜਕ ਤੋਂ ਲੁਕਣਾ ਛਿਪਣਾ।

ਕਦੇ ਗੁਆਂਢੀ ਦੀ ਜਾਮਣੂ ਤੋਂ,
ਢਾਂਗੂ ਨਾਲ ਜਾਮਣ ਖਾਣੇ,
ਤੇ ਲਿੱਬੜੇ ਹੱਥ ਝੱਗਿਆਂ ਨੂੰ ਲਾਣੇ।

ਹੁਣ ਵੀ ਲਾਲ ਕੰਠੀਆਂ ਵਾਲੇ ਤੋਤੇ
ਉਸ ਜਾਮਣ ਦੀਆਂ ਖੁੱਡਾਂ ਵਿੱਚ ਲੁਕਦੇ।

ਤੇ ਮੇਰੀ ਬੱਚੀ ਮੈਨੂੰ ਪੁੱਛੇ।
ਤੋਤੇ ਖੁੱਡਾਂ ਵਿਚ ਕਿਉਂ ਲੁਕਦੇ?
ਕਦੇ ਪੁੱਛਦੀ ਕਾਵਾਂ ਦੇ ਘਰ ਕਿੱਥੇ ਹੁੰਦੇ?

ਕਦੇ ਚਿੜੀਆਂ ਦੇ ਪਿੱਛੇ ਨੱਸਣਾ,
ਤੇ ਉਡਣ ਦੀ ਲੋਚਾ ਨੈਣੀ ਭਰਣੀ,
ਕਿੰਨੀ ਅਜੀਬ ਕਹਾਣੀ ਹੁੰਦੀ।

ਫੇਰ ਕਦੇ ਲਾਡਾਂ ਨਾਲ ਗਾਣਾ
"ਹਾੜੇ ਘੁੱਟ ਪਾਣੀ ਦਾ
ਚਿੜੀ ਤਿਹਾਈ ਮਰਦੀ ਏ।"

ਕਦੇ ਚੁਪਕਿਆਂ ਹੀ ਚੋਰੀ-ਚੋਰੀ,
ਪਿਛਵਾੜੇ ਦੀ ਕੰਧੜੀ ਟੱਪ ਕੇ,
ਕੱਚੇ ਅੰਗੂਰ ਤੋੜ ਕੇ ਖਾਣੇ ਤੇ ਲੜ ਪੈਣਾ।

ਉਹ ਵੀ ਦਿਨ ਸਨ:-
ਜਦ ਚੜ੍ਹਦੇ ਸੂਰਜ ਵੱਲ ਅੱਖਾਂ ਕਰਕੇ
ਵਿਹੜੇ ਵਿਚ ਖੁਰਲੀ ਤੇ ਬਹਿਣਾ
ਇੰਜ ਲਗਦਾ ਸੀ
ਜਿਵੇਂ ਸਿੰਘਾਸਣ ਤੇ ਕੋਈ ਰਾਣਾ।
ਖੇਡਾਂ ਕਰ-ਕਰ ਖਿੰਡ-ਪੁੰਡ ਜਾਣਾ
ਤੇ ਗਲੀਆਂ ਵਿਚ ਰੌਲਾ ਪਾਉਣਾ॥

## ਬੰਦਿਆਂ 'ਚ ਰੱਬ ਵੱਸਦਾ

ਤੇਰੀ ਚਾਰ ਦਿਨਾਂ ਦੀ ਜ਼ਿੰਦਗਾਨੀ
ਬੰਦਿਆਂ ਤੂੰ ਨੇਕੀ ਖੱਟ ਲੈ,
ਐਵੇਂ ਕਰ ਨਾ ਸ਼ਰੀਕਾਂ ਵਾਲਾ ਵੈਰ ਤੂੰ
ਪਿਆਰਾਂ ਨਾਲ ਦਿਨ ਕੱਟ ਲੈ।

ਕਾਹਨੂੰ ਵੰਡਦਾ ਜ਼ਮੀਨ ਘਰ ਸਾਂਝੇ
ਭਾਈਆਂ ਜਿਹੀ ਚੀਜ਼ ਕੋਈ ਨਾ,
ਸਾਂਝਾ ਆਪਣਾ ਪਿਆਰਾ ਭਾਈਚਾਰਾ
ਹੱਥੋਂ ਇਹਨੂੰ ਐਵੇਂ ਖੋਈਂ ਨਾ।

ਜਦੋਂ ਡੁਲ੍ਹਦਾ ਹੈ ਖ਼ੂਨ ਬੇਦੋਸ਼ਾ
ਧਰਤੀ ਦਾ ਦਿਲ ਰੋਂਵਦਾ,
ਐਵੇਂ ਲੜ ਨਾ ਭਰਾਵਾਂ ਨਾਲ
ਸੁਹਣਿਆਂ
ਮੁਹੱਬਤਾਂ ਨੂੰ ਕਿਉਂ ਖੋਂਵਦਾ।

ਧੁੱਪ, ਪੌਣ ਦਾ ਧਰਮ ਨਾ ਕੋਈ
ਬੰਦਿਆਂ 'ਚ ਰੱਬ ਵੱਸਦਾ,
ਕੰਮ ਫੁੱਲਾਂ ਦਾ ਸੁਗੰਧੀਆਂ ਦੇਣਾ
ਬੱਚਿਆਂ 'ਚ ਰੱਬ ਹੱਸਦਾ॥

* * * *

# ਧਰਤੀ ਦੇ ਰੰਗ

ਧਰਤੀ ਸਭ ਦੀ ਜਣਨੀ ਮਾਤਾ
ਆਓ, ਇਸ ਨੂੰ ਸੀਸ ਝੁਕਾਈਏ,
ਇਸ ਦੇ ਕਣ-ਕਣ ਲੀਲ੍ਹਾ ਨਿਆਰੀ
ਸਾਰੇ ਇਸ ਦੀ ਮਹਿਮਾ ਗਾਈਏ।

ਕਹਿੰਦੇ ਲੱਖਾਂ ਵਰ੍ਹਿਆਂ ਪਹਿਲਾਂ
ਸੂਰਜ ਤੋਂ ਇਹ ਵੱਖਰੀ ਹੋਈ,
ਕਿੰਨੇ ਕਾਲ ਲੰਘਣ ਤੋਂ ਪਿੱਛੋਂ,
ਜੀਵ ਵੱਸਣ ਲਈ ਠੰਢੀ ਹੋਈ।

ਇੱਕ ਹਿੱਸਾ ਖੁਸ਼ਕੀ ਦਾ ਟੁਕੜਾ
ਤਿੰਨ ਹਿੱਸੇ ਸਾਗਰ ਦਾ ਪਾਣੀ,
ਨਾਸ਼ਪਤੀ ਜਿਹੀ ਸ਼ਕਲ ਏਸ ਦੀ
ਖੋਜਾਂ ਕਰ ਕੇ ਗੱਲ ਇਹ ਜਾਣੀ।

ਆਪਣੀ ਧੁਰੀ ਦੁਆਲੇ ਘੁੰਮਦੀ
ਚੌਵੀ ਘੰਟੇ 'ਚ ਚੱਕਰ ਕੱਟਦੀ,
ਸੂਰਜ ਸਾਹਵੇਂ ਕਰ ਕਰ ਆਪਾ
ਦਿਨ ਤੇ ਰਾਤ ਬਣਾ ਨਾ ਥੱਕਦੀ।

ਸੂਰਜ ਦੁਆਲੇ ਕਰ ਪਰਕਰਮਾ
ਰੁੱਤ ਬਦਲਵੀਂ ਇਸ 'ਤੇ ਆਵੇ
ਇੱਕ ਸਾਲ ਦਾ ਚੱਕਰ ਪੂਰਾ
ਗਤੀ-ਸਾਲਾਨਾ ਪਿਆ ਕਹਾਵੇ।

ਇਸ ਦੇ ਡੂੰਘੇ ਸਾਗਰਾਂ ਅੰਦਰ
ਅਨੇਕ ਜੀਵ ਪਾਣੀ ਵਿਚ ਰਹਿੰਦੇ,
ਕਿੰਨੇ ਨਾਲੇ, ਨਦੀਆਂ, ਦਰਿਆ
ਸ਼ੋਰ ਮਚਾਉਂਦੇ ਕਲ-ਕਲ ਵਹਿੰਦੇ।

ਕਿਧਰੇ ਅੰਬਰੀਂ ਛੋਂਹਦੇ ਪਰਬਤ
ਖੜੇ ਹੋਏ ਨੇ ਹਿੱਕਾਂ ਤਾਣੀ,
ਕਿਧਰੇ ਡੂੰਘੀਆਂ ਖਾਈਆਂ ਖੰਦਕਾਂ
ਤੱਕ-ਤਕ ਹੋਏ ਹੈਰਾਨ ਪ੍ਰਾਣੀ।

ਕਿਧਰੇ ਹਰੇ ਮੈਦਾਨ ਸੁਹੰਦੇ
ਕਿਧਰੇ ਵਾਦੀਆਂ ਮਨ ਨੂੰ ਭਾਵਣ,
ਕਿਤੇ ਜਵਾਲਮੁਖੀ, ਪਠਾਰਾਂ, ਟਿੱਬੇ
ਕਿਧਰੇ ਝੀਲਾਂ ਠੰਢਕ ਪਾਵਣ।

ਕਿਤੇ ਮਾਰੂਥਲ ਰੇਤ ਖਿੰਡਾਉਂਦੇ
ਫੈਲੇ ਹੋਏ ਨੇ ਮੀਲਾਂ ਤੋੜੀ,
ਵਾਹ, ਕੁਦਰਤ ਦੀ ਵੰਨ-ਸਵੰਨਤਾ
ਜਿੰਨੀ ਤੱਕੀਏ ਉਤਨੀ ਥੋੜ੍ਹੀ।

ਧਰਤੀ ਦੀ ਹਿਕੜੀ 'ਚ ਦੱਬੇ
ਖਣਿਜ-ਪਦਾਰਥ ਬਹੁ-ਉਪਯੋਗੀ,
ਕਿਤੇ ਚਟਾਨਾਂ ਦੀ ਮਿੱਟੀ ਬਿਖਰੀ
ਅਤਿ ਉਪਜਾਊ ਫਸਲਾਂ ਜੋਗੀ।

ਚਸ਼ਮੇ ਇਸ 'ਤੇ ਝਰ-ਝਰ ਕਰਦੇ
ਆਪ ਮੁਹਾਰੇ ਖੁੱਲ੍ਹੇ ਵੱਗਣ,
ਕਿਤੇ ਪਹਾੜੀ ਦ੍ਰਿਸ਼ ਕੁਦਰਤੀ
ਸੁੰਦਰ ਤੇ ਮਨ-ਮੁਹਣੇ ਲੱਗਣ।

ਕਿਧਰੇ ਜੰਗਲਾਂ ਦੇ ਵਿਚ ਉੱਗੇ
ਭਾਂਤ-ਭਾਂਤ ਦੇ ਰੁੱਖ ਪਿਆਰੇ,
ਵੱਸਣ ਜੀਵ, ਜਾਨਵਰ, ਕੀੜੇ
ਛੋਟੇ ਵੱਡੇ ਬਹੁਤ ਨਿਆਰੇ।

ਪੰਛੀ ਕਿਧਰੇ ਕਰਨ ਕਲੋਲਾਂ
ਮਿੱਠੇ-ਮਿੱਠੇ ਗੀਤ ਸੁਣਾਵਣ,
ਕਿਧਰੇ ਫੁੱਲ ਅਨੇਕ ਰੰਗਾਂ ਦੇ
ਖਿੜਦੇ ਸੁਹਣੇ ਮਨ ਨੂੰ ਭਾਵਣ।

ਇਸ ਦੀ ਕੁੱਖੋਂ ਫਸਲਾਂ ਜਾਈਆਂ
ਜੀਵਾਂ ਦੇ ਲਈ ਅੰਨ ਉਪਜਾਵਣ,
ਅਨੇਕ ਰਸੀਲੇ ਫ਼ਲ ਸੁਆਦੀ
ਇਸ ਤੋਂ ਲੈ ਲੈ ਲੋਕੀਂ ਖਾਵਣ।

ਕਦੇ ਗੜ੍ਹੇ , ਵਰਖਾ ਤੇ ਝਾਂਜਾ
ਨੇਰ੍ਹੀ ਝੱਖੜ ਇਸ 'ਤੇ ਵੱਗੇ,
ਕਦੇ ਕਹਿਰਾਂ ਦੀ ਸਰਦੀ ਪੈਂਦੀ
ਕਦੇ ਤਪੇਂਦੀ ਲੂ ਪਈ ਲੱਗੇ।

ਕਿਧਰੇ ਇਸ 'ਤੇ ਸੜਕਾਂ ਵਿਛੀਆਂ
ਕਿਧਰੇ ਰੇਲ ਦੀ ਪਟੜੀ ਲੰਮੀ,
ਕਿਧਰੇ ਵਾਟਾਂ ਤੇ ਪਗਡੰਡੀਆਂ
ਆਵਾਜਾਈ ਨਾ ਜਾਵੇ ਥੰਮ੍ਹੀ।

ਧਰਤੀ ਸਭ ਦਾ ਘਰ ਹੁੰਦੀ ਹੈ
ਇਸ 'ਤੇ ਸ਼ਹਿਰ ਗਿਰਾਂ ਨੇ ਵੱਸੇ,
ਅਮਨ ਸ਼ਾਂਤੀ ਚਾਹੁੰਦੀ ਆਖੇ
ਕੋਈ ਕਿਸੇ ਦਾ ਹੱਕ ਨਾ ਖੱਸੇ।

ਆਦਿ ਕਾਲ ਤੋਂ ਚੁਪ-ਚਪੀਤੇ
ਭਾਰ ਜਗਤ ਦਾ ਚੁਕਿਆ ਹੋਇਆ,
ਧਰਤੀ ਦੀ ਕੁੱਖ ਆਪੇ ਜਾਣੇ,
ਕੀ ਜੰਮਿਆ ਤੇ ਕੀ ਕੀ ਮੋਇਆ।

ਧਰਤੀ ਵਰਗਾ ਕੋਈ ਨਾ ਦਾਨੀ
ਸਭ ਜੀਵਾਂ ਦੀ ਖ਼ੈਰ ਮਨਾਵੇ,
ਸਭ ਕੁਝ ਆਪਣੇ ਵਿਚ ਸਮੋ ਕੇ
ਹੋਰਾਂ ਨੂੰ ਜੀਵਨ ਬਖ਼ਸ਼ਾਵੇ।

ਥਾਂ-ਥਾਂ ਇਸ 'ਤੇ ਰੁੱਖ ਲਗਾ ਕੇ
ਸੁੰਦਰ ਫੁੱਲਾਂ ਨਾਲ ਸਜਾਈਏ,
ਰੱਖ ਚੁਗਿਰਦਾ ਇਸ ਦਾ ਸੁਥਰਾ
ਦੂਸ਼ਿਤ ਪੌਣਾਂ ਦੂਰ ਭਜਾਈਏ।

ਇਹ ਧਰਤੀ ਹੈ ਵੱਸਣ ਖਾਤਰ
ਕੁਦਰਤ ਦੇ ਸੋਮੇ ਵਡਮੁੱਲੇ,
ਵਣ-ਤ੍ਰਿਣ, ਪੰਛੀ ਤੇ ਜੀਵਾਂ ਦੀ
ਰੱਖਿਆ ਕਰਨੀ ਕਦੇ ਨਾ ਭੁੱਲੇ।

ਧਰਤੀ ਉੱਤੇ ਜੰਗ ਨਾ ਹੋਵੇ
ਨਸ਼ਟ ਨਾ ਹੋਵੇ ਹੀਰੋਸ਼ੀਮਾ-ਨਾਗਾਸਾਕੀ
ਕੀ ਹੱਥ ਆਵੇ ਖ਼ੂਨ ਵਗਾ ਕੇ
ਬੰਦਾ ਹੀ ਜੇ ਰਿਹਾ ਨਾ ਬਾਕੀ?

ਧਰਤੀ ਦੇ ਰੰਗ ਬੜੇ ਨਿਆਰੇ
ਆਓ, ਇਸ ਨੂੰ ਸਵਰਗ ਬਣਾਈਏ,
ਇਸ ਦੀ ਗੋਦੀ ਮਾਂ ਵਰਗੀ ਹੈ
ਇਹ ਗੱਲ ਹੋਰਾਂ ਨੂੰ ਸਮਝਾਈਏ।

* * * *

# ਅਜ਼ਾਦੀ ਦੀ ਵਾਰ

ਆਓ ਯਾਦ ਕਰੀਏ
ਅੱਜ, ਸੰਨ ਸੰਤਾਲੀ ਨੂੰ,
ਕਿਵੇਂ ਅਸਾਂ ਲਾਹਿਆ
ਗੁਲਾਮੀ ਦੀ ਪੰਜਾਲੀ ਨੂੰ।

ਦੇਸ ਸੀ ਗੁਲਾਮ
ਗੋਰਾ ਰਾਜ ਕਰਦਾ,
ਅੰਗਰੇਜ਼ੀ ਸੱਤਾ ਕੋਲੋਂ
ਹਰ ਕੋਈ ਡਰਦਾ।

ਕਿੰਨਿਆਂ ਸ਼ਹੀਦਾਂ ਦਾ ਸੀ
ਖ਼ੂਨ ਵਹਿ ਲਿਆ,
ਜ਼ੁਲਮ ਅਤੇ ਜਬਰ
ਡੇਢ ਸਦੀ ਸਹਿ ਲਿਆ।

ਗੁਲਾਮੀ ਵਾਲੀ ਜ਼ਿੰਦਗੀ
ਨਕਾਰਾ ਹੋਂਵਦੀ,
ਅਣਖ ਨਾਲ ਜਿਊਣ ਦਾ
ਹੈ ਚੱਜ ਖੋਂਵਦੀ।

ਆਪਣਾ ਹੀ ਦੇਸ
ਲਗਦਾ ਬਿਗਾਨਾ ਸੀ,
ਹੱਕ ਸੱਚ ਲਈ
ਗੋਲੀ ਦਾ ਨਿਸ਼ਾਨਾ ਸੀ।

ਗੋਰਿਆਂ ਨੇ ਹਿੰਦ ਨੂੰ
ਕੰਗਾਲ ਕਰਿਆ,
ਆਪਣੇ ਹੀ ਦੇਸ ਦਾ
ਖ਼ਜ਼ਾਨਾ ਭਰਿਆ।

ਲੋਕਾਂ ਨੇ ਅਜ਼ਾਦੀ ਲਈ
ਲਹੂ ਵਾਰਿਆ,
ਹਿੰਦੂ, ਸਿੱਖ ਮੁਸਲਮਾਨਾਂ ਰਲ
ਮੁੱਲ ਤਾਰਿਆ।

ਅਠਾਰਾਂ ਸੌ ਸਤਵੰਜਾ ਵਿੱਚ
ਜੋਸ਼ ਭਖਿਆ,
ਰਾਣੀ ਝਾਂਸੀ ਜੰਗ ਵਿੱਚ
ਪੈਰ ਰੱਖਿਆ।

ਤਾਂਤੀਆ ਤੋਪੇ ਜੋਧੇ ਨੇ
ਕਮਾਲਾਂ ਕੀਤੀਆਂ,
ਗੋਰੇ ਦੇ ਵਿਰੁੱਧ
ਘੜੀਆਂ ਯੁੱਧ-ਨੀਤੀਆਂ।

ਟੀਪੂ ਸੁਲਤਾਨ ਸੂਰਾ
ਹੱਠ ਨਾਲ ਲੜਿਆ,
ਹੈਦਰਅਲੀ, ਨਾਨਾ ਸਾਹਿਬ
ਵੈਰੀਆਂ ਨੂੰ ਦੜਿਆ।

ਕੂਕਾ ਲਹਿਰ ਵੱਖਰਾ
ਇਤਿਹਾਸ ਬੰਨ੍ਹਿਆਂ,
ਤੋਪਾਂ ਅੱਗੇ ਬੀਰਾਂ ਦਾ
ਨਾ ਜੋਸ਼ ਥੰਮ੍ਹਿਆਂ।

ਸਤਿਗੁਰੂ ਰਾਮ ਸਿੰਘ
ਜੇਲ੍ਹਾਂ ਕੱਟੀਆਂ,
ਵਾਰੀਆਂ ਵਤਨ ਲਈ
ਜਾਂਨਾ ਸੱਚੀਆਂ।

ਗ਼ਦਰ-ਲਹਿਰ ਬਦੇਸੋਂ
ਗੂੰਜ ਕੇ ਪੁਕਾਰਦੀ,
'ਕਾਮਾ ਗਾਟਾ ਮਾਰੂ' ਰਾਹੀਂ
ਮੁੱਲ ਤਾਰਦੀ।

ਸੋਹਨ ਸਿੰਘ ਭਕਨਾ ਨੇ
ਜੋਸ਼ ਭਰਿਆ,
ਲਾਲਾ ਹਰਦਿਆਲ ਨਾ
ਕਿਸੇ ਤੋਂ ਡਰਿਆ।

'ਕਾਂਸ਼ੀ ਰਾਮ', 'ਢੀਂਗਰੇ ਦਾ
ਲਹੂ ਤੱਤੜਾ,
ਸ਼ਹੀਦਾਂ ਦਾ ਇਤਿਹਾਸ
ਹੁੰਦਾ ਅੱਗ ਰੱਤੜਾ।

ਕਰਤਾਰ ਸਿੰਘ ਸਰਾਭਾ ਹੁਰਾਂ
ਜਿੰਦਾਂ ਵਾਰੀਆਂ,
ਗ਼ਦਰੀਆਂ ਲੇਖੇ ਲਾਈਆਂ
ਜਾਨਾਂ ਪਿਆਰੀਆਂ।

ਮੱਚ ਗਈ ਅਜ਼ਾਦੀ ਲਈ
ਹਾ-ਹਾ ਕਾਰ ਸੀ,
ਹਰ ਕੋਈ ਵਾਰਨੇ ਨੂੰ
ਆਪਾ ਤਿਆਰ ਸੀ।

ਜੱਲ੍ਹਿਆਂ ਵਾਲਾ ਬਾਗ ਵਿੱਚ
ਲਹੂ ਡੁੱਲ੍ਹਿਆ,
ਲੋਕਾਂ ਨੂੰ ਵਿਸਾਖੀ ਸਾਕਾ
ਨਾ 'ਡਾਇਰ' ਭੁੱਲਿਆ।

'ਪਟੇਲ', 'ਤਿਲਕ', 'ਗੋਖਲੇ'
ਤੇ 'ਪੰਤ' ਸਾਰਿਆਂ,
ਲੋਕਾਂ ਨੂੰ ਜਗਾਇਆ
ਲੀਡਰਾਂ ਪਿਆਰਿਆਂ।

'ਛੱਡ ਜਾਓ ਭਾਰਤ'
ਹਰ ਕੋਈ ਆਖਦਾ,
ਗੋਰਿਆਂ ਨੂੰ ਕੌੜੀ
ਅੱਖ ਨਾਲ ਝਾਕਦਾ।

'ਗਾਂਧੀ', 'ਨਹਿਰੂ' ਲੀਡਰਾਂ
ਤਕਰੀਰਾਂ ਕਰੀਆਂ,
ਕਰ ਕੇ ਕ੍ਰਾਂਤੀ ਲੋਕਾਂ,
ਜੇਲ੍ਹਾਂ ਭਰੀਆਂ।

ਕਰ ਸੱਤਿਆਗ੍ਰਹਿ
ਭੁੱਖਾਂ ਕੈਦਾਂ ਜਰੀਆਂ,
ਲਾਠੀਆਂ ਤੇ ਗੋਲੀਆਂ
ਪਿੰਡੇ 'ਤੇ ਵਰ੍ਹੀਆਂ।

ਬੰਗਾਲ ਵਿਚ ਬਹਾਦਰੀ ਦਾ
ਜੋਸ਼ ਮਘਿਆ,
ਲੋਕਾਂ ਵਿੱਚ ਰੋਹ ਵਾਲਾ
ਸ਼ੋਅਲਾ ਦਗਿਆ।

ਅਜ਼ਾਦ-ਹਿੰਦ ਫੌਜੀਆਂ
ਨੇ ਪੀੜਾਂ ਝੱਲੀਆਂ,
ਸੁਭਾਸ਼ ਚੰਦਰ ਬੋਸ
ਅਤੀ ਘਾਲਾਂ ਘੱਲੀਆਂ।

ਜ਼ੁਲਮ ਦੇ ਕਾਨੂੰਨ ਅੱਗੇ
'ਲਾਜਪਤ' ਬੋਲਿਆ,
ਦੇਸ ਦਾ ਸਪੂਤ
ਰਤਾ ਵੀ ਨਾ ਡੋਲਿਆ।

'ਸਾਈਮਨ ਕਮਿਸ਼ਨ'
ਦੇਸ ਵਿੱਚੋਂ ਕੱਢਿਆ,
ਸਵੈ-ਰਾਜ ਲੈਣ ਲਈ
ਨਾਅਰਾ ਛੱਡਿਆ।

ਭਗਤ ਸਿੰਘ ਉੱਠਿਆ
ਤੂਫ਼ਾਨ ਵਾਂਗਰਾਂ
ਗੋਰੀ ਸਰਕਾਰ ਲੱਗੀ
ਮਾਰਨ ਚਾਂਗਰਾਂ।

ਭਗਤ ਸਿੰਘ ਹੱਸ-ਹੱਸ,
ਫਾਂਸੀ-ਚੜ੍ਹਿਆ,
'ਰਾਜਗੁਰੂ'-'ਸੁਖਦੇਵ'
ਸੱਜੇ ਖੱਬੇ ਖੜ੍ਹਿਆ।

ਇਨਕਲਾਬ-ਜ਼ਿੰਦਾਬਾਦ
ਬੁੱਲ੍ਹਾਂ ਉੱਤੇ ਨਾਅਰਾ ਸੀ,
ਜਾਨ ਨਾਲੋਂ ਦੇਸ
ਸਭ ਨੂੰ ਪਿਆਰਾ ਸੀ।

ਊਧਮ ਸਿੰਘ ਜੋਧਾ
ਲੰਦਨ ਜਾ ਵੰਗਾਰਿਆ,
ਇਕੀ ਸਾਲਾਂ ਪਿੱਛੋਂ
'ਉਡਵਾਇਰ' ਮਾਰਿਆ।

ਲੋਕਾਂ ਨੇ ਅਜ਼ਾਦੀ ਲਈ
ਝਾਲਾਂ ਝੱਲੀਆਂ,
ਲਹੂ ਦੀਆਂ ਨੇਰ੍ਹੀਆਂ
ਸੀਨਿਆਂ 'ਤੇ ਠੱਲ੍ਹੀਆਂ।

ਟੁੱਟੀਆਂ ਜੰਜੀਰਾਂ
ਸੱਭੇ ਕੈਦਾਂ ਮੁੱਕੀਆਂ,
ਗੁਲਾਮੀ ਦੀਆਂ ਪੰਡਾਂ
ਸਿਰੋਂ ਗਈਆਂ ਚੁੱਕੀਆਂ।

ਪੰਦਰ੍ਹਾਂ ਅਗਸਤ ਵਾਲੀ
ਘੜੀ ਆ ਗਈ,
ਸੰਤਾਲੀ 'ਚ ਅਜ਼ਾਦੀ ਨਾਲ
ਖੁਸ਼ੀ ਛਾ ਗਈ।

ਲਾਲ ਕਿਲ੍ਹੇ ਉੱਤੇ
ਕੌਮੀ ਝੰਡਾ ਲਹਿਰਿਆ,
ਕੁਰਬਾਨੀਆਂ ਦੀ ਲਾਟ ਸਾਹਵੇਂ
ਨਾ ਗੋਰਾ ਠਹਿਰਿਆ।

ਲੋਕ-ਰਾਜ ਆਇਆ
ਸ਼ਾਨਾਂ ਹੋਈਆਂ ਉੱਚੀਆਂ
ਖੇੜਾਂ, ਖੁਸ਼ੀ ਨਾਲ ਪੌਣਾ
ਨੱਚ ਉੱਠੀਆਂ।

ਭੀੜ ਸਮੇਂ ਦੇਸ ਲਈ
ਸਦਾ ਡੁੱਲ੍ਹੀਏ,
ਕੌਮ ਦੇ ਸ਼ਹੀਦਾਂ ਨੂੰ
ਕਦੇ ਨਾ ਭੁੱਲੀਏ!!

* * * *

# ਮੇਰਾ ਦੀਵਾ

## ਦੀਵਾ

ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

ਆ ਪੁੱਤਰ ਮੈਂ ਦੀਵਾ ਬਾਲਾਂ,
ਤੇਰੀ ਸੁੱਖ ਸਦਾ ਮੈਂ ਭਾਲਾਂ।
ਜੀਵਨ ਤੇਰਾ ਸੱਚਾ ਸੁੱਚਾ
ਦੇਸ਼ ਦੀ ਖਾਤਰ ਬਣੇ ਮਸਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

ਇਕ ਦੀਵਾ ਤੇਰੀ ਤਲੀ ਟਿਕਾਵਾਂ,
ਤੇਲ ਗੁਣਾਂ ਦਾ ਇਸ ਵਿਚ ਪਾਵਾਂ।
ਚਾਨਣ ਜਿਸਦਾ ਖਿੰਡੇ ਚੁਫੇਰੇ,
ਲੋਕੀ ਸਾਰੇ ਹੋਣ ਖੁਸ਼ਹਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

ਇਕ ਦੀਵਾ ਤੇਰੇ ਸੀਸ ਸਜਾਵਾਂ,
ਗਿਆਨ ਦੀ ਬੱਤੀ ਵੱਟਕੇ ਪਾਵਾਂ।
ਪੜ੍ਹ ਲਿਖਕੇ ਤੂੰ ਬਣੇ ਮਹਾਨ।
ਮਿਹਨਤ ਹੁੰਦੀ ਚੰਗੀ ਘਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

ਤੇਰਾ ਦੀਵਾ ਜਗਦਾ ਜਾਵੇ,
ਇਕ ਜੋਤ ਦਾ ਸਬਕ ਸਿਖਾਵੇ।
ਦੇਸ਼ ਦੀ ਦੌਲਤ ਬੱਚੇ ਹੁੰਦੇ
ਮੋਤੀ, ਜਵਾਹਰ, ਹੀਰਾ, ਲਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

ਇਕ ਦੀਵਾ ਤੇਰੇ ਦਿਲ 'ਚੋਂ ਜਾਗੇ,
ਮਾਵਾਂ ਦੇ ਪੁੱਤ ਹੋਣ ਸੁਭਾਗੇ।
ਦੇਸ਼ ਅਸਾਡਾ ਕਰੇ ਤਰੱਕੀ,
ਗਾਓ ਗੀਤ ਖੁਸ਼ੀ ਦੇ ਨਾਲ।
ਮਾਂ ਮੇਰਾ ਤੂੰ ਦੀਵਾ ਬਾਲ,
ਚਾਨਣ ਜਿਸਦਾ ਹੋਏ ਕਮਾਲ।

## ਭਾਰਤ ਮਾਂ

ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾ।

ਤੇਰੀਆਂ ਥਾਵਾਂ ਸੁੰਦਰ ਬੇਲੇ,
ਪਿੰਡੀਂ ਸ਼ਹਿਰੀਂ ਲੱਗਣ ਮੇਲੇ,
ਤੇਰੇ ਯੋਧੇ ਪੁੱਤ ਅਲਬੇਲੇ,
ਰਤਾ ਨਾ ਡੋਲਣ ਔਕੜ ਵੇਲੇ।
ਤੇਰੇ ਗੁਣ ਮੈਂ ਕਿੰਜ ਕਹਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾ।

ਤੇਰੇ ਉੱਤਰ ਵਿਚ ਹਿਮਾਲਾ,
ਚਿਰਾਂ ਤੋਂ ਤੇਰਾ ਹੈ ਰਖਵਾਲਾ।
ਤੇਰੀ ਗੰਗਾ ਦਏ ਉਛਾਲਾ,
ਖੇਤਾਂ ਨੂੰ ਕਰਦੀ ਹਰਿਆਲਾ।
ਮਾਂ ਤਾਂ ਹੁੰਦੀ ਠੰਢੀ ਛਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾ।

ਮਿੱਟੀ ਤੇਰੀ ਉਗਲੇ ਸੋਨਾ,
ਕਿਧਰੇ ਕਣਕਾਂ ਕਿਧਰੇ ਝੋਨਾ।
ਖਿੜਨ ਕਪਾਹਾਂ, ਝੂਮੇ ਪੌਨਾ,
ਤੇਰਾ ਪਿਆਰਾ ਕੋਨਾ ਕੋਨਾ।
ਤੇਰੇ ਤੋਂ ਮੈਂ ਸਦਕੇ ਜਾਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਰਲ ਮਿਲ ਵੱਸਣ ਭਾਈ ਭਾਈ।
ਪੱਲੇ ਜਿਸਦੇ ਹੋਏ ਸਚਾਈ,
ਉਸ ਦੀ ਹੁੰਦੀ ਨੇਕ ਕਮਾਈ।
ਤੈਥੋਂ ਜਿੰਦੜੀ ਵਾਰ ਦਿਆਂ
ਹੇ ਭਾਰਤ, ਹੇ ਪਿਆਰੀ ਮਾਂ,
ਮੈਂ ਇਕ ਚੰਗਾ ਬਾਲ ਬਣਾ।

## ਜਾਗੋ ਬੱਚਿਓ

ਜਾਗੋ ਦੇਸ਼ ਦੇ ਪਿਆਰੇ ਬੱਚਿਓ
ਚੜ੍ਹਿਆ ਨਵਾਂ ਸਵੇਰਾ।
ਸੰਦਲੀ ਧੁੱਪ ਚੜ੍ਹੀ ਹੈ ਹੱਸਦੀ
ਭੱਜਿਆ ਦੂਰ ਹਨੇਰਾ।

ਪੰਛੀ ਜਾਗੇ ਭਰਨ ਉਡਾਰੀ
ਫੁੱਲ ਪੱਤੀਆਂ ਮੁਸਕਾਵਣ,
ਪੌਣ ਰੁਮਕਦੀ ਮਹਿਕਾਂ ਵੰਡਦੀ
ਚੱਲੀ ਖੇਤ ਜਗਾਵਣ।

ਤੁਸੀਂ ਵੀ ਬੱਚਿਓ ਕਰੋ ਤਿਆਰੀ
ਪੜ੍ਹਨ ਸਕੂਲੇ ਜਾਓ।
ਨਹਾਕੇ ਸੁਥਰੇ ਕੱਪੜੇ ਪਾਓ,
ਪੈਰੀਂ ਬੂਟ ਸਜਾਓ।

ਲੈ ਕਿਤਾਬਾਂ ਫੱਟੀ ਬਸਤਾ
ਨਾਲ ਸਾਥੀਆਂ ਜਾਣਾ।
ਜਾ ਸਤਿਕਾਰ ਗੁਰਾਂ ਦਾ ਕਰਨਾ
ਗੀਤ ਵਤਨ ਦੇ ਗਾਣਾ।

ਵਿੱਦਿਆ ਹੈ ਜੀਵਨ ਦਾ ਗਹਿਣਾ
ਮਿਹਨਤ ਕਰਕੇ ਪਾਓ।
ਫੁੱਲਾਂ ਵਾਂਗੂੰ ਖੁਸ਼ਬੋ ਵੰਡੋ
ਚੰਗੇ ਗੁਣ ਅਪਣਾਓ।

ਸੁੰਦਰ ਕਰੋ ਲਿਖਾਈ ਆਪਣੀ
ਮੋਤੀਆਂ ਵਰਗੀ ਸੁਹਣੀ
ਚੰਗੀ ਸਿਹਤ ਖੇਡਿਆਂ ਬਣਦੀ
ਲਗਦੀ ਹੈ ਮਨ-ਮੋਹਣੀ।

ਦੇਸ਼ ਕੌਮ ਦੀ ਸੇਵਾ ਕਰਨੀ
ਬਣ ਵਿਦਵਾਨ ਤੇ ਸੂਰੇ।
ਭਾਰਤ ਸਾਡਾ ਜੁਗ ਜੁਗ ਜੀਵੇ
ਸੁਪਨੇ ਹੋਵਣ ਪੂਰੇ॥

## ਘੁੱਗੀਏ ਨੀ, ਲੱਕ ਟੁਣੂੰ ਟੁਣੂੰ

ਘੁੱਗੀਏ ਨੀ, ਲੱਕ ਟੁਣੂੰ ਟੁਣੂੰ
ਗੀਤ ਅਮਨ ਦੇ ਗਾਏਂ ਤੂੰ।

ਸੁਖੀ ਵੱਸੇ ਮਾਂ ਧਰਤ ਪਿਆਰੀ,
ਜੁਗ ਜੁਗ ਜੀਵੇ ਦੁਨੀਆ ਸਾਰੀ।
ਪੌਣਾਂ ਦੇ ਵਿਚ ਦੇਣ ਸੁਨੇਹਾ,
ਪੰਛੀ ਉਡਦੇ ਚੂੰ ਚੂੰ ਚੂੰ।
ਘੁੱਗੀਏ ਨੀ, ਲੱਕ ਟੁਣੂੰ ਟੁਣੂੰ
ਗੀਤ ਅਮਨ ਦੇ ਗਾਏਂ ਤੂੰ।

ਵੱਸੇ ਨਗਰੀ ਲੋਕਾਂ ਵਾਲੀ,
ਵੱਸਣ ਕਿਰਤੀ, ਕਾਮੇ, ਹਾਲੀ।
ਸਿਖ਼ਰ ਦੁਪਹਿਰੇ, ਕਿੱਕਰ ਉੱਤੇ
ਤੂੰ ਵੀ ਬੋਲੇਂ ਘੂੰ ਗੂੰ ਘੂੰ।
ਘੁੱਗੀਏ ਨੀ, ਲੱਕ ਟੁਣੂੰ ਟੁਣੂੰ
ਗੀਤ ਅਮਨ ਦੇ ਗਾਏਂ ਤੂੰ।

ਆਓ ਧਰਤੀ ਸੁਰਗ ਬਣਾਈਏ,
ਜੰਗ ਲੜਾਈ ਜੜੋਂ ਭਣਾਈਏ।
ਹਰੇ ਮੈਦਾਨੀਂ ਫਸਲਾਂ ਝੂਮਣ,
ਪਾਣੀ ਵੱਗਣ ਸ਼ੂੰ ਸ਼ੂੰ ਸ਼ੂੰ।
ਘੁੱਗੀਏ ਨੀ, ਲੱਕ ਟੁਣੂੰ ਟੁਣੂੰ
ਗੀਤ ਅਮਨ ਦੇ ਗਾਏਂ ਤੂੰ।

ਕੋਈ ਕਿਧਰੇ ਬੰਬ ਨਾ ਸੁੱਟੇ,
ਨਾ ਕੋਈ ਦੇਸ਼ ਕਿਸੇ ਦਾ ਲੁੱਟੇ।
ਫੁੱਲਾਂ ਵਾਂਗੂੰ ਬੱਚੇ ਹੱਸਣ,
ਚਰਖਾ ਗਾਵੇ ਘੂੰ ਘੂੰ ਘੂੰ।
ਘੁੱਗੀਏ ਨੀ, ਲੱਕ ਟੁਣੂੰ ਟੁਣੂੰ
ਗੀਤ ਅਮਨ ਦੇ ਗਾਏਂ ਤੂੰ।

## ਸਤਲੁਜ

ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ।

ਮਾਨ ਸਰੋਵਰ ਝੀਲ ਤੋਂ ਆਵੇ,
ਲੰਘ ਪਹਾੜ, ਮੈਦਾਨ ਜਗਾਵੇ।
ਇਸਦੇ ਕੰਢੇ ਰੁੱਖ ਖੜੋਤੇ,
ਸੁੰਦਰ ਲੱਗਣ ਸੱਜੇ ਖੱਬੇ।
ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ।

ਬਰਫਾਂ ਘੁਲਿਆ ਇਸ ਦਾ ਪਾਣੀ,
ਇਸ ਦੀ ਲੰਮੀ ਬੜੀ ਕਹਾਣੀ।
ਜਿਹਲਮ, ਰਾਵੀ, ਬਿਆਸ, ਝਨਾਂ,
ਇਸ ਵਿਚ ਮਿਲਦੇ ਆ ਕੇ ਸਭੇ।
ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ।

ਇਸਦੇ ਕੰਢਿਆਂ ਲੋਕ ਵਸਾਏ,
ਰਿਸ਼ੀਆਂ, ਮੁਨੀਆਂ ਵੇਦ ਰਚਾਏ।
ਇਸ ਦੇ ਅਣਖੀ ਪੁੱਤਰਾਂ ਕੋਲੋਂ,
ਹਾਰ ਲੜਾਈਆਂ ਵੈਰੀ ਭੱਜੇ।
ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ।

ਇਸ ਤੇ ਭਾਖੜਾ ਬੰਨ੍ਹ ਲਗਾਇਆ,
ਬਿਜਲੀ ਨੇ ਘਰ ਘਰ ਰੁਸ਼ਨਾਇਆ।
ਇਸਦਾ ਨਹਿਰੀ ਪਾਣੀ ਪੀ ਕੇ,
ਭੁੱਖੇ ਖੇਤ ਅਸਾਡੇ ਰੱਜੇ।
ਵਾਹਵਾ ਸਤਲੁਜ ਪਿਆਰਾ ਵੱਗੇ,
ਇਸ ਦਾ ਪਾਣੀ ਗਾਉਂਦਾ ਲੱਗੇ।

ਇਸ ਦੀਆਂ ਲਹਿਰਾਂ ਭਰਨ ਕਲਾਵੇ,
ਇਸਦਾ ਪਾਣੀ ਭੰਗੜਾ ਪਾਵੇ।
ਇਸਦੀ ਮਿੱਟੀ ਦੇ ਨਾਲ ਬਣਿਆ,
ਦੇਸ਼ ਪੰਜਾਬ ਅਸਾਡਾ ਫੱਬੇ।
ਵਾਹਵਾ ਸਤਲੁਜ ਪਿਆਰਾ ਵੱਗੇ,
ਇਸਦਾ ਪਾਣੀ ਗਾਉਂਦਾ ਲੱਗੇ।

## ਵਾ ਵਰੋਲਾ

ਸਿਖਰ ਦੁਪਹਿਰੇ ਕਰੜੀ ਧੁੱਪੇ
ਵਾ ਵਰੋਲਾ ਨੱਚੇ ਓਂਠੇ।
ਮਿੱਟੀ ਘੱਟਾ ਪੱਤੇ ਤੀਲੇ
ਨਾਲ ਵਰੋਲੇ ਚੜ੍ਹਗੇ ਉੱਚੇ।
ਸ਼ੋਰ ਮਚਾਵੇ ਘੁੰਮਣ ਘੇਰੀ
ਕੁੱਛੜ ਚੜ੍ਹ ਅਸਮਾਨਾਂ ਉੱਤੇ।
ਆਖਰ ਕਿਣਕੇ ਤੀਲੇ ਪੱਤੇ।
ਧਰਤੀ ਤੇ ਡਿੱਗਣ ਹੋ ਪੁੱਠੇ।
ਪਰ ਪੰਛੀ ਦੀ ਖੰਭ ਉਡਾਰੀ
ਅੰਬਰ ਢੂੰਡੇ ਉੱਚੇ ਉੱਚੇ।
ਵਾ ਵਰੋਲਾ ਧੋਖਾ ਸਾਰਾ
ਸੱਚੀ ਹਿੰਮਤ ਕਦੇ ਨਾ ਰੁੱਠੇ॥

## ਰੰਗ ਬਰੰਗੀ ਹੋਲੀ ਆਈ

ਰੰਗ ਬਰੰਗੀ ਹੋਲੀ ਆਈ,
ਔਹ ਬਾਲਾਂ ਦੀ ਟੋਲੀ ਆਈ।
ਮੁੰਡੇ ਕੁੜੀਆਂ ਰੌਲਾ ਪਾਇਆ,
ਵਾਹਵਾ ਦਿਨ ਹੋਲੀ ਦਾ ਆਇਆ।
ਰੰਗਾਂ ਦੀ ਇਹ ਖੇਡ ਨਿਆਰੀ,
ਸਾਨੂੰ ਲਗਦੀ ਬੜੀ ਪਿਆਰੀ।

ਰੰਗ ਗੁਲਾਲ ਮੂੰਹਾਂ ਤੇ ਮਲ ਕੇ,
ਹੋਲੀ ਖੇਡਾਂਗੇ ਸਭ ਰਲਕੇ।
ਕਿਸੇ ਦੀ ਮੁੱਠੀ ਹਰਾ, ਪਿਆਜ਼ੀ,
ਕਿਸੇ ਲਿਆਂਦਾ ਲਾਲ ਗੁਲਾਬੀ।
ਪੀਲਾ ਰੰਗ ਘੋਲਿਆ 'ਧਰਮੂ'
ਰੰਗ ਫਿਰੋਜ਼ੀ ਡੋਲ੍ਹਿਆ 'ਕਰਮੂ'।
ਕੋਈ ਸ਼ੀਸ਼ੀ ਭਰਕੇ ਲਿਆਇਆ,
ਕਿਸੇ ਨੇ ਡੱਬੇ ਵਿਚ ਹੀ ਪਾਇਆ।

ਕੁੜੀਆਂ ਭੱਜ ਕੇ ਕੋਠੇ ਚੜ੍ਹੀਆਂ,
ਹੱਥ ਉਹਨਾਂ ਪਿਚਕਾਰੀਆਂ ਫੜੀਆਂ।
'ਗਾਣੋ' ਭਰ ਪਿਚਕਾਰੀ ਮਾਰੀ
'ਪ੍ਰੀਤ' ਦੀ ਚੁੰਨੀ ਰੰਗਤੀ ਸਾਰੀ।
ਦੌੜ ਦੌੜ ਰੰਗ ਡੋਲ੍ਹੀ ਜਾਵਣ,
ਗਲੀਆਂ ਦੇ ਵਿਚ ਸ਼ੋਰ ਮਚਾਵਣ।

ਸਭ ਦੇ ਕੱਪੜੇ ਗਚ-ਮਚ ਹੋਏ,
ਖੁਸ਼ੀ 'ਚ ਆਖਣ ਹੋਏ ਹੋਏ।
ਚਿਹਰੇ ਹੋ ਗਏ ਰੰਗ-ਬਰੰਗੇ,
ਬਾਲ ਖੇਡਦੇ ਲੱਗਣ ਚੰਗੇ।
ਰੰਗ ਬਰੰਗੀ ਹੋਲੀ ਆਈ,
ਔਹ ਬਾਲਾਂ ਦੀ ਟੋਲੀ ਆਈ।

## ਬਾਲ ਟੋਲੀ ਦਾ ਗੀਤ

ਕੋਠੇ ਕੋਠੇ ਚਾਨਣਾ
ਗਲੀ ਗਲੀ ਚਾਨਣਾ
ਅਸਾਂ ਹੈ ਖਿੰਡਾਵਣਾ
ਵਿੱਦਿਆ ਦਾ ਚਾਨਣਾ।

ਕੋਠੇ ਕੋਠੇ ਧੁੱਪੜੀ
ਵਿਹੜੇ ਵਿਹੜੇ ਧੁੱਪੜੀ,
ਝੰਡਾ ਉੱਚਾ ਲਾਵਣਾ
ਕੌਮੀ ਗੀਤ ਗਾਵਣਾ।

ਕੋਠੇ ਕੋਠੇ ਸੂਰਜਾ
ਖੇਤੋਂ ਖੇਤ ਸੂਰਜਾ,
ਸਕੂਲੇ ਅਸੀਂ ਜਾਵਣਾ
ਵਿੱਦਿਆ ਨੂੰ ਪਾਵਣਾ।

ਕੋਠੇ ਕੋਠੇ ਚਾਨਣੀ
ਘਰੋ ਘਰ ਚਾਨਣੀ,
ਹਨੇਰਾ ਭੱਜ ਜਾਵਣਾ
ਦਿਨ ਚੜ੍ਹ ਆਵਣਾ।
ਅਸਾਂ ਹੈ ਖਿੰਡਾਵਣਾ
ਵਿੱਦਿਆ ਦਾ ਚਾਨਣਾ॥

## ਸਿਆਣਾ ਕਾਂ

ਇਕ ਸੀ ਬੜਾ ਸਿਆਣਾ ਕਾਂ,
ਆਲਸ ਦਾ ਨਾ ਜਾਣੇ ਨਾਂ।
ਤ੍ਰੇਹ ਨੇ ਉਸਨੂੰ ਬੜਾ ਸਤਾਇਆ,
ਉੱਡਕੇ ਇਕ ਬਾਗ਼ ਵਿਚ ਆਇਆ।
ਤੱਕ ਘੜਾ ਉਸ ਖੁਸ਼ੀ ਮਨਾਈ,
ਪਾਣੀ ਪੀਣ ਦੀ ਆਸ ਲਗਾਈ।
ਐਪਰ ਪਾਣੀ ਬਹੁਤ ਸੀ ਥੱਲੇ,
ਚੁੰਝ ਡਬੋਏ, ਕੁਝ ਪਏ ਨਾ ਪੱਲੇ।
ਆਖਰ ਉਸਨੇ ਅਕਲ ਦੁੜਾਈ,
ਪਾਣੀ ਪੀਣ ਦੀ ਜੁਗਤ ਬਣਾਈ।
ਇਕ ਇਕ ਗੀਟੀ ਚੁੱਕਣ ਲੱਗਾ,
ਉਸ ਘੜੇ ਵਿਚ ਸੁੱਟਣ ਲੱਗਾ।
ਜਦ ਪਾਣੀ ਉੱਪਰ ਚੜ੍ਹ ਆਇਆ,
ਕਾਂ ਨੇ ਡਾਢਾ ਸ਼ੁਕਰ ਮਨਾਇਆ।
ਪਾਣੀ ਪੀ ਉਸ ਤ੍ਰੇਹ ਬੁਝਾਈ,
ਗਈ ਥਕਾਵਟ ਤਾਕਤ ਆਈ।
ਮਾਰ ਉਡਾਰੀ ਉਡਿਆ ਜਾਵੇ,
ਕਾਂ-ਕਾਂ ਕਰਕੇ ਖੁਸ਼ੀ ਮਨਾਵੇ।
ਇਕ ਸੀ ਬੜਾ ਸਿਆਣਾ ਕਾਂ,
ਆਲਸ ਦਾ ਨਾ ਜਾਣੇ ਨਾਂ।

## ਤਲਵੰਡੀ ਦੀ ਪਗਡੰਡੀ ਤੇ

ਤਲਵੰਡੀ ਦੀ ਪਗਡੰਡੀ ਤੇ
ਬਾਬਾ ਨਾਨਕ, ਸਭ ਦਾ ਸਾਂਝਾ
ਲੈ ਦੀਵਾ ਇਕ ਚਾਨਣ ਆਇਆ।

ਦੇਸ਼ ਮੇਰੇ ਦੀ ਮਿੱਟੀ ਬੋਲੀ,
ਪੌਣਾਂ ਅੰਦਰ ਖੁਸ਼ਬੋ ਘੋਲੀ।
ਹਰ ਬੰਦੇ ਦੀ ਸੁੱਤੀ ਰੂਹ ਨੂੰ,
ਨਕਸ਼ ਨਵੇਂ ਕੋਈ ਲਾਵਣ ਆਇਆ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ।

ਸ਼ਬਦ ਤੇਰੇ ਨੇ ਮੂਲ ਸਚਾਈ,
ਧਰਮ ਤੇਰਾ ਇਕ ਤੰਦ ਲੋਕਾਈ।
ਸੱਚ ਦਾ ਰਥ ਚਲਾਵਣ ਖਾਤਰ,
ਬਣਕੇ ਇਕ ਰਥਵਾਨ ਹੈ ਆਇਆ।
ਤਲਵੰਡੀ ਦੀ ਪਗਡੰਡੀ ਤੇ,
ਲੈ ਦੀਵਾ ਇਕ ਚਾਨਣ ਆਇਆ।

ਸੱਚ ਦਾ ਮਾਰਗ ਮਨ ਨੂੰ ਦਿੱਤਾ,
ਕਿਰਤ ਭਰੋਸਾ ਤਨ ਨੂੰ ਦਿੱਤਾ।
ਅਰਬ ਈਰਾਨਾਂ ਦੀ ਕਰ ਫੇਰੀ
ਭੈਣ ਦੇ ਵਿਹੜੇ ਵੀਰਾ ਆਇਆ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ।

ਸਵੈ ਰੂਪ ਦੀ ਲੜੀ ਚਲਾਈ,
ਹਰ ਜਾਮੇ ਤੂੰ ਹਿੰਦ ਬਚਾਈ,
ਮਾਨ ਸਰੋਵਰ ਫੁੱਲਾਂ ਭਰਿਆ
ਵਣ ਤ੍ਰਿਣ ਦਾ ਬਲਿਹਾਰੀ ਆਇਆ।
ਤਲਵੰਡੀ ਦੀ ਪਗਡੰਡੀ ਤੇ
ਲੈ ਦੀਵਾ ਇਕ ਚਾਨਣ ਆਇਆ।

## ਭੰਡਾ ਭੰਡਾਰੀਆ
(ਬਾਲ- ਖੇਡ 'ਤੇ ਆਧਾਰਤ)

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ?

ਇਕ ਹਿੱਸਾ ਧਰਤੀ ਮੈਂ ਰਾਣੀ
ਤਿੰਨ ਹਿੱਸੇ ਪਾਣੀ ਹੀ ਪਾਣੀ
ਇਸਦਾ ਮੈਨੂੰ ਲੱਗੇ ਨਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ?

ਸੰਘਣੇ ਜੰਗਲ ਹਰੇ ਕਚੂਚ
ਉੱਚੇ ਪਰਬਤ ਭਾਰੇ ਦੂਰ
ਇਹਨਾਂ ਦਾ ਮੈਨੂੰ ਲੱਗੇ ਨਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ।

ਪੰਛੀ, ਜੀਵ, ਜਾਨਵਰ ਪਿਆਰੇ
ਫੁੱਲ, ਬੂਟੇ ਖਿੜਦੇ ਨਿੱਤ ਸਾਰੇ
ਇਹਨਾਂ ਦਾ ਮੈਨੂੰ ਲੱਗੇ ਨਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ।

ਨਿੱਤ ਵੱਸੋਂ ਹੈ ਵਧਦੀ ਜਾਂਦੀ
ਇਸਦੀ ਮੈਨੂੰ ਚਿੰਤਾ ਖਾਂਦੀ
ਇਸਦਾ ਮੈਨੂੰ ਲਗਦਾ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ।

ਚੰਗਾ ਜੀਵਨ ਸਦਾ ਬਹਾਰ
ਸੁਖੀ ਵੱਸੇ ਛੋਟਾ ਪਰਿਵਾਰ
ਫੇਰ ਨਾ ਮੈਨੂੰ ਲੱਗੇ ਭਾਰ।

ਭੰਡਾ ਭੰਡਾਰੀਆ
ਧਰਤੀ ਮਾਤਾ ਕਿੰਨਾ ਕੁ ਭਾਰ?

## ਥਾਲ ਦਾ ਗੀਤ
(ਕੁੜੀਆਂ ਲਈ)

ਪਹਿਲਾ ਥਾਲ
ਭਾਰਤ ਹੋਵੇ ਮਾਲਾ ਮਾਲ।
ਖੇਡਣ ਸਾਰੇ ਰਲਕੇ ਬਾਲ।
ਭੰਗੜਾ ਗਿੱਧਾ ਦੇਵੇ ਤਾਲ।
ਵਿੱਦਿਆ ਦਾ ਤੂੰ ਦੀਵਾ ਬਾਲ।
ਕੋਈ ਮੋਤੀ ਕੋਈ ਲਾਲ।
ਛੋਟੀ ਟੱਬਰੀ ਚੰਗਾ ਹਾਲ।
ਵਧਦੀ ਵੱਸੋਂ ਕਰੇ ਬੇਹਾਲ।
ਛੇਤੀ ਇਸਦੀ ਕਰੋ ਸੰਭਾਲ।
ਉੱਨਤੀ ਦੇ ਤੂੰ ਸਾਧਨ ਭਾਲ।
ਮਿਹਨਤ ਕਰਕੇ ਬਣ ਖ਼ੁਸ਼ਹਾਲ।
ਬੀਤਣ ਚੰਗੇ ਦਿਨ ਤੇ ਸਾਲ।
ਚੰਗਾ ਜੀਵਨ ਬਣੇ ਮਸਾਲ।
ਜੁਗ ਜੁਗ ਜੀਵਣ ਸਾਰੇ ਬਾਲ।
ਆਲ ਮਾਲ ਪੂਰਾ ਹੋਇਆ ਪਹਿਲਾ ਥਾਲ॥

## ਆਈ ਵਿਸਾਖੀ ਕਣਕਾਂ ਪੱਕੀਆਂ
(ਗਿੱਧੇ ਲਈ)

ਆਈ ਵਿਸਾਖੀ ਕਣਕਾਂ ਪੱਕੀਆਂ
ਬੱਲੀਆਂ ਦੇ ਵਿਚ ਦਾਣੇ।

ਮਿਹਨਤ ਦਾ ਫਲ ਮਿੱਠਾ ਹੁੰਦਾ
ਆਖਣ ਲੋਕ ਸਿਆਣੇ।

ਭੰਗੜਾ ਪਾ ਮੁੰਡਿਆ,
ਸਾਡੀ ਜਿੰਦ ਵਿਸਾਖੀ ਮਾਣੇ।

ਸਾਡੇ ਖੇਤੀਂ ਕਣਕਾਂ ਪੱਕੀਆਂ
ਸੋਨੇ ਰੰਗੀਆਂ ਬੱਲੀਆਂ।

ਝੂਮ ਝੂਮ ਕੇ ਪੌਣਾਂ ਲੰਘਣ
ਜਿਉਂ ਬੈਲਾਂ ਦੀਆਂ ਟੱਲੀਆਂ।

ਤੂੰਬੀ ਜਮਲੇ ਦੀ,
ਗੀਤਾਂ ਹੇਕਾਂ ਮੱਲੀਆਂ।

ਸਾਡੇ ਖੇਤੀਂ ਕਣਕਾਂ ਪੱਕੀਆਂ
ਬੰਬੀਓਂ ਦਿੱਤਾ ਪਾਣੀ।

ਖੇਤ ਅਸਾਡੇ ਸੋਨਾ ਉਗਲਣ
ਸੱਚੀ ਬਾਤ ਇਹ ਜਾਣੀਂ।

ਸ਼ਾਮੋ ਇਉਂ ਨੱਚਦੀ,
ਜਿਉਂ ਚਾਟੀ ਵਿੱਚ ਮਧਾਣੀ।

ਸਾਡੇ ਖੇਤੀਂ ਕਣਕਾਂ ਪੱਕੀਆਂ
ਕਣਕਾਂ ਬੋਹਲ ਸਜਾਏ।

ਮਾਰ ਫਰਾਟੇ ਚੱਲੇ ਡਰੰਮੀ
ਤੂੜੀ ਢੇਰ ਲਗਾਏ।

ਭੰਗੜਾ ਪਾ ਮਿੱਤਰਾ,
ਢੋਲੀ ਢੋਲ ਵਜਾਏ।

## ਸਾਡਾ ਟਰੈਕਟਰ

ਲੈ ਲਿਆ ਟਰੈਕਟਰ ਅਸੀਂ ਹਰੇ ਰੰਗ ਦਾ,
ਵੇਖੇ ਸਾਰਾ ਪਿੰਡ ਜਦੋਂ ਕੋਲੋਂ ਲੰਘਦਾ।

ਤਵੀਆਂ ਦੇ ਨਾਲ ਤੱਪੜ ਵਾਹੇ ਜਾਵਣੇ,
ਟਿੱਲਰਾਂ ਸਿਆੜ ਯਾਰੋ ਡੂੰਘੇ ਪਾਵਣੇ।

ਕਰਨੇ ਖੇਤ ਪਧਰੇ ਸੁਆਗਾ ਮਾਰਕੇ,
ਕੱਲਾ ਕੱਲਾ ਖੇਤ ਵਾਹੁਣਾ ਹੈ ਸੁਆਰਕੇ।

ਨਵੇਂ ਬੀਜ, ਨਵੇਂ ਢੰਗਾਂ ਨਾਲ ਕੇਰੀਏ,
ਟਰੈਕਟਰਾਂ ਦੇ ਪਿੱਛੇ ਪਿੱਛੇ ਡਰਿੱਲ ਫੇਰੀਏ।

ਨਵੇਂ ਨਵੇਂ ਖਾਦ ਫਸਲਾਂ ਵਧਾਂਵਦੇ,
ਖੁਸ਼ੀਆਂ ਦੇ ਨਾਲ ਜੱਟ ਹੇਕਾਂ ਲਾਂਵਦੇ।

ਟਰੈਕਟਰਾਂ ਤੇ ਬੰਬੀਆਂ ਗੂੰਜਾਰਾਂ ਪਾਈਆਂ ਨੇ,
ਮਿਹਨਤਾਂ ਦੇ ਨਾਲ ਹੀ ਬਹਾਰਾਂ ਆਈਆਂ ਨੇ।

ਵਾਹੁਣਾ ਚੰਗਾ ਦੱਬਕੇ ਤੇ ਖਾਣਾ ਚੰਗਾ ਰੱਜ ਕੇ,
ਮੇਲੇ ਚੰਗਾ ਲੱਗੇ ਯਾਰੋ ਜਾਣਾ ਸੱਜਕੇ।

## ਰਲ ਮਿਲ ਦੇਸ਼ ਉਸਾਰੀਏ

ਅਸੀਂ ਗਭਰੂ ਭਾਰਤ ਦੇਸ਼ ਦੇ
ਸਾਡੀ ਫੁੱਲਾਂ ਜਿਹੀ ਮੁਸਕਾਨ।
ਅਸੀਂ ਦੇਸ਼ ਦੇ ਰਾਖੇ ਸੂਰਮੇ
ਅਸੀਂ ਹੋ ਜਾਈਏ ਕੁਰਬਾਨ।

ਸਾਡੇ ਗੁੰਦਵੇਂ ਡੌਲੇ ਦੋਸਤੋ,
ਸਾਡੇ ਅਣਖੀ ਲਹੂ 'ਚ ਤਾਣ।
ਸਾਥੋਂ ਵੈਰੀ ਕੰਬਣ ਦੋਸਤੋ
ਅਸੀਂ ਡਟੀਏ ਵਾਂਗ ਚਟਾਨ।

ਅਸੀਂ ਅਮਨ ਪੁਜਾਰੀ ਭਾਰਤੀ
ਸਾਨੂੰ ਜਾਣੇ ਕੁੱਲ ਜਹਾਨ।
ਅਸੀਂ ਜੰਗ ਨੂੰ ਰੋਕਣ ਵਾਸਤੇ
ਹੈ ਖੱਟਿਆ ਜੱਗ ਵਿਚ ਮਾਣ।

ਸਾਡੀ ਭਿੰਨਤਾ ਵਿਚ ਹੈ ਏਕਤਾ
ਆਖਣ ਪੀਰ, ਗੁਰੂ, ਵਿਦਵਾਨ।
ਆਓ ਰਲ ਮਿਲ ਦੇਸ਼ ਉਸਾਰੀਏ
ਇਸਦੀ ਉੱਚੀ ਕਰੀਏ ਸ਼ਾਨ॥

## ਚਾਨਣ ਦੀ ਗੀਤ

ਨੀ ਮਾਏ ਅਸੀਂ ਖਿੰਡ ਜਾਵਣਾ,
ਬਣ ਚਾਨਣ ਚਾਨਣ ਚੁਫੇਰੇ।
ਨੀ ਮਾਏ ਮਿੱਟੀ ਮੇਰੇ ਦੇਸ਼ ਦੀ
ਫੁੱਲ ਜਣ ਖੁਸ਼ਬੋਈਆਂ ਖਲੇਰੇ।

ਨੀ ਮਾਏ ਅਸੀਂ ਹੂੰਝ ਸੁੱਟਣੇ
ਰਲ ਪਾਂਧੀਆਂ ਦੇ ਰਾਹਾਂ, ਚੋਂ ਹਨੇਰੇ।
ਨੀ ਮਾਏ ਅਸੀਂ ਛੱਡ ਨੀਂਦਰਾਂ
ਪੱਬ ਉੱਨਤੀ ਦੇ ਵੱਲ ਨੇ ਖਲੇਰੇ।

ਨੀ ਮਾਈ ਅਸੀਂ ਉੱਚੇ ਉੱਡਣਾ
ਲੈ ਕੇ ਖੰਭਾਂ ਵਿਚ ਸੋਨ-ਸਵੇਰੇ।
ਨੀ ਮਾਏ ਅਸੀਂ ਵਾਸੀ ਮਿਹਨਤੀ,
ਜੰਗ ਜਿੱਤਦੇ ਨੇ ਸੂਰਮੇ ਦਲੇਰੇ।

ਨੀ ਮਾਏ ਅਸੀਂ ਵੀਰ ਭਾਰਤੀ,
ਚਾਹੀਏ ਅੰਬਰਾਂ ਦੇ ਢੂੰਡਣੇ ਬਨੇਰੇ।
ਨੀ ਮਾਏ ਅਸੀਂ ਛੂਹ ਮੰਜ਼ਿਲਾਂ
ਕੰਮ ਕਰਨੇ ਨੇ ਹੋਰ ਵੀ ਬਥੇਰੇ।

ਨੀ ਮਾਏ ਅਸੀਂ ਖਿੰਡ ਜਾਵਣਾ
ਬਣ ਚਾਨਣ ਚਾਨਣ ਚੁਫੇਰੇ॥

## ਬਸੰਤ ਰੁੱਤ

ਕਿੰਨੀ ਸੋਹਣੀ ਰੁੱਤ ਬਸੰਤ,
ਖੁਸ਼ੀ ਮਨਾਵਣ ਜੀਵ ਤੇ ਜੰਤ।

ਫੁੱਲ ਸਰ੍ਹੋਂ ਦੇ ਖਿੜ ਖਿੜ ਹੱਸਣ,
ਰੰਗ-ਬਰੰਗੀਆਂ ਤਿਤਲੀਆਂ ਨੱਸਣ।
ਕਿੱਕਲੀ ਪਾ ਪਾ ਕਣਕਾਂ ਨੱਚਣ।
ਫੁੱਲਾਂ ਦੇ ਰਸ ਭੌਰੇ ਚੱਖਣ।

ਕਿੰਨਾ ਸੋਹਣਾ ਮੌਸਮ ਆਇਆ,
ਬਿਰਛ ਬੂਟਿਆਂ ਰੂਪ ਸਜਾਇਆ।
ਸੂਰਜ ਕਿਰਨਾਂ ਵੰਡਣ ਆਇਆ,
ਧੁੱਪ ਨੇ ਪਾਲਾ ਝੱਟ ਭਜਾਇਆ।

ਉੱਚੇ ਚੜ੍ਹ ਪਤੰਗ ਉਡਾਈਏ,
ਜੋਟੀਆਂ ਬੰਨ੍ਹ ਬੰਨ੍ਹ ਭੰਗੜਾ ਪਾਈਏ।
ਪੈਸੇ ਲੈ ਕੇ ਮੇਲੇ ਜਾਈਏ,
ਮੌਜਾਂ, ਖੁਸ਼ੀਆਂ ਖੂਬ ਮਨਾਈਏ।

ਰੰਗ ਬਸੰਤੀ ਕੱਪੜੇ ਪਾਈਏ।
ਧਰਤੀ ਮਾਂ ਨੂੰ ਸੀਸ ਨਿਵਾਈਏ।
ਕਿੰਨੀ ਸੋਹਣੀ ਰੁੱਤ ਬਸੰਤ,
ਸਰਦੀ ਪਾਲਾ ਹੋਏ ਉਡੰਤ।

## ਬੋਲੀਆਂ

ਬੱਲੇ, ਬੱਲੇ, ਬੱਲੇ
ਕਰਮੂ, ਧਰਮੂ ਦੋਵੇਂ ਹਾਣੀ
ਪੜ੍ਹਨ ਸਕੂਲੇ ਚੱਲੇ।

ਤਰੀਏ, ਤਰੀਏ, ਤਰੀਏ
ਵਿੱਦਿਆ ਹੈ ਜੀਵਨ ਦਾ ਗਹਿਣਾ
ਖੂਬ ਪੜ੍ਹਾਈ ਕਰੀਏ।

ਤਣੀਏ, ਤਣੀਏ, ਤਣੀਏ
ਸੱਚ ਬੋਲਣ ਦੀ ਆਦਤ ਚੰਗੀ
ਬੀਬੇ ਬਾਲਕ ਬਣੀਏ।

ਤਾਰਾਂ, ਤਾਰਾਂ, ਤਾਰਾਂ
ਦੇਸ਼ ਦੀ ਉੱਨਤੀ ਲਈ
ਮੈਂ ਹੱਸ, ਹੱਸ ਜਿੰਦੜੀ ਵਾਰਾਂ।

ਪਹੀਏ, ਪਹੀਏ, ਪਹੀਏ।
ਅਸੀਂ ਭਾਰਤੀ ਵਾਸੀ ਸਾਰੇ
ਵਾਂਗ ਭਰਾਵਾਂ ਰਹੀਏ।

## ਕਿੱਕਲੀ ਦਾ ਗੀਤ

ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।
ਭਾਬੋ ਮੇਰੀਂ ਸਰ੍ਹੋਂ ਦਾ
ਸਾਗ ਬੈਠੀ ਚੀਰਦੀ।
ਸਾਗ ਧਰ ਬਣਾਏਗੀ,
ਲੱਪ ਆਲਣ ਪਾਏਗੀ।
ਜ਼ੋਰ ਜ਼ੋਰ ਘੋਟੇਗੀ,
ਤੌੜੀ ਬੈਠ ਪੋਚੇਗੀ।
ਤਵਾ ਚੁੱਲ੍ਹੇ ਰੱਖੇਗੀ,
ਅੱਗ ਬਾਲ ਹੱਸੇਗੀ।
ਆਟਾ ਗਿੱਲਾ ਕਰੇਗੀ,
ਪਰਾਤ ਵਿਚ ਮਲੇਗੀ।
ਰੋਟੀ ਤਵੇ ਪਾਏਗੀ,
ਚੂੜਾ ਵੀ ਛਣਕਾਏਗੀ।
ਰੋਟੀਆਂ ਪਕਾਏਗੀ,
ਨਾਲੇ ਗੀਤ ਗਾਏਗੀ।
ਵੀਰ ਮੇਰਾ ਆਵੇਗਾ,
ਤਾਜ਼ੀ ਰੋਟੀ ਖਾਵੇਗਾ।
ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ॥

## ਸਾਡੀ ਬੰਬੀ

ਸਾਡੇ ਖੇਤਾਂ ਦੇ ਵਿਚ ਬੰਬੀ,
ਸਾਨੂੰ ਲਗਦੀ ਬੜੀ ਹੀ ਚੰਗੀ।
ਇਹ ਬਿਜਲੀ ਨਾਲ ਹੈ ਚੱਲਦੀ,
ਪਾਣੀ ਖੇਤਾਂ ਦੇ ਵਿਚ ਘੱਲਦੀ।
ਪਾਣੀ ਖਾਲ੍ਹਾਂ ਦੇ ਵਿਚ ਚਮਕੇ,
ਚਿੱਟੀ ਚਾਂਦੀ ਵਾਂਗੂੰ ਦਮਕੇ।
ਅਸੀਂ ਬੈਠ ਚੁੱਬਚੇ ਨਹਾਈਏ,
ਹੱਸੀਏ, ਟੱਪੀਏ, ਗਾਣੇ ਗਾਈਏ।
ਚੱਲੇ ਰਾਤ ਦਿਨੇ ਜਦ ਬੰਬੀ,
ਹੁੰਦੀ ਫਸਲ ਫੇਰ ਹੈ ਚੰਗੀ।
ਸਾਡੀ ਬੰਬੀ ਤੇ ਰੌਣਕ ਪਿਆਰੀ,
ਸੋਹਣੀ ਲੱਗੇ ਫੁੱਲਾਂ ਦੀ ਕਿਆਰੀ।
ਉਥੇ ਸਬਜ਼ੀ ਅਸੀਂ ਉਗਾਈਏ,
ਨਿੱਤ ਤਾਜ਼ੀ ਲਿਆਕੇ ਖਾਈਏ।
ਸਾਡੀ ਬੰਬੀ ਤੇ ਠੰਢੀਆਂ ਛਾਵਾਂ,
ਮੈਂ ਗੀਤ ਖੁਸ਼ੀ ਦੇ ਗਾਵਾਂ।
ਸਾਡੇ ਖੇਤਾਂ ਦੇ ਵਿਚ ਬੰਬੀ,
ਸਾਨੂੰ ਲਗਦੀ ਬੜੀ ਹੀ ਚੰਗੀ।

## ਕਿਰਨਾਂ ਦਾ ਸੁਨੇਹਾ

ਹਰ ਕੰਢੇ ਨੇ ਪੁਲ ਹੈ ਬਣਨਾ
ਲਹਿਰਾਂ ਨੇ ਲਿਸ਼ਕਾਰੇ।
ਹਰ ਪੰਛੀ ਨੇ ਅੰਬਰ ਉੱਡਣਾ,
ਤੋੜਕੇ ਬੰਧਨ ਸਾਰੇ।

ਹਰ ਦਿਲ ਅੰਦਰ ਸੂਰਜ ਉੱਗਣਾ
ਸੋਚਾਂ ਬਣਨ ਸਵੇਰੇ।
ਹਰ ਕਿਣਕੇ ਨੇ ਜਾਗ ਉੱਠਣਾ
ਛੱਡਕੇ ਨੀਂਦ ਹਨੇਰੇ।

ਕਿਰਨਾਂ ਦੇ ਵਿਚ ਅਮਨ ਸੁਨੇਹਾ
ਹਰ ਬੂਹੇ ਖੁਸ਼ਬੋਈ।
ਤੀਜੀ ਲਾਮ ਲਗਣ ਨਹੀਂ ਦੇਣੀ
ਇਕ ਤੰਦ ਧਰਤ ਪਰੋਈ।

ਹਰ ਬੀ ਅੰਦਰ ਜੀਵਨ ਜਿਊਂਦਾ
ਕੀ ਹੌਲਾ ਕੀ ਭਾਰਾ।
ਹਰ ਬੱਚਾ ਹੈ ਦੂਤ ਸਮੇਂ ਦਾ
ਹਰ ਪਲ ਬੜਾ ਪਿਆਰਾ।

ਹਿੰਦ ਦੇਸ਼ ਦੇ ਵਾਸੀ ਸਾਰੇ
ਵੱਸਣ ਬਣਕੇ ਇਕ ਲੋਕਾਈ।
ਹਰ ਔਕੜ ਨੂੰ ਤਰ ਸਕਦੇ ਹਾਂ
ਹਿੰਦੂ, ਮੁਸਲਿਮ, ਸਿੱਖ, ਈਸਾਈ॥

## ਸ਼ਹੀਦ ਭਗਤ ਸਿੰਘ

ਭਾਰਤ ਮਾਂ ਦਾ ਪੁੱਤ ਪਿਆਰਾ।
ਖਟਕੜ ਕਲਾਂ ਦਾ ਚੜ੍ਹਦਾ ਤਾਰਾ।

ਜੀਵਨ ਸਾਰਾ ਲੇਖੇ ਲਾਇਆ।
ਇਨਕਲਾਬ ਦਾ ਗੀਤ ਤੂੰ ਗਾਇਆ।

ਜਿੰਦ ਤਲੀ ਤੇ ਵਾਰਨ ਵਾਲਾ।
ਦੇਸ਼ ਕੌਮ ਨੂੰ ਪਿਆਰਨ ਵਾਲਾ।

ਅਣਖ ਆਜ਼ਾਦੀ ਦਾ ਸੀ ਆਸ਼ਕ।
ਕਹਿਣੀ ਤੇ ਕਰਨੀ ਦਾ ਮਾਲਕ।

ਚੁੰਮਕੇ ਰੱਸਾ ਫਾਂਸੀ ਚੜ੍ਹਿਆ।
ਤੈਥੋਂ ਗੋਰਾ ਥਰ ਥਰ ਡਰਿਆ।

ਤੇਰੀ ਯਾਦ ਮਨਾਈਏ ਸਾਰੇ।
ਤੇਰੀ ਘੋੜੀ ਗਾਈਏ ਪਿਆਰੇ।

## ਬੁੱਢਾ ਮੋਚੀ

(ਸ਼ਬਦ ਚਿੱਤਰ)

ਸ਼ਹਿਰ ਬੜਾ ਇਹ ਸੋਹਣਾ ਲਗਦਾ
ਲੋਕ ਸੜਕ ਤੋਂ ਲੰਘਦੇ ਰਹਿੰਦੇ।
ਔਹ, ਇਕ ਖੂੰਜੇ ਮੋਚੀ ਬੈਠਾ।
ਜਿਸ ਨੂੰ ਲੋਕੀਂ ਬਾਬਾ ਕਹਿੰਦੇ।

ਪਿੰਡਾ ਉਸ ਦਾ ਝੁਰੜੀਆਂ ਵਾਲਾ,
ਉਮਰ ਉਸਦੀ ਸੱਤਰ ਸਾਲਾ।
ਲੀਰਾਂ ਫਟੀਆਂ ਕੱਪੜੇ ਮੈਲੇ,
ਸੰਦ ਪੁਰਾਣੇ ਉਸਦੇ ਥੈਲੇ।

ਠੀਕਰ ਵਿਚ ਪਾਣੀ ਹੈ ਪਾਇਆ,
ਛਿੱਤਰਾਂ ਦਾ ਹੈ ਢੇਰ ਲਗਾਇਆ।
ਰੰਬੀ ਉਸਦੀ ਬੜੀ ਪੁਰਾਣੀ,
ਦੱਸੇ ਦੁੱਖਾਂ ਭਰੀ ਕਹਾਣੀ।

ਬੇਥੌਹ ਨੈਣਾਂ ਦੀ ਹੈ ਜੋਤੀ
ਕੰਬਦੇ ਕੰਬਦੇ ਹੱਥ ਏਸਦੇ।
ਟੁੱਟੀਆਂ ਜੁੱਤੀਆਂ ਗੰਢਣ ਖਾਤਰ
ਅਜੇ ਵੀ ਆਪਣੇ ਕੰਮੀਂ ਲੱਗੇ।

ਪਿੱਠ ਏਸਦੀ ਕੁੱਬੀ ਹੋਈ,
ਤੱਕ ਕੇ ਮੇਰੀ ਅੱਖੜੀ ਰੋਈ।
ਲੋਕ ਕੋਲੋਂ ਦੀ ਲੰਘਦੇ ਰਹਿੰਦੇ

ਇਹ ਨਾ ਕਦੇ ਹਾਕ ਮਾਰਦਾ
ਗਾਹਕਾਂ ਦਾ ਕੰਮ ਚੰਗਾ ਕਰਕੇ
ਪੈਸਿਆਂ ਦਾ ਹੈ ਮੁੱਲ ਤਾਰਦਾ।

ਉਂਜ ਤਾਂ ਸ਼ਹਿਰ ਇਹ ਬੜਾ ਪੁਰਾਣਾ
ਵੇਖਣ ਨੂੰ ਵੀ ਸੋਹਣਾ ਲਗਦਾ॥

## ਤਾਰੇ

ਰਾਤੀਂ ਅੰਬਰ ਚਮਕਣ ਤਾਰੇ,
ਨਿੱਕੇ ਨਿੱਕੇ ਲੱਗਦੇ ਪਿਆਰੇ।
ਝਿਲ-ਮਿਲ ਝਿਲ-ਮਿਲ ਕਰਦੇ ਹੱਸਦੇ,
ਸਾਡੇ ਕੋਲੋਂ ਦੂਰ ਨੇ ਵਸਦੇ।
ਰਾਤ ਹਨੇਰੀ ਹੋਰ ਵੀ ਚਮਕਣ,
ਅੰਬਰ ਦੀਆਂ ਜਿਉਂ ਅੱਖੀਆਂ ਦਮਕਣ।
ਚੰਨ ਇਹਨਾਂ ਵਿਚ ਸੋਹਣਾ ਲੱਗੇ,
ਸਾਡੇ ਵੱਲ ਨੂੰ ਰਿਸ਼ਮਾਂ ਛੱਡੇ।
ਮੈਂ ਵੀ ਤਾਰਾ ਬਣ ਰੁਸ਼ਨਾਵਾਂ,
ਚੰਗੀ, ਉੱਚੀ ਵਿੱਦਿਆ ਪਾਵਾਂ।

## ਵਰਖਾ ਰੁੱਤ

ਛਮ ਛਮ ਕਰਕੇ ਵਰਖਾ ਆਈ
ਕਿੰਨਾ ਸੋਹਣਾ ਮੌਸਮ ਆਇਆ,
ਵਰਖਾ ਰੁੱਤ ਪਿਆਰੀ ਲਿਆਇਆ।
ਠੰਢੀ ਠੰਢੀ 'ਵਾ ਪਈ ਵੱਗੇ,
ਕੁਦਰਤ ਪਿਆਰੀ-ਪਿਆਰੀ ਲੱਗੇ।
ਅੰਬਰ ਤੇ ਹਨ ਬੱਦਲ ਛਾਏ,
ਬਿਜਲੀ ਚਮਕੇ, ਸ਼ੋਰ ਮਚਾਏ।
ਨਾਲ ਖੁਸ਼ੀ ਦੇ ਨੱਚਣ ਮੋਰ,
ਕੂਕਣ ਬਾਗ਼ੀਂ ਪਾਵਣ ਸ਼ੋਰ।
ਕੜਕੇ ਬਿਜਲੀ, ਨਿਸ਼ਕੇ ਅੰਬਰ,
ਬੱਚੇ ਡਰਕੇ ਵੜ ਗਏ ਅੰਦਰ।
ਛਮ-ਛਮ ਕਰਕੇ ਵਰਖਾ ਆਈ,
ਕਣੀਆਂ ਨੇ ਹੈ ਛਹਿਬਰ ਲਾਈ।
ਭਰ-ਭਰ ਕੇ ਪਰਨਾਲੇ ਚੱਲੇ,
ਲੋਕੀਂ ਆਖਣ ਬੱਲੇ ਬੱਲੇ।
ਟਹਿਕੇ ਫੁੱਲ, ਬੂਟੇ ਤੇ ਘਾਹ,
ਫਸਲਾਂ ਨੂੰ ਵੀ ਚੜ੍ਹਿਆ ਚਾਅ।
ਪਾਣੀ ਪੀ ਕੇ ਧਰਤੀ ਰੱਜੀ।
ਠੰਢਕ ਆਈ ਗਰਮੀ ਭੱਜੀ।
ਸਭ ਨੇ ਰਲਕੇ ਖੁਸ਼ੀ ਮਨਾਈ,
ਵਾਹਵਾ ਵਰਖਾ ਦੀ ਰੁੱਤ ਆਈ।

## ਸਾਡੀ ਬਿੱਲੀ

ਸਾਡੇ ਘਰ ਇਕ ਬਿੱਲੀ ਸੋਹਣੀ,
ਉਸਨੂੰ ਕਹਿੰਦੇ ਸਾਰੇ 'ਮੋਹਣੀ'।
ਸਾਨੂੰ ਲੱਗੇ ਬਹੁਤ ਪਿਆਰੀ,
ਲਾਡ ਲਵੇ ਤੇ ਬਣੇ ਵਿਚਾਰੀ।
ਡੱਬ-ਖੜੱਬੇ ਇਸਦੇ ਵਾਲ,
ਲਾ ਟਪੂਸੀ ਮਾਰੇ ਛਾਲ।
ਅੱਖਾਂ ਰਾਤੀਂ ਏਦਾਂ ਚਮਕਣ,
ਜਿੰਕੂ ਸ਼ੀਸ਼ੇ ਧੁੱਪੇ ਦਮਕਣ।
ਦੁੱਧ ਏਸਨੂੰ ਲੱਗੇ ਚੰਗਾ,
ਪੂਛ ਹਿਲਾਕੇ ਦੇਵੇ ਪੰਜਾ।
ਘਰ ਵਿਚ ਫਿਰਦੀ ਪੈਰ ਦਬਾਕੇ,
ਚੂਹੇ ਖਾਂਦੀ ਖ਼ੂਬ ਚਬਾਕੇ।
ਮਿਆਊਂ-ਮਿਆਊਂ ਕਰਦੀ ਰਹਿੰਦੀ,
ਕੁੱਤਿਆਂ ਕੋਲੋਂ ਡਰਕੇ ਬਹਿੰਦੀ।
ਮੰਜੇ ਥੱਲੇ ਹੈ ਲੁਕ ਜਾਂਦੀ,
ਸਾਡੇ ਮਨ ਨੂੰ ਹੈ ਪਰਚਾਂਦੀ।
ਸਾਡੇ ਘਰ ਇਕ ਬਿੱਲੀ ਸੋਹਣੀ,
ਉਸਨੂੰ ਕਹਿੰਦੇ ਸਾਰੇ 'ਸੋਹਣੀ'।

* * * *

# ਸੋਨ ਸਵੇਰਾ

## ਸੋਨ ਸਵੇਰਾ

ਵੇਖੋ ਹੋਇਆ ਸੋਨ ਸਵੇਰਾ,
ਭੱਜ ਗਿਆ ਹੈ ਦੂਰ ਹਨੇਰਾ
ਪੂਰਬ ਤੋਂ ਹੈ ਸੂਰਜ ਚੜ੍ਹਿਆ,
ਦਿਨ ਨੇ ਚਾਨਣ ਦਾ ਹੱਥ ਫੜਿਆ।

ਧੁੱਪ ਚੜ੍ਹੀ ਤਾਂ ਲੁੱਕ ਗਏ ਤਾਰੇ,
ਜਾਗ ਪਏ ਨੇ ਲੋਕੀਂ ਸਾਰੇ
ਠੰਢੀ-ਠੰਢੀ ਵਾ ਪਈ ਵੱਗੇ,
ਤਾਜ਼ੀ-ਤਾਜ਼ੀ ਚੰਗੀ ਲੱਗੇ।

ਪੰਛੀ ਜਾਗੇ ਭਰਨ ਉਡਾਰੀ,
ਕਿੰਨੀ ਸੋਹਣੀ ਕੁਦਰਤ ਸਾਰੀ।
ਗਲੀ ਬਾਜ਼ਾਰਾਂ ਰੌਣਕ ਹੋਈ,
ਕੰਮ ਧੰਦੇ ਵਿਚ ਦੁਨੀਆ ਖੋਈ।

ਬਾਲਕ ਪੜ੍ਹਨ ਸਕੂਲੇ ਚੱਲੇ,
ਟਹਿਕਣ ਲੱਗੇ ਫੁੱਲ ਵੀ ਬੱਲੇ।
ਵੇਖੋ ਹੋਇਆ ਸੋਨ ਸਵੇਰਾ,
ਭੱਜ ਗਿਆ ਹੈ ਦੂਰ ਹਨੇਰਾ

## ਪਹਾੜੀ ਸਵੇਰ

ਦੂਰ ਪਹਾੜੀ ਨਗਰੀ ਵੱਸੇ,
ਸੂਰਜ ਚੜ੍ਹੇ, ਤਾਂ ਖਿੜ-ਖਿੜ ਹੱਸੇ।
ਲੰਘੀ ਕਾਲੀ ਲੰਮੀ ਰਾਤ,
ਸੋਨ-ਸਵੇਰਾ ਆਖੇ ਝਾਤ।
ਸੂਰਜ ਚੜ੍ਹਿਆ ਕੇਹਾ ਕਮਾਲ,
ਸੋਨੇ ਦਾ ਜਿਉਂ ਲਿਸ਼ਕੇ ਥਾਲ।
ਜਾਗ ਉਠੇ ਔਹ ਦੂਰ ਪਹਾੜ,
ਝੂਮਣ ਲੱਗੇ ਚੀਲ ਤੇ ਤਾੜ।
ਹੱਸਣ ਲੱਗੇ ਵੇਖੋ ਫੁੱਲ,
ਕਿਹੜਾ ਕੁਦਰਤ ਦੇ ਹੈ ਤੁੱਲ।
ਖਿੜੀ ਪਹਾੜੀ ਨਗਰੀ ਸਾਰੀ,
ਪੰਛੀ ਲੱਗੇ ਭਰਨ ਉਡਾਰੀ।
ਨਿੱਕੇ-ਨਿੱਕੇ ਖੇਤ ਵੀ ਜਾਗੇ,
ਕੰਮੀਂ ਰੁੱਝੇ ਲੋਕ ਸੁਭਾਗੇ।
ਡੱਬ-ਖੜੱਬੀ ਹੋਈ ਛਾਂ,
ਜਾਗ ਤੂੰ ਬੀਬਾ ਆਖੇ ਮਾਂ।

## ਸਾਗਰ ਕੰਢੇ ਸਵੇਰਾ

ਕਿਰਨਾਂ ਵੰਡਦਾ ਸੂਰਜ ਚੜ੍ਹਿਆ,
ਸੋਨੇ ਦਾ ਜਿਉਂ ਟਿੱਕਾ ਘੜਿਆ।

ਲਿਸ਼ਕ ਪਿਆ ਸਾਗਰ ਦਾ ਪਾਣੀ,
ਲਹਿਰਾਂ ਕੀਤੀ ਸ਼ੁਰੂ ਕਹਾਣੀ।

ਮਿੱਠਾ-ਮਿੱਠਾ ਸੁਣਾਏ ਸੰਗੀਤ,
ਰੁਮਕੇ ਪੌਣ ਤੇ ਗਾਏ ਗੀਤ।

ਜਾਗ ਪਿਆ ਸਾਗਰ ਦਾ ਕੰਢਾ,
ਕਲ-ਕਲ ਕਰਦਾ ਪਾਣੀ ਠੰਢਾ।

ਚਾਰ-ਚੁਫ਼ੇਰੇ ਰੌਣਕ ਹੋਈ,
ਚੱਪੂ ਮਾਰੇ ਮਾਂਝੀ ਕੋਈ।

ਤੁਰ ਪਈ ਬੇੜੀ ਲਹਿਰਾਂ ਉਤੇ,
ਜੀਵ ਜੰਤੂ ਜਾਗੇ ਸਭ ਸੁੱਤੇ।

ਚਾਂਦੀ ਰੰਗੀਆਂ ਲਹਿਰਾਂ ਚਮਕਣ,
ਉੱਠਣ ਛੱਲਾਂ ਕੰਢੇ ਛਲਕਣ।

ਨੀਲਾ ਅੰਬਰ ਸੋਹਣਾ ਸੱਜੇ
ਸਰਘੀ ਵੇਲਾ ਪਿਆਰਾ ਲੱਗੇ।

## ਚੰਗਾ ਚੰਗਾ ਲਗਦਾ

ਸਰਘੀ ਵੇਲੇ ਸੂਰਜੇ ਦਾ
ਸੁਨਹਿਰੀ ਕਿਰਨਾਂ ਵੰਡਣਾ
ਕਿੰਨਾ ਚੰਗਾ ਚੰਗਾ ਲਗਦਾ।

ਮੱਠੀ ਮੱਠੀ ਪੌਣ ਦਾ
ਪਹੁ ਫੁਟਾਲੇ ਰੁਮਕਣਾ
ਕਿੰਨਾ ਚੰਗਾ ਚੰਗਾ ਲਗਦਾ।

ਤ੍ਰੇਲ ਤੁਪਕਿਆਂ ਦਾ
ਫੁੱਲਾਂ ਉਤੇ ਡਲਕਣਾ
ਕਿੰਨਾ ਚੰਗਾ ਚੰਗਾ ਲਗਦਾ।

ਪੰਛੀਆਂ ਦਾ ਅੰਬਰਾਂ 'ਚ
ਉੱਚੇ ਉੱਚੇ ਉੱਡਣਾ
ਕਿੰਨਾ ਚੰਗਾ ਚੰਗਾ ਲਗਦਾ।

ਰੰਗ ਬਿਰੰਗੇ ਫੁੱਲਾਂ ਦਾ
ਮਲਕੜੇ ਜਿਹੇ ਖਿੜਨਾ
ਕਿੰਨਾ ਚੰਗਾ ਚੰਗਾ ਲਗਦਾ।

ਨਿੱਤਰੇ ਵੇ ਪਾਣੀਆਂ ਦਾ
ਲਹਿਰ ਲਹਿਰ ਵੱਗਣਾ
ਕਿੰਨਾ ਚੰਗਾ ਚੰਗਾ ਲਗਦਾ।

ਹਸਦੇ ਹੋਏ ਬਾਲਕਾਂ ਦਾ
ਟੋਲੀਆਂ 'ਚ ਖੇਡਣਾ
ਕਿੰਨਾ ਚੰਗਾ ਚੰਗਾ ਲਗਦਾ।

ਆਥਣ ਵੇਲੇ ਸੂਰਜੇ ਦਾ
ਸੰਧੂਰੀ ਰੰਗ ਵੰਡਣਾ
ਕਿੰਨਾ ਚੰਗਾ ਚੰਗਾ ਲਗਦਾ।

ਅੰਬਰ ਦੀ ਪਰਾਤ ਵਿਚ
ਤਾਰਿਆਂ ਦਾ ਟਿਕਮਣਾ
ਕਿੰਨਾ ਚੰਗਾ ਚੰਗਾ ਲਗਦਾ।

ਟਿਕੀ ਹੋਈ ਰਾਤ ਵਿਚ
ਚਾਨਣੀ ਨੂੰ ਮਾਣਨਾ
ਕਿੰਨਾ ਚੰਗਾ ਚੰਗਾ ਲਗਦਾ।

## ਜਾਗ ਨੀਂ ਧੀਏ ਜਾਗ

ਜਾਗ ਨੀਂ ਧੀਏ ਹੁਣ ਤੂੰ ਜਾਗ,
ਚੰਗੇ ਹੋਵਣ ਸਭ ਦੇ ਭਾਗ।
ਚਾਨਣ ਚਾਨਣ ਹੋਇਆ ਵਿਹੜਾ,
ਪੰਛੀ ਗਾਵਣ ਲੱਗੇ ਰਾਗ।
ਉਠ ਨੀਂ ਧੀਏ ਹੁਣ ਤੂੰ ਉਠ,
ਮੇਰੇ ਨਾਲ ਨਾ ਐਵੇਂ ਰੁੱਠ।
ਸੂਰਜ ਨੇ ਹੈ ਦੂਰ ਭਜਾਈ,
ਔਹ ਵੇਖੋ ਨੇਰ੍ਹੇ ਦੀ ਗੁੱਠ।
ਸੁਣ ਨੀਂ ਧੀਏ ਮੇਰੀਏ ਸੁਣ,
ਸਮੇਂ ਤੇ ਉੱਠਣਾ ਚੰਗਾ ਗੁਣ।

ਨੀਂਦਰ ਮਾਣੀ ਰਾਤ ਹੈ ਲੰਘੀ,
ਹੋਇਆ ਸਵੇਰਾ ਤੱਕ ਲੈ ਹੁਣ।
ਆ ਨੀਂ ਮੇਰੀਏ ਧੀਏ ਆ,
ਮਿੱਠਾ ਜਿਹਾ ਕੋਈ ਗੀਤ ਸੁਣਾ।

ਕਿਰਨਾਂ ਖਿੰਡੀਆਂ ਧਰਤੀ ਉਤੇ
ਫੁੱਲਾਂ ਨੂੰ ਵੀ ਚੜ੍ਹਿਆ ਚਾਅ।
ਜਾਗ ਨੀਂ ਧੀਏ ਹੁਣ ਤੂੰ ਜਾਗ,
ਚੰਗੇ ਹੋਵਣ ਸਭ ਦੇ ਭਾਗ!!

## ਸਤਰੰਗੀ ਪੀਂਘ

ਦੇਖੋ ਨੀਲੇ ਅੰਬਰ ਉੱਤੇ
ਪੀਂਘ ਪਈ ਸਤਰੰਗੀ,
ਜਿਵੇਂ ਚਿੱਤਰਕਾਰ ਨੇ ਮੂਰਤ
ਬੱਦਲਾਂ 'ਤੇ ਜਾ ਟੰਗੀ।

ਜਦੋਂ ਸੂਰਜੀ ਕਿਰਨਾਂ ਬੱਦਲੀਂ
ਜਲ ਕਣ ਚੀਰ ਕੇ ਲੰਘਣ,
ਬਣ ਜਾਵੇ ਇਕ ਸੁੰਦਰ ਸਬਜ਼ਾ
ਜਿਉਂ ਸਤਰੰਗਾ ਕੰਗਣ।

ਰੰਗਾਂ ਦੀ ਇਹ ਚਿੱਤਰਕਾਰੀ
ਸਭ ਦੇ ਮਨ ਨੂੰ ਭਾਵੇ,
ਕੁਦਰਤ ਸੋਹਣੀ ਸੋਹਣੀ ਜਾਪੇ
ਤੱਕ ਕੇ ਦਿਲ ਲਸ਼ਿਆਵੇ।

ਕੁਦਰਤ ਦੀ ਲੀਲਾ ਨੂੰ ਤੱਕ ਕੇ
ਸਾਰੇ ਖੁਸ਼ੀ ਮਨਾਵਣ,
ਵਾਹਵਾ ਕਿਣਮਿਣ ਕਾਣੀ ਹੋਵੇ
ਰਲ ਮਿਲ ਸਾਰੇ ਗਾਵਣ।

ਰਹ ਕੋਈ ਬੱਚਾ ਗਾਉਂਦਾ ਆਖੇ
ਵਾਹ ਰੰਗਾਂ ਦਾ ਘੇਰਾ,
ਮਾਈ ਬੁੱਢੀ ਦੀ ਪੀਂਘ ਪਈ ਏ
ਪਹਿਲਾ ਝੂਟਾ ਮੇਰਾ।

## ਸੂਰਜਾ, ਸੂਰਜਾ

ਸੂਰਜਾ, ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ।
ਜਾਗ ਉਠੀ ਹੈ ਕੁਦਰਤ ਸਾਰੀ,
ਸਵੇਰ ਚੜ੍ਹੀ ਹੈ ਪਿਆਰੀ-ਪਿਆਰੀ।

ਪਹੁ-ਫੁਟਾਲਾ ਚੜ੍ਹਦਾ ਤੱਕ ਕੇ,
ਗਿਆ ਹਨੇਰਾ ਅੱਖ ਬਚਾ।
ਸੂਰਜਾ, ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ।

ਅੰਬਰ ਸਾਂਝਾ ਨੀਲਾ ਹੱਸੇ,
ਧਰਤੀ ਸੁਹਣੀ ਜੁਗ-ਜੁਗ ਵੱਸੇ।
ਕਿਰਨਾਂ ਦੀ ਛਤਰੀ ਨੂੰ ਤੱਕ ਕੇ,
ਸਾਡੇ ਮਨ ਨੂੰ ਚੜ੍ਹਿਆ ਚਾਅ।
ਸੂਰਜਾ, ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ।

ਵੱਸੇ ਸਾਡਾ ਦੇਸ਼ ਪਿਆਰਾ
ਵਿਗਸੇ ਸਾਡਾ ਭਾਈਚਾਰਾ।
ਹੱਸਣ ਤੈਥੋਂ ਚਾਨਣ ਲੈ ਕੇ,
ਝੀਲਾਂ, ਪਰਬਤ ਤੇ ਦਰਿਆ।
ਸੂਰਜਾ, ਸੂਰਜਾ ਧੁੱਪ ਚੜ੍ਹਾ,
ਚਾਨਣ ਦੀ ਤੂੰ ਕਲਮ ਫੜਾ!!

## ਮੇਰੇ ਆੜੀ

ਚੂੰ ਚੂੰ ਕਰਦੀ
ਚਿੜੀ ਪਿਆਰੀ,
ਉੱਡ ਜਾਵੇ ਝੱਟ
ਮਾਰ ਉਡਾਰੀ।

ਕਰੇ ਕਬੂਤਰ
ਗੁਟਕੂੰ-ਗੂੰ,
ਘੁੱਗੀ ਗਾਵੇ
ਘੁੱਗੂੰ-ਘੂੰ।

ਕਿਆਉਂ ਕਿਆਉਂ
ਕਰਦਾ ਮੋਰ,
ਤੱਕ ਘਟਾਵਾਂ
ਪਾਵੇ ਸ਼ੋਰ।

ਤੋਤਾ ਮੇਰਾ
ਬਣਿਆ ਆੜੀ,
ਠੁੰਗਾਂ ਮਾਰ ਕੇ
ਖਾਵੇ ਫਾੜੀ।

ਕੁੱਕੜ ਬੋਲੇ
ਕੁੱਕੜੂੰ ਘੜੂੰ,
ਚੜ੍ਹਿਆ ਸੂਰਜ
ਉੱਠ ਬਈ ਤੂੰ।

## ਸੁਹਣਾ ਦਿਨ

ਉੱਠੋ ਬੱਚਿਓ
ਪਿਆਰੇ ਬੱਚਿਓ
ਦਿਨ ਚੜ੍ਹ ਆਇਆ
ਨਿੱਕੀਆਂ ਨਿੱਕੀਆਂ
ਚਿੜੀਆਂ ਨੇ ਹੈ
ਚੀਂ ਚੀਂ ਲਾਇਆ।
ਦੇਖੋ ਬੱਚਿਓ
ਵਿਹੜੇ ਦੇ ਵਿਚ
ਧੁੱਪ ਸੁਨਹਿਰੀ
ਚੱਲ ਕੇ ਆਈ,
ਕਿੰਨੇ ਸੋਹਣੇ,
ਦਿਨ ਨੂੰ ਲੈ ਕੇ
ਬੂਹੇ 'ਤੇ
ਪ੍ਰਭਾਤ ਲਿਆਈ
ਸਾਰੇ ਆਖੋ
ਜੀ ਆਇਆਂ
ਇਸ ਸੋਹਣੇ
ਦਿਨ ਨੂੰ!!

## ਧੁੱਪ

ਆ ਨੀਂ ਸੋਨੇ ਰੰਗੀਏ ਧੁੱਪੇ
ਕਿਰਨਾਂ ਲੈ ਕੇ ਵਿਹੜੇ ਆ,
ਸੁੱਤੇ ਲੋਕਾਂ ਤਾਈਂ ਜਗਾ ਕੇ
ਕੋਸਾ ਕੋਸਾ ਨਿੱਘ ਵਰਤਾਅ।

ਖੇੜਾ, ਖੁਸ਼ੀਆਂ ਸਭ ਨੂੰ ਵੰਡ ਕੇ
ਚੌਂਹੀ ਪਾਸੀਂ ਰੌਣਕ ਕਰਦੇ,
ਪਿੰਡ, ਨਗਰ ਤੇ ਸ਼ਹਿਰਾਂ ਅੰਦਰ
ਚਾਨਣ ਦੇ ਨਾਲ ਗਲੀਆਂ ਭਰਦੇ।

ਆ ਨੀਂ ਸੋਨੇ ਰੰਗੀਏ ਧੁੱਪੇ
ਕਿਰਨਾਂ ਲੈ ਕੇ ਵਿਹੜੇ ਆ!!

## ਬਾਲ-ਪ੍ਰਾਰਥਨਾ

ਸੁਣ ਪ੍ਰਭ ਜੀ ਸਾਡੀ ਅਰਦਾਸ,
ਪੜ੍ਹੀਏ ਲਿਖੀਏ ਹੋਈਏ ਪਾਸ।
ਸੀਸ ਝੁਕਾਈਏ ਤੇਰੇ ਅੱਗੇ,
ਫੁੱਲ ਖਿੜਨ ਤੇ ਆਵੇ ਬਾਸ,
ਸੁਣ ਪ੍ਰਭ ਜੀ ਸਾਡੀ ਅਰਦਾਸ।

ਆਲਸ ਸਾਡੇ ਕੋਲੋਂ ਨੱਸੇ,
ਹਿੰਮਤ ਅਤੇ ਹੌਂਸਲਾ ਵੱਸੇ।
ਜੱਗ 'ਚ ਹੋਵੇ ਜੰਗ ਦਾ ਨਾਸ,
ਸੁਣ ਪ੍ਰਭ ਜੀ ਸਾਡੀ ਅਰਦਾਸ।

ਅਸੀਂ ਬਣਾਂਗੇ ਚੰਗੇ ਬਾਲ,
ਕਰੀਏ ਸੱਚੀ ਸੁੱਚੀ ਘਾਲ।
ਸਾਨੂੰ ਮਿਲਦੀ ਰਹੇ ਸ਼ਾਬਾਸ਼,
ਸੁਣ ਪ੍ਰਭ ਜੀ ਸਾਡੀ ਅਰਦਾਸ।

ਸਾਨੂੰ ਵਿੱਦਿਆ ਮੰਦਰ ਪਿਆਰਾ,
ਚਾਨਣ ਵੰਡੇ ਸਦਾ ਨਿਆਰਾ।
ਸਿੱਖੀਏ ਸੁਹਣੀ ਜੀਵਨ ਜਾਂਚ,
ਸੁਣ ਪ੍ਰਭ ਜੀ ਸਾਡੀ ਅਰਦਾਸ।

ਵਿੱਦਿਆ ਸਾਡੀ ਬਣੇ ਸਹਾਰਾ,
ਜੀਵੇ ਸਾਡਾ ਭਾਈਚਾਰਾ।
ਖੇੜਾ, ਖੁਸ਼ੀਆਂ ਆਵਣ ਪਾਸ,
ਸੁਣ ਪ੍ਰਭ ਜੀ ਸਾਡੀ ਅਰਦਾਸ।

## ਹਿਰਨਾਂ ਦੀ ਡਾਰ

ਹਿਰਨ ਚੁੰਗੀਆਂ ਭਰਦੇ ਨੇ,
ਸਭ ਦੇ ਮਨ ਨੂੰ ਹਰਦੇ ਨੇ।
ਭੂਰੇ ਭੋਲੇ ਭਾਲੇ ਨੇ,
ਚਿੱਤਕਬਰੇ ਕੁੱਝ ਕਾਲੇ ਨੇ
ਦੇਖੋ ਲਗਦੇ ਸੁਹਣੇ ਨੇ,
ਪਿਆਰੇ ਤੇ ਮਨਮੋਹਣੇ ਨੇ।

ਸਿੰਗ ਕਾਲੇ ਤੇ ਲੰਮੇ ਨੇ,
ਵਿੰਗ ਤੜਿੰਗੇ ਜੰਮੇ ਨੇ।
ਹਰਾ ਹਰਾ ਘਾਹ ਖਾਂਦੇ ਨੇ,
ਝੱਟ ਦੌੜ ਭੱਜ ਜਾਂਦੇ ਨੇ।

## ਸਰਦੀ ਦੀ ਰੁੱਤ

ਸਰਦੀ ਆਈ, ਸਰਦੀ ਆਈ,
ਸਭ ਨੇ ਗਰਮ ਹੈ ਵਰਦੀ ਪਾਈ।
ਨਿੱਘੀ ਧੁੱਪ ਪਿਆਰੀ ਲੱਗੇ,
ਲੋਕੀਂ ਪਾਏ ਮੋਟੇ ਝੱਗੇ।
ਕਿਸੇ ਪੁਰਾਣਾ ਸਵੈਟਰ ਪਾਇਆ,
ਕੋਈ ਬਜ਼ਾਰੋਂ ਨਵਾਂ ਲਿਆਇਆ।
ਸ਼ਾਲ, ਕੋਟੀ ਦੀ ਵਾਰੀ ਆਈ,
ਕਿਸੇ ਸਕੀਵੀ ਬੁਣ ਕੇ ਪਾਈ।
ਕੋਟ ਪਾਉਣ ਦੀ ਆਈ ਰੁੱਤ,
ਮਾਂ ਆਖੇ ਤੂੰ ਪਾ ਲੈ ਪੁੱਤ।
ਕਿਸੇ ਲਪੇਟਿਆ ਕੰਬਲ ਭੂਰਾ,
ਕਿਸੇ ਦੁੱਪਟਾ ਕੀਤਾ ਦੂਹਰਾ।
ਹੱਥ ਪੈਰ ਸਭ ਜਾਵਣ ਠਰਦੇ,
ਲੋਕੀਂ ਚਾਹ ਦੀਆਂ ਘੁੱਟਾਂ ਭਰਦੇ।
ਹਰ ਕੋਈ ਅੱਗ ਸੇਕਣੀ ਲੋੜੇ,
ਕਪੜੇ ਫਿਰ ਵੀ ਲੱਗਣ ਥੋੜ੍ਹੇ।
ਪਸ਼ੂ ਪੰਛੀ ਵੀ ਠੁਰ-ਠੁਰ ਕਰਦੇ,
ਬਾਹਰ ਨਾ ਨਿਕਲਣ ਠੰਢ ਤੋਂ ਡਰਦੇ।
ਸੂਰਜਾ ਹੁਣ ਤਾਂ ਧੁੱਪ ਚੜ੍ਹਾ
ਸਰਦੀ ਤੋਂ ਖਹਿੜਾ ਛੱਡਵਾ।

## ਸੂਰਜ ਅਤੇ ਖੇਤ

ਸੂਰਜ ਚੜ੍ਹਿਆ ਖੇਤ ਨੇ ਟਹਿਕੇ,
ਫੁੱਲ ਸਰ੍ਹੋਂ ਦੇ ਪੀਲੇ ਮਹਿਕੇ।
ਖੇਤ ਦੀ ਵੱਟ 'ਤੇ ਬਹਿਕੇ ਬੇਲੀ
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

ਮਿੱਠਾ ਰਸ ਗੰਨਿਆਂ ਦਾ ਪਿਆਰਾ,
ਚੂਪਣ ਲੱਗੇ ਆਏ ਨਜ਼ਾਰਾ।
ਖੇਤਾਂ ਦੇ ਰਾਜਿਆਂ ਦੇ ਸੁਪਨੇ,
ਪੂਰੇ ਹੋਵਣ ਕਦੇ ਤਾਂ ਪਰੀਏ।
ਖੇਤਾਂ ਦੀ ਵੱਟ 'ਤੇ ਬਹਿ ਕੇ ਬੇਲੀ,
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

ਸਾਗ ਤੋੜਨ ਔਹ ਦੇਖੋਂ ਕੁੜੀਆਂ,
'ਕੱਠੀਆਂ ਹੋ ਕੇ ਘਰ ਨੂੰ ਮੁੜੀਆਂ।
ਡੁੱਬ ਚੱਲਿਆ ਤ੍ਰਿਕਾਲੀ ਸੂਰਜ,
ਮਮਟੀ ਮਮਟੀ ਦੀਵੇ ਧਰੀਏ।
ਖੇਤ ਦੀ ਵੱਟ 'ਤੇ ਬਹਿਕੇ ਬੇਲੀ
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

ਬੰਬੀ ਦਾ ਸੀਤਲ ਹੈ ਪਾਣੀ,
ਪਾਣੀ ਦੇ ਸਿਰ ਖੇਤੀ ਜਾਣੀ।
ਰਾਤ ਦਿਨੇ ਸਾਨੂੰ ਟੇਕ ਨਾ ਮਿਲਦੀ
ਧੁੱਪਾਂ ਸਿਆਲੇ ਪਿੰਡੇ ਜਰੀਏ।
ਖੇਤ ਦੀ ਵੱਟ 'ਤੇ ਬਹਿਕੇ ਬੇਲੀ
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

ਕਣਕਾਂ ਨੇ ਕੱਢੇ ਕੱਦ ਉੱਚੇ
ਬੱਲੀਆਂ ਦੇ ਵਿਚ ਦਾਣੇ ਸੁੱਚੇ।
ਕਣਕ ਅਸਾਡੀ ਝੂਮ ਰਹੀ ਏ,
ਆ ਸੁਪਨਿਆਂ ਦੇ ਅੰਬਰ ਤਰੀਏ।
ਖੇਤ ਦੀ ਵੱਟ 'ਤੇ ਬਹਿਕੇ ਬੇਲੀ
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

ਧੁੱਪ ਹੈ ਹੱਸਦੀ ਤੱਕ ਹਰਿਆਲੀ,
ਸੁਖੀ ਵਸੇ ਹਾਲੀ ਤੇ ਪਾਲੀ।
ਨਵੇਂ ਢੰਗ ਦੀ ਖੇਤੀ ਕਰਕੇ,
ਲੱਦ ਕੇ ਬੋਹਲ ਟਰਾਲੀ ਭਰੀਏ।
ਖੇਤ ਦੀ ਵੱਟ 'ਤੇ ਬਹਿ ਕੇ ਬੇਲੀ
ਆ ਮਿੱਠੀਆਂ ਜਿਹੀਆਂ ਗੱਲਾਂ ਕਰੀਏ।

## ਮੇਲੇ ਦਾ ਨਜ਼ਾਰਾ

ਪਾ ਕੇ ਨਵੇਂ ਕਪੜੇ ਮੇਲੇ ਨੂੰ ਚੱਲੀਏ,
ਚੜ੍ਹ ਕੇ ਟਰਾਲੀ ਉਤੇ ਥਾਂ ਮੱਲੀਏ।
ਆਵੇਗਾ ਨਜ਼ਾਰਾ ਵਾਹਵਾ ਮੇਲੇ ਜਾਣ ਦਾ,
ਮੇਲੇ ਵਿਚੋਂ ਤੂੰਬੀ ਲੈ ਕੇ ਗੀਤ ਗਾਣ ਦਾ।

ਲਵਾਂਗੇ ਖਿਡੌਣੇ ਵੱਖੋ ਵੱਖ ਰੰਗ ਦੇ,
ਦੇਖੋ ਕਿੰਨੇ ਲੋਕੀਂ ਆਉਂਦੇ ਜਾਂਦੇ ਲੰਘਦੇ,
ਘੁੰਮਦਾ ਚੰਡੋਲ ਆਓ ਝੂਟੇ ਲੈ ਲਈਏ,
ਮਾਰ ਕੇ ਪਲਾਕੀ ਚੜ੍ਹ ਉਤੇ ਬਹਿ ਜਈਏ।

ਔਹ ਵੇਖੋ ਵੇਚਦਾ ਗੁਬਾਰੇ ਭਾਈ ਹੈ,
ਤੁਰਦੀ ਫਿਰਦੀ ਹੱਟੀ ਉਸ ਨੇ ਸਜਾਈ ਹੈ।
ਸਜੀਆਂ ਦੁਕਾਨਾਂ ਮੇਲੇ ਵਿੱਚ ਸਾਰੀਆਂ,
ਰੇੜ੍ਹੀ ਵਾਲਾ ਚੀਜ਼ਾਂ ਵੇਚਦਾ ਨਿਆਰੀਆਂ।

ਭੀੜ ਤੇ ਭੜਕਾ, ਰੌਲਾ ਰੱਪਾ ਗੂੰਜਦਾ,
ਖਾ ਕੇ ਪਕੌੜੇ, ਕੋਈ ਹੱਥ ਪੂੰਝਦਾ।
ਤਾਜ਼ੀਆਂ ਜਲੇਬੀਆਂ ਹੈ ਕੋਈ ਖਾ ਰਿਹਾ,
ਲੈ ਕੇ ਮਠਿਆਈ ਕੋਈ ਮੁੜਦਾ ਜਾ ਰਿਹਾ।

ਰੌਣਕਾਂ ਹੀ ਰੌਣਕਾਂ ਚੁਫ਼ੇਰੇ ਲੱਗੀਆਂ,
ਮੇਲੇ ਵਿਚ ਕਦੇ ਹੋ ਜਾਣ ਠੱਗੀਆਂ।
ਫਲਾਂ ਦੀ ਦੁਕਾਨ ਖ਼ੂਬ ਸਜੀ ਹੋਈ ਐ।
ਦੇਖੋਂ ਕਿੰਨੀ ਭੀੜ ਹੱਟੀ ਤੇ ਖਲੋਤੀ ਹੋਈ ਐ।

ਮੇਲੇ ਤੇ ਤਿਓਹਾਰ ਸਾਂਝਾ ਪਏ ਵੰਡਦੇ,
ਆਪਸੀ ਪਿਆਰ ਨਾਲ ਦਿਲ ਰੰਗਦੇ,
ਮੇਲੇ ਦਾ ਆਨੰਦ ਲੈਣ ਚਲੋ ਚੱਲੀਏ,
ਚੜ੍ਹ ਕੇ ਟਰਾਲੀ ਉੱਤੇ ਥਾਂ ਮੱਲੀਏ।

## ਪਹੁ- ਫੁਟਾਲਾ

ਚੜ੍ਹਿਆ ਸੂਰਜ
ਸੂਹਾ ਲਾਲ,
ਸੋਨੇ ਦਾ ਜਿਉਂ
ਹੋਵੇ ਥਾਲ।
ਸਭ ਨੂੰ ਸੂਰਜ
ਚਾਨਣ ਵੰਡੇ,
ਨਿੱਘੀਆਂ ਨਿੱਘੀਆਂ
ਕਿਰਨਾਂ ਛੰਡੇ।
ਪੂਰਬ ਵਲੋਂ
ਸੂਰਜ ਧਾਇਆ,
ਚਾਨਣ ਦਾ ਰੱਥ
ਲੈ ਕੇ ਆਇਆ।
ਜਾਗ ਪਈ ਹੈ
ਕੁਦਰਤ ਸਾਰੀ,
ਪੰਛੀ ਚਹਿਕਣ
ਮਾਰ ਉਡਾਰੀ।
ਸੁੱਤੇ ਲੋਕੀਂ
ਉੱਠ ਖਲੋਏ,
ਤ੍ਰੇਲ ਫੁੱਲਾਂ ਦੇ
ਮੁਖੜੇ ਧੋਏ।
ਮੱਠੀ ਮੱਠੀ
'ਵਾ ਪਈ ਵੱਗੇ,
ਸੋਨ ਸਵੇਰਾ
ਚੰਗਾ ਲੱਗੇ।
ਸੂਰਜ ਚੜ੍ਹਿਆ
ਸੂਹਾ ਲਾਲ,
ਸੋਨੇ ਦਾ ਜਿਉਂ
ਹੋਵੇ ਥਾਲ!!

## ਅੱਡੀ ਟੱਪਾ

ਅੱਡੀ ਟੱਪਾ, ਅੱਡੀ ਟੱਪਾ
ਅੱਡੀ ਟੱਪਾ ਉਏ,
ਸਭੇ ਥਾਈਂ ਅਮਨ ਹੋਏ
ਸੁਖੀ ਜੀਵੇ ਧਰਤੀ 'ਤੇ
ਬੱਚਾ ਬੱਚਾ ਉਏ।

ਅੱਡੀ ਟੱਪਾ, ਅੱਡੀ ਟੱਪਾ
ਅੱਡੀ ਟੱਪਾ ਉਏ,
ਫੁੱਲ ਬੂਟੇ ਮਹਿਕਾਂ ਦੇਣ
ਖੁਸ਼ੀਆਂ ਦੇ ਨਾਲ ਝੂਮੇ
ਪੱਤਾ ਪੱਤਾ ਉਏ।

ਅੱਡੀ ਟੱਪਾ, ਅੱਡੀ ਟੱਪਾ
ਅੱਡੀ ਟੱਪਾ ਉਏ,
ਜੀਣ ਲੋਕੀਂ ਖੁਸ਼ੀ ਖੁਸ਼ੀ
ਧਰਤੀ ਦਾ ਸੁਹਣਾ ਲੱਗੇ
ਚੱਪਾ ਚੱਪਾ ਉਏ।

ਅੱਡੀ ਟੱਪਾ, ਅੱਡੀ ਟੱਪਾ
ਅੱਡੀ ਟੱਪਾ ਉਏ,
ਕਾਣੀ ਵੰਡ ਦੂਰ ਹੋਵੇ।
ਸਭਨਾਂ ਦਾ ਰੱਬ ਇੱਕੋ
ਸੱਚਾ ਸੁੱਚਾ ਉਏ।

ਅੱਡੀ ਟੱਪਾ, ਅੱਡੀ ਟੱਪਾ
ਅੱਡੀ ਟੱਪਾ ਉਏ,
ਔਕੜਾਂ 'ਚ ਸਾਥ ਦੇਈਏ
ਦੋਸਤੀ ਦਾ ਰੰਗ ਗੂੜ੍ਹਾ
ਪੱਕਾ ਪੱਕਾ ਹੋਏ।

## ਤਿਤਲੀ

ਆ ਨੀਂ ਤਿਤਲੀ
ਆ ਨੀਂ ਤਿਤਲੀ,
ਦੋਵੇਂ ਪਾਈਏ
ਰਲ ਕੇ ਕਿੱਕਲੀ।

ਰੇਸ਼ਮ ਵਰਗੇ
ਤੇਰੇ ਖੰਭ,
ਵੱਖੋ ਵੱਖ
ਇਨ੍ਹਾਂ ਦੇ ਰੰਗ।

ਤੈਨੂੰ ਫੁੱਲ ਨੇ
ਚੰਗੇ ਲਗਦੇ,
ਮੈਨੂੰ ਵੀ
ਮਨਮੋਹਣੇ ਲਗਦੇ।

ਫੁੱਲਾਂ ਦੀ ਤੂੰ
ਖੁਸ਼ਬੂ ਮਾਣੇਂ,
ਨਾਲ ਖੁਸ਼ੀ ਦੇ
ਖੰਭ ਤੂੰ ਤਾਣੇਂ।

ਮੈਨੂੰ ਬੜੀ
ਪਿਆਰੀ ਲੱਗੇ।
ਮੇਰੇ ਕੋਲੋਂ
ਕਿਉਂ ਤੂੰ ਭੱਜੇ?

## ਕਿੱਕਲੀ

ਕਿੱਕਲੀ ਕਲੀਰ ਦੀ
ਸੁਣ ਗੱਲ ਵੀਰ ਦੀ,
ਵਿਦਿਆ ਦੀ ਰੋਸ਼ਨੀ
ਨ੍ਹੇਰਿਆਂ ਨੂੰ ਚੀਰਦੀ।

ਮੇਰੇ ਸੋਹਣੇ ਵੀਰਿਆ
ਸਕੂਲ ਪੜ੍ਹਣ ਜਾਈਂ ਤੂੰ
ਵਿਦਿਆ ਦੀ ਪੌੜੀ 'ਤੇ
ਪੈਰ ਜਾ ਟਿਕਾਈ ਤੂੰ।
ਕਰ ਕੇ ਪੜ੍ਹਾਈ ਵੀਰੇ
ਬੀਬਾ ਅਖਵਾਈ ਤੂੰ।

ਸੁਣ ਨੀਂ ਸਹੇਲੀਏ
ਊੜਾ ਐੜਾ ਖੇਡੀਏ,
ਪੜ੍ਹ ਕੇ ਕਿਤਾਬ ਕੁੜੇ
ਰੋਸ਼ਨੀ 'ਚ ਮੇਲੀਏ,
ਵਿਦਿਆ ਦੀ ਦਾਤ ਅੱਗੇ
ਸਭੋ ਕੁਝ ਠੇਲ੍ਹੀਏ।

ਕਿੱਕਲੀ ਕਲੀਰ ਦੀ
ਕਾਨੀ ਅੱਖਰ ਹੈ ਲਕੀਰ ਦੀ,
ਪੜ੍ਹੀਏ ਕਹਾਣੀ ਦੋਵੇਂ।
ਗੁਰੂ ਅਤੇ ਪੀਰ ਦੀ।

ਵਿਦਿਆ ਗਿਆਨ ਵੇ
ਕਹਿਣ ਵਿਦਵਾਨ ਵੇ,
ਗੁਣਾਂ ਦੀ ਇਹ ਖਾਨ ਵੇ
ਜ਼ਿੰਦਗੀ ਦੀ ਸ਼ਾਨ ਵੇ।
ਕਿੱਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ।

* * * *

# ਫੁੱਲਾਂ ਵਾਲਾ ਘਰ

## ਚਾਨਣ ਦੀ ਪਗਡੰਡੀ

ਇਕ ਪਗਡੰਡੀ ਚਾਨਣ ਵਾਲੀ
ਇਕ ਪਗਡੰਡੀ ਨੇਰ੍ਹੇ ਵਾਲੀ
ਸੁਣ ਵੇ ਬੀਬਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਚਾਨਣ ਦੀ ਡੰਡੀ ਆ ਤੁਰੀਏ,
ਵਿਹਲੜਾਂ ਵਾਂਗੂੰ ਬੈਠ ਨਾ ਝੁਰੀਏ।
ਉਮਰ ਸਮੇਂ ਦੀ ਗੱਲ ਨਾ ਕੋਈ,
ਵਕ਼ਤ ਪਛਾਣੇ ਬੰਦਾ ਸੋਈ।
ਬੀਤੇ ਸਮੇਂ ਤੇ ਕੀ ਪਛਤਾਉਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਵਿੱਦਿਆ ਹੈ ਜੀਵਨ ਦਾ ਗਹਿਣਾ।
ਗੁਣ ਵਡਮੁੱਲਾ ਇਸ ਕੀ ਲਹਿਣਾ।
ਵਿਹਲੇ ਸਮੇਂ 'ਚ ਤੂੰ ਵੀ ਪੜ੍ਹ ਲੈ,
ਤੂੰ ਵੀ ਉੱਠ ਕਿਤਾਬਾਂ ਫੜ ਲੈ।
ਸਿੱਖ ਲੈ ਸੁਹਣੇ ਅੱਖਰ ਪਾਉਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।

ਪੜ੍ਹੇ ਲਿਖੇ ਦਾ ਯੁੱਗ ਹੈ ਆਇਆ,
ਅੱਖਰਾਂ ਦੀ ਸਭ ਛਾਇਆ ਮਾਇਆ।
ਕਰ ਖੇਤੀ ਜਾਂ ਕੋਈ ਵਪਾਰ,
ਸਿੱਖਿਆ ਬਾਝੋਂ ਨਹੀ ਬਹਾਰ।
ਛੱਡ ਪਰ੍ਹੇ ਵਹਿਮਾਂ ਦਾ ਤਾਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ।
ਵਿੱਦਿਆ ਬਾਝੋਂ ਘੁੱਪ ਹਨੇਰਾ
ਵਿੱਦਿਆ ਸੂਰਜ ਸੋਨ ਸਵੇਰਾ।
ਉੱਠ ਕੁੜੇ ਤੂੰ ਵੀ ਸਿੱਖ ਪੜ੍ਹਨਾ।
ਚਾਨਣ ਦੀ ਪੌੜੀ ਤੇ ਚੜ੍ਹਨਾ।
ਛੋਹਲੀਂ ਫਿਰ ਸੁਰਗਾਂ ਦਾ ਗਾਣਾ
ਵਿੱਦਿਆ ਦੀ ਪਗਡੰਡੀ ਉੱਤੇ
ਲੈ ਦੀਵਾ ਤੂੰ ਤੁਰਦੇ ਜਾਣਾ॥

## ਝਾਈਂ ਮਾਈਂ ਦਾ ਗੀਤ

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਮੋਰ ਬੋਲਦੇ
ਤੱਕ ਕੇ ਘਟਾਵਾਂ ਮੋਰ
ਖੰਭ ਖੋਲ੍ਹਦੇ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਫੁੱਲ ਟਹਿਕਦੇ
ਖਿੜਦੇ ਗੁਲਾਬ ਜਦੋਂ
ਬਾਗ਼ ਮਹਿਕਦੇ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਧੁੱਪਾਂ ਹੱਸੀਆਂ
ਮਾਰਕੇ ਟਪੂਸੀ ਦੂਰ
ਛਾਂਵਾਂ ਨੱਸੀਆਂ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਬੱਚੇ ਗਾਂਵਦੇ
ਬੰਨ੍ਹ ਬੰਨ੍ਹ ਟੋਲੀਆਂ ਨੇ
ਆੜੀ ਪਾਂਵਦੇ।

ਝਾਈਂ ਮਾਈਂ
ਚਿੜੀਆਂ ਦੇ ਬਾੜੇ ਵਿਚ
ਪੀਤੀ ਮੱਲੀਏ
ਖੇਡਲੇ ਬਥੇਰੇ
ਆ ਜਾ ਘਰ ਚੱਲੀਏ॥

## ਸਾਡਾ ਵਿਹੜਾ

ਸਾਡਾ ਫੁੱਲਾਂ ਵਾਲਾ ਵਿਹੜਾ
ਸਾਡਾ ਫੁੱਲਾਂ ਵਾਲਾ ਘਰ।

ਆਓ ਘੇਰ ਘਰਾਲਾ ਤਣੀਏ,
ਇਕ ਦੂਜੇ ਦੇ ਆੜੀ ਬਣੀਏ।
ਨਵੀਂ ਖੇਡ ਖੇਡਾਂਗੇ ਸਾਰੇ,
ਐਵੇਂ ਡਿੱਗਣ ਤੋਂ ਨਾ ਡਰ।
ਸਾਡਾ ਫੁੱਲਾਂ ਵਾਲਾ ਵਿਹੜਾ
ਸਾਡਾ ਫੁੱਲਾਂ ਵਾਲਾ ਘਰ।

ਆਓ ਚੰਨ, ਸਿਤਾਰੇ ਫੜੀਏ,
ਡੰਡਾ ਡੰਡਾ ਪੌੜੀ ਚੜ੍ਹੀਏ।
ਚਾਨਣ ਲੈ ਕੇ ਮੁੱਠੀ ਮੁੱਠੀ,
ਰੌਸ਼ਨ ਕਰੀਏ ਸਭ ਦੇ ਦਰ।
ਸਾਡਾ ਫੁੱਲਾਂ ਵਾਲਾ ਵਿਹੜਾ
ਸਾਡਾ ਫੁੱਲਾਂ ਵਾਲਾ ਘਰ।

ਅੱਗੇ ਅੱਗੇ ਵੱਧਦੇ ਜਾਈਏ,
ਇਕ ਦੂਜੇ ਨੂੰ ਨਾਲ ਰਲਾਈਏ।
ਨਾਲ ਹੌਂਸਲੇ ਰਲ ਮਿਲ ਸਾਰੇ,
ਜਾਈਏ ਹਰ ਔਕੜ ਨੂੰ ਤਰ।
ਸਾਡਾ ਫੁੱਲਾਂ ਵਾਲਾ ਵਿਹੜਾ
ਸਾਡਾ ਫੁੱਲਾਂ ਵਾਲਾ ਘਰ॥

## ਸਾਂਝਾ-ਗੀਤ

ਸਾਡੇ ਪੱਲੀਆਂ 'ਚ ਦਾਣੇ
ਅਸੀਂ ਬਾਲ ਹਾਂ ਨਿਆਣੇ,
ਬਣੀਏ ਪੜ੍ਹਕੇ ਸਿਆਣੇ
ਅਸੀਂ ਚਾਨਣ ਖਿੰਡਾਣੇ।
ਸੁਣੋ ਹਾਣੀਓਂ
ਮੇਰੇ ਢਾਣੀਓਂ।

ਸਾਡੇ ਪੱਲਿਆ 'ਚ ਗੀਤ
ਅਸੀਂ ਸਭਨਾਂ ਦੇ ਮੀਤ,
ਚੰਗੀ ਪਾਈਏ ਅਸੀਂ ਗੀਤ
ਸੱਭੇ ਰੱਖੋ ਚੰਗੀ ਨੀਤ।
ਸੁਣੋ ਹਾਣੀਓਂ
ਮੇਰੇ ਢਾਣੀਓਂ।

ਸਾਡੇ ਪੱਲਿਆਂ 'ਚ ਫੁੱਲ
ਦੱਸੋ ਮਹਿਕਾਂ ਦਾ ਕੀ ਮੁੱਲ,
ਫੁੱਲ ਤੋੜੀਏ ਨਾ ਭੁੱਲ
ਕਿਹੜਾ ਇਨ੍ਹਾਂ ਦੇ ਹੈ ਤੁੱਲ।
ਸੁਣੋ ਹਾਣੀਓਂ
ਮੇਰੇ ਢਾਣੀਓਂ।

ਸਾਡੇ ਪੱਲਿਆਂ 'ਚ ਬੀਜ
ਸਾਡੀ ਚਾਨਣ ਜਿਹੀ ਨੀਝ,
ਨਿੱਤ ਸਿੱਖੀਏ ਤਮੀਜ਼
ਚੰਗੇ ਬਣਨੇ ਦੀ ਰੀਝ।
ਸੁਣੋ ਹਾਣੀਓਂ
ਮੇਰੇ ਢਾਣੀਓਂ।

ਸਾਡੇ ਪੱਲਿਆਂ 'ਚ ਤਾਰੇ
ਗਾਈਏ ਰਲ ਮਿਲ ਸਾਰੇ,
ਸਾਡੀ ਧਰਤ ਇਹ ਪੁਕਾਰੇ
ਸਭ ਤੇ ਜਾਈਏ ਵਾਰੇ ਵਾਰੇ।
ਸੁਣੋ ਹਾਣੀਓਂ
ਮੇਰੇ ਢਾਣੀਓਂ॥

## ਅਟਕਣ ਮਟਕਣ ਦਾ ਗੀਤ

ਅਟਕਣ ਮਟਕਣ
ਫੁੱਲ ਪਟਾਕੇ,
ਰਲ-ਮਿਲ ਖਾਈਏ
ਦਹੀਂ ਚਟਾਕੇ।

ਅਟਕਣ ਮਟਕਣ
ਅੰਬਰੀਂ ਤਾਰੇ,
ਆਓ ਖੇਡੀਏ
ਰਲ ਕੇ ਸਾਰੇ।

ਅਟਕਣ ਮਟਕਣ
ਅੱਖ-ਮਚੋਲੀ,
ਪੀਤੀ ਦੇਵੀਂ
ਹੁਣ ਤੂੰ 'ਘੋਲੀ'।

ਅਟਕਣ ਮਟਕਣ
ਛੂਹਣ-ਛਣੀਕਾ,
ਮਾਮਾ ਮੇਰਾ
ਗਿਆ ਅਮਰੀਕਾ।

ਅਟਕਣ ਮਟਕਣ
ਚੰਨ ਪਿਆਰਾ,
ਚੰਗਾ ਲੱਗੇ
ਜੱਗ ਇਹ ਸਾਰਾ।

ਅਟਕਣ ਮਟਕਣ
ਹਰ ਕੋਈ ਹੱਸੇ,
ਖੇਡ ਕੇ ਸਾਰੇ
ਘਰ ਨੂੰ ਨੱਸੇ॥

## ਕਿਰਨਮ ਕਾਣੀ ਦਾ ਗੀਤ

ਕਿਰਨਮ ਕਾਣੀ
ਕੌਣ ਟੱਪਿਆ,
ਸੁਣੀਂ ਸਾਡਾ ਗੀਤ
ਪਿੱਪਲੀ ਦੇ ਪੱਤਿਆ।

ਕਿਰਨਮ ਕਾਣੀ
ਕੌਣ ਟੱਪਿਆ,
'ਦੀਪਾ' ਸੁਣ ਹਾਕ
ਘਰੋਂ ਆਇਆ ਨੱਸਿਆ।

ਕਿਰਨਮ ਕਾਣੀ
ਕੌਣ ਟੱਪਿਆ
ਮੋਰ ਪਾਵੇ ਪੈਲ
ਖੇਤੀਂ ਮੀਹ ਵੱਸਿਆ।

ਕਿਰਨਮ ਕਾਣੀ
ਕੌਣ ਟੱਪਿਆ,
ਖਿੜਿਆ ਗੁਲਾਬ
ਗੇਂਦਾ ਖੂਬ ਹੱਸਿਆ।

ਕਿਰਨਮ ਕਾਣੀ
ਕੌਣ ਟੱਪਿਆ,
ਲੁਕਿਆ ਸੀ 'ਪੰਮਾ'
ਦੱਸ ਕਿਹਨੇ ਦੱਸਿਆ?

## ਗਰਮੀ ਦੀ ਰੁੱਤ

ਗਰਮੀ ਆਈ, ਗਰਮੀ ਆਈ,
ਚੰਗੀ ਲੱਗੇ ਬਰਫ਼ ਮਲਾਈ।
ਪਿੰਡੇ ਨੂੰ ਜਦ ਆਏ ਪਸੀਨਾ,
ਭੈੜਾ ਲੱਗੇ ਜੂਨ ਮਹੀਨਾ।

ਹਰ ਕੋਈ ਛਾਂ ਦੇ ਵੱਲ ਨੂੰ ਭੱਜੇ,
ਤਪਦੀ ਲੂ ਤੋਂ ਪਿੰਡਾ ਕੱਜੇ।
ਪੰਛੀ ਵੀ ਰੁੱਖਾਂ ਨੂੰ ਲੱਭਣ,
ਪਾਣੀ ਪੀ ਪੀ ਜੀਵ ਨਾ ਰੱਜਣ।

ਧੁੱਪਾਂ 'ਚੋਂ ਜਦ ਕੋਈ ਆਵੇ,
ਠੰਢਾ ਸ਼ਰਬਤ ਪੀਣਾ ਚਾਹਵੇ।
ਘੜੇ, ਸੁਰਾਹੀ, ਮੱਟ ਦਾ ਪਾਣੀ,
ਹਰ ਕੋਈ ਚਾਹੇ ਤ੍ਰੇਹ ਬੁਝਾਣੀ।

ਕੋਈ ਫਰਿਜ, ਕੂਲਰ ਵੱਲ ਦੌੜੇ,
ਕੋਈ ਪੱਖੇ ਦੇ ਹੇਠਾਂ ਬਹੁੜੇ।
ਜੀਅ ਚਾਹੇ ਬਸ ਨਹਾਈ ਜਾਈਏ,
ਪਾਣੀ ਦੇ ਵਿਚ ਗੋਤੇ ਲਾਈਏ।

ਗਭਰੂ, ਨੱਢੀਆਂ, ਬੁੱਢੇ, ਬਾਲ,
ਕਰਨ ਕਲੋਲਾਂ ਪਾਣੀ ਨਾਲ।
ਸਾਰੇ ਵਰਖਾ ਨੂੰ ਪਏ ਤਰਸਣ,
ਵੱਗੇ ਪੌਣ ਤੇ ਬੱਦਲ ਵਰਸਣ।

ਗਰਮੀ ਆਈ, ਗਰਮੀ ਆਈ,
ਚੰਗੀ ਲੱਗੇ ਬਰਫ਼ ਮਲਾਈ॥

## ਪੌੜੀ ਦਾ ਗੀਤ

ਮਾਂ ਮੈਂ ਪੌੜੀ ਉੱਤੇ ਚੜ੍ਹਨਾ,
ਉੱਚੇ ਚੜ੍ਹਨਾ ਵੱਡਾ ਬਣਨਾ।
ਸੁਣ ਪੁੱਤਰ ਮੈਂ ਜਾਚ ਸਿਖਾਵਾਂ,
ਪੌੜੀ ਦਾ ਸੁਣ ਗੀਤ ਸੁਣਾਵਾਂ।

ਪਹਿਲਾ ਡੰਡਾ ਬਣੇ ਸਹਾਰਾ,
ਕਹਿਣਾ ਮੰਨੇ ਸੋ ਬਾਲ ਪਿਆਰਾ।
ਦੂਜਾ ਡੰਡਾ ਹਿੰਮਤ ਦੇਵੇ,
ਮਿਹਨਤ ਵਾਲੇ ਖਾਂਦੇ ਮੇਵੇ।

ਇਕ ਇਕ ਡੰਡਾ ਹੱਥੀਂ ਫੜਨਾ,
ਡਰ ਡਰ ਕੇ ਨਾ ਪੌੜੀ ਚੜ੍ਹਨਾ।
ਤੀਜਾ ਡੰਡਾ ਝਟ ਕਰ ਚੜ੍ਹੀਏ,
ਨਾਲ ਦਲੇਰੀ ਚੌਥਾ ਫੜੀਏ।
ਪੰਜਵੇਂ ਡੰਡੇ ਪੈਰ ਟਕਾਈਏ,
ਆਲਸ ਮਨ ਤੋਂ ਦੂਰ ਭਜਾਈਏ।

ਛੇਵਾਂ ਚੜ੍ਹਕੇ ਕਦੇ ਨਾ ਖੜਨਾ,
ਨਾਲ ਹਾਣੀਆਂ ਕਦੇ ਨਾ ਲੜਨਾ।
ਸੱਤਵਾਂ ਡੰਡਾ ਸ਼ਕਤੀ ਭਰਦਾ,
ਅੱਠਵੇਂ ਤੋਂ ਫਿਰ ਦਿਲ ਨਾ ਡਰਦਾ।

ਨੌਂਵਾਂ ਫੜਕੇ ਬਣ ਹੁਸ਼ਿਆਰ,
ਦਸਵਾਂ ਚੜ੍ਹਕੇ ਲੰਘ ਜਾ ਪਾਰ।
ਸੱਚ ਬੋਲਣੋਂ ਕਦੇ ਨਾ ਡਰਨਾ,
ਵਿੱਦਿਆ ਦੀ ਤੂੰ ਪੌੜੀ ਚੜ੍ਹਨਾ।

ਵਿੱਦਿਆ ਦੀ ਜੋ ਪੌੜੀ ਚੜ੍ਹਦਾ,
ਕਿਸਮਤ ਆਪਣੀ ਚੰਗੀ ਘੜਦਾ।
ਸੁਣ ਪੁੱਤਰ ਮੈਂ ਜਾਚ ਸਿਖਾਵਾਂ,
ਪੌੜੀ ਦਾ ਸੁਣ ਗੀਤ ਸੁਣਾਵਾਂ॥

## ਕਾਠ-ਕਠੋਲੀ (ਇਕ ਖੇਡ)

ਆਓ ਖੇਡੀਏ ਕਾਠ–ਕਠੋਲੀ
'ਦੀਪੇ', 'ਪੰਮੀ' ਆ ਜਾ 'ਭੋਲੀ'।
'ਰਾਮੂ' ਤੇਰੀ ਪਹਿਲਾਂ ਪੀਤੀ
ਖੇਡ ਅਸਾਂ ਨੇ ਸ਼ੁਰੂ ਹੈ ਕੀਤੀ,
ਚੌਕਸ ਹੋ ਜਾ ਹੁਣ ਤੂੰ 'ਭੋਲੀ'
ਆਓ ਖੇਡੀਏ ਕਾਠ–ਕਠੋਲੀ।

'ਦੀਪੇ' ਚੜ੍ਹਜਾ ਲੱਕੜ ਉੱਤੇ
ਗਲੀ 'ਚ ਭੌਂਕਣ ਡੱਬੂ ਕੁੱਤੇ,
ਸਾਡੀ ਸਭ ਦੀ ਸਾਂਝੀ ਟੋਲੀ
ਆਓ ਖੇਡੀਏ ਕਾਠ–ਕਠੋਲੀ।

ਖੜਾ ਰਹੇਗਾ ਜਿਹੜਾ ਥੱਲੇ
ਪੀਤੀ ਪੈਣੀ ਉਸਦੇ ਪੱਲੇ,
ਮੀਰੀ ਅੱਖ ਕਿਉਂ ਤੂੰ ਖੋਲ੍ਹੀ
ਆਓ ਖੇਡੀਏ ਕਾਠ–ਕਠੋਲੀ।

ਊਚ-ਨੀਚ ਵੀ ਇਸਨੂੰ ਕਹਿੰਦੇ
ਭੱਜਣ ਸਾਰੇ ਖੜਦੇ ਬਹਿੰਦੇ,
'ਪੰਮੀ' ਲੱਗੇ ਨਿਰੀ ਭੜੋਲੀ
ਆਓ ਖੇਡੀਏ ਕਾਠ–ਕਠੋਲੀ॥

## ਚਿੜੀਏ ਨੀਂ ਚਿੜੀਏ

ਆ ਨੀਂ ਚਿੜੀਏ
ਆ ਨੀਂ ਚਿੜੀਏ,
ਗੱਲਾਂ ਕਰ ਕਰ
ਦੋਵੇਂ ਖਿੜੀਏ।

ਆ ਮੈਂ ਤੈਨੂੰ
ਦਾਣੇ ਪਾਵਾਂ,
ਹੱਥੀਂ ਆਪਣੇ
ਚੋਗ ਚੁਗਾਵਾਂ।

ਤੂੰ ਮੈਨੂੰ ਇਕ
ਗੀਤ ਸੁਣਾਵੀਂ।
ਵਿਹੜੇ ਸਾਡੇ
ਰੌਣਕ ਲਾਵੀਂ।

ਖੰਭ ਤੇਰੇ ਨੇ
ਰੰਗ–ਬਿਰੰਗੇ
ਕੂਲੇ ਕੂਲੇ
ਲੱਗਣ ਚੰਗੇ।

ਤੇਰੀ ਤਿੱਖੀ
ਚੁੰਝ ਪਿਆਰੀ,
ਉੱਡ ਜਾਵੇਂ ਤੂੰ
ਮਾਰ ਉਡਾਰੀ।

ਤੂੰ ਨਿੱਕੀ ਜਿਹੀ
ਚੀਂ ਚੀਂ ਕਰਦੀ,
ਮੇਰੇ ਕੋਲੋਂ
ਕਿਉਂ ਤੂੰ ਡਰਦੀ?

## ਧੁੱਪ-ਛਾਂ ਦਾ ਗੀਤ

ਧੁੱਪੜੀਆਂ ਪਰਛਾਂਵਾਂ
ਮਾਂਵਾਂ ਹੁੰਦੀਆਂ ਠੰਢੀਆਂ ਛਾਂਵਾਂ।
ਆਪਣਾ ਰੁੱਠੜਾ ਵੀਰ ਮਨਾਵਾਂ
ਰਲਕੇ ਗੀਤ ਖੁਸ਼ੀ ਦੇ ਗਾਵਾਂ
ਮਾਂਵਾਂ ਹੁੰਦੀਆਂ ਠੰਢੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ।
ਘਰ ਨੂੰ ਫੁੱਲਾਂ ਨਾਲ ਸਜਾਵਾਂ
ਮਹਿਕਾਂ ਖਿੰਡਣ ਵਿਚ ਹਵਾਵਾਂ
ਮੈਂ ਤਾਂ ਧਰਤੀ ਸੁਰਗ ਬਣਾਵਾਂ
ਮਾਂਵਾਂ ਹੁੰਦੀਆਂ ਠੰਢੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ
ਥਾਂ ਥਾਂ ਚਾਨਣ ਵੰਡਣ ਜਾਵਾਂ
ਇੱਥੋਂ ਭੱਜਣ ਦੂਰ ਬਲਾਵਾਂ
ਸਭ ਦਾ ਰਲਕੇ ਦਰਦ ਵੰਡਾਵਾਂ
ਮਾਂਵਾਂ ਹੁੰਦੀਆਂ ਠੰਢੀਆਂ ਛਾਂਵਾਂ।

ਧੁੱਪੜੀਆਂ ਪਰਛਾਂਵਾਂ
ਮੈਂ ਤਾਂ ਬੂਟੇ ਹਰ ਥਾਂ ਲਾਵਾਂ
ਪੀਘਾਂ ਅੰਬਰਾਂ ਤੀਕਰ ਪਾਵਾਂ
ਪੱਤੇ ਝੂਮਣ ਵਿਚ ਹਵਾਵਾਂ
ਮਾਂਵਾਂ ਹੁੰਦੀਆਂ ਠੰਢੀਆਂ ਛਾਂਵਾਂ॥

## ਛਤਰੀ ਦਾ ਗੀਤ

ਇਕ ਛਤਰੀ ਤੂੰ ਲੈ ਦੇ ਮਾਂ,
ਮੈਂ ਤੈਨੂੰ ਇਕ ਗੱਲ ਕਹਾਂ।
ਜਿਸਦੀ ਤੇਰੀ ਗੋਦੀ ਵਰਗੀ,
ਗੂੜ੍ਹੀ ਹੋਵੇ ਠੰਢੀ ਛਾਂ।

ਅੱਗ ਦਾ ਗੋਲਾ ਸੂਰਜ ਤਪਦਾ,
ਸਿਖਰ ਦੁਪਹਿਰਾ ਸਿਰ ਤੇ ਭਖਦਾ।
ਭੱਠੀ ਵਰਗੀ ਧਰਤੀ ਉੱਤੇ
ਗੁੰਮ ਗਈ ਰੁੱਖਾਂ ਦੀ ਛਾਂ,
ਇਕ ਛਤਰੀ ਤੂੰ ਲੈ ਦੇ ਮਾਂ
ਜਿਸਦੀ ਹੋਵੇ ਸਿਰ ਤੇ ਛਾਂ।

ਬਾਹਰ ਹਵਾਵਾਂ ਤੱਤੀਆਂ ਚੱਲਣ,
ਕੂਲੇ ਪਿੰਡੇ ਲੂਆਂ ਝੱਲਣ।
ਰਾਹ 'ਚ ਕਿੱਲਾਂ, ਕੰਕਰ, ਕੰਡੇ
ਨੰਗੇ ਪੈਰੀਂ ਕਿੰਝ ਤੁਰਾਂ,
ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ।

ਵਰ੍ਹਦੀ ਧੁੱਪਾਂ ਸੀਨਾ ਡੰਗੇ,
ਰੁੱਖਾਂ ਦੇ ਵੀ ਪੱਤਰ ਝੰਬੇ।
ਕੋਲੇ ਵਾਂਗੂੰ ਮਘਦੇ ਦਿਨ ਨੂੰ
ਕਿੰਨਾ ਤੀਕਰ ਹੋਰ ਸਹਾਂ,
ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ।

ਐਸੀ ਹੋਵੇ ਛਤਰੀ ਮੇਰੀ,
ਧੁੱਪਾਂ, ਵਰਖਾ ਲੱਗੇ ਨਾ ਨ੍ਹੇਰੀ।
ਜਿਸਨੂੰ ਲੈ ਮੈਂ ਹੋਰਾਂ ਤੇ ਵੀ
ਫੜਕੇ ਹੱਥੀਂ ਛਾਂ ਕਰਾਂ,
ਇਕ ਛਤਰੀ ਤੂੰ ਲੈ ਦੇ ਮਾਂ,
ਜਿਸਦੀ ਹੋਵੇ ਸਿਰ ਤੇ ਛਾਂ॥

## ਸਾਂਝੀਆਂ ਤੰਦਾਂ

ਸਾਡਾ ਸਾਂਝਾ ਹੈ ਪੰਜਾਬ
ਸੁਹਣੇ ਭਾਰਤ ਦੀ ਆਬ,
ਸਾਡੇ ਸਾਂਝੇ ਹਾਸੇ ਸੁੱਖ
ਸਾਡੇ ਸਾਂਝੇ ਦਰਦ ਦੁੱਖ।

ਸਾਡਾ ਸਾਂਝਾ ਹੈ ਹਿਮਾਲਾ
ਉੱਤੇ ਪਰਬਤਾਂ ਦੀ ਮਾਲਾ,
ਸਾਂਝੀ ਧਰਤੀ ਦੀ ਕੁੱਖ
ਸਾਂਝੇ ਅੰਬਰ ਅਤੇ ਰੁੱਖ।

ਸਾਂਝੀ ਗੁਰੂਆਂ ਦੀ ਬਾਣੀ
ਸਾਂਝਾ ਸਾਗਰਾਂ ਦਾ ਪਾਣੀ,
ਸਾਂਝੇ ਰੀਤੀ ਤੇ ਰਿਵਾਜ
ਸਾਨੂੰ ਦੇਸ਼ ਤੇ ਹੈ ਨਾਜ਼।

ਫ਼ਰੀਦ, ਨਾਨਕ, ਬੁੱਲ੍ਹੇ ਸ਼ਾਹ
ਸਾਡਾ ਸਾਂਝਾ ਵਾਰਿਸ ਸ਼ਾਹ,
ਅਸੀਂ ਸੂਰਮੇ ਕਹਾਏ
ਸਾਨੂੰ ਵੰਡ ਕੌਣ ਜਾਏ।

ਸਾਂਝੀ ਧਰਮਾਂ ਦੀ ਤੰਦ
ਸਾਂਝੀ ਘਰਾਂ ਦੀ ਹੈ ਕੰਧ,
ਸਾਂਝੇ ਦਿਲਾਂ ਦੇ ਨੇ ਗੀਤ
ਅਸੀਂ ਸਭਨਾਂ ਦੇ ਮੀਤ।

ਸਾਡਾ ਸਾਂਝਾ ਸਭਿਆਚਾਰ
ਸਾਂਝੇ ਗੁਰੂ ਅਵਤਾਰ,
ਸਾਡਾ ਵੱਖ ਵੱਖ ਭੇਸ
ਸਾਨੂੰ ਪਿਆਰਾ ਸਾਰਾ ਦੇਸ਼।

ਆਓ ਕਰੀਏ ਦੁਆਵਾਂ
ਬਣੀਏ ਏਕੇ ਦੀਆਂ ਬਾਹਵਾਂ,
ਹੇਕ ਅਮਨਾਂ ਦੀ ਲਾਈਏ
ਗਿੱਧਾ, ਭੰਗੜਾ ਵੀ ਪਾਈਏ।

ਸਮਾਂ ਭਰਦਾ ਗੁਆਹੀ
ਜੰਗ ਕਰਦਾ ਤਬਾਹੀ,
ਕਰੀਏ ਦੇਸ਼ ਖੁਸ਼ਹਾਲ
ਕੌਮੀ ਏਕਤਾ ਦੇ ਨਾਲ।

ਸਾਡਾ ਸੁਹਣਾ ਹੈ ਪੰਜਾਬ
ਸਾਂਝੇ ਭਾਰਤ ਦੀ ਆਬ॥

## ਸਾਡੀ ਰੇਲ

ਆਓ ਰਲਕੇ ਰੇਲ ਬਣਾਈਏ,
ਗਿਣ ਗਿਣ ਇਸ ਦੇ ਡੱਬੇ ਲਾਈਏ।

ਚੜ੍ਹੋ ਸੁਆਰੀ ਇਸ ਦੀ ਕਰੀਏ,
ਨਾਲ ਮੁਸਾਫਰਾਂ ਡੱਬੇ ਭਰੀਏ।

ਛਕ-ਛਕ ਕਰਕੇ ਜੱਦ ਇਹ ਚੱਲੂ,
ਪੈਰਾਂ ਥੱਲਿਓਂ ਧਰਤੀ ਹੱਲੂ।

ਮੈਂ ਲੱਗਾਂਗਾ ਇੰਜਣ ਅੱਗੇ,
ਹਰ ਕੋਈ ਮੇਰੇ ਪਿੱਛੇ ਲੱਗੇ।

ਪੱਲੇ ਫੜਕੇ ਲੱਗ ਜੋ ਸਾਰੇ,
ਭੀੜ ਨਾ ਦੇਖੇ ਪਿੱਛਾ-ਅੱਗਾ।

ਜਦੋਂ ਹਲਾਊ ਗਾਰਡ ਝੰਡੀ,
ਰੇਲ ਤੁਰੇਗੀ ਆਪਣੀ ਡੰਡੀ।

ਛਕ-ਛਕ ਕਰਦੀ ਰੌਲਾ ਪਾਵੇ,
ਸੀਟੀਆਂ ਮਾਰੇ ਭੱਜੀ ਜਾਵੇ।

ਲੰਮੀ ਸੁਹਣੀ ਰੇਲ ਅਸਾਡੀ,
ਦੌੜੀ ਜਾਵੇ ਰਹੇ ਨਾ ਫਾਡੀ।

## ਨਿੱਕੇ ਨਿੱਕੇ ਹੱਥ

ਨਿੱਕੇ ਨਿੱਕੇ ਪੈਰ ਸਾਡੇ
ਨਿੱਕੇ ਨਿੱਕੇ ਹੱਥ,
ਬੋਲੀਏ ਨਾ ਝੂਠ ਕਦੇ
ਕਹੀਏ ਸੱਚੋ ਸੱਚ।

ਨਿੱਕੇ ਨਿੱਕੇ ਬੋਲ ਸਾਡੇ
ਨਿੱਕੇ ਨਿੱਕੇ ਗੀਤ,
ਜੋਟੀਆਂ ਪਾ ਖੇਡਦੇ ਹਾਂ
ਸਾਡੀ ਡੂੰਘੀ ਹੈ ਪ੍ਰੀਤ।

ਨਿੱਕੇ ਨਿੱਕੇ ਦਿਲ ਸਾਡੇ
ਉੱਚੀ ਹੈ ਉਡਾਰੀ,
ਨਿੱਕੇ ਨਿੱਕੇ ਮੋਢਿਆਂ ਤੇ
ਵੱਡੀ ਜ਼ਿੰਮੇਵਾਰੀ।

ਨਿੱਕੇ ਨਿੱਕੇ ਪੈਰ ਸਾਡੇ
ਨਿੱਕੇ ਨਿੱਕੇ ਹੱਥ॥

## ਮੇਰਾ ਪਤੰਗ

ਕਿੰਨਾ ਸੁਹਣਾ ਮੇਰਾ ਪਤੰਗ
ਇਸ ਦੇ ਸੁਹਣੇ ਸੁਹਣੇ ਰੰਗ,
ਇਸਦੀ ਆੜੀ ਅੰਬਰਾਂ ਸੰਗ
ਬੱਦਲ ਚੀਰਕੇ ਜਾਵੇ ਲੰਘ।

ਇਕ ਸਾਥੀ ਨੂੰ ਰੀਲ ਫੜਾਵਾਂ
ਦੂਜੇ ਤੋਂ ਮਾਂਜਾ ਲਗਵਾਵਾਂ,
ਤੀਜੇ ਨੂੰ ਕਹਿ ਪੂੰਛ ਸਜਾਵਾਂ
ਖ਼ੂਬ ਉੱਡੇ ਫਿਰ ਵਿੱਚ ਹਵਾਵਾਂ।

ਇਸ ਦੀ ਖਿੱਚਾਂ ਜਦ ਮੈਂ ਡੋਰ
ਚੜ੍ਹ ਜਾਵੇ ਇਹ ਉੱਚਾ ਹੋਰ,
ਪਾਉਂਦਾ ਨਾ ਇਹ ਕੋਈ ਸ਼ੋਰ
ਬੱਦਲਾਂ ਦਾ ਲੱਗੇ ਇਹ ਮੋਰ।

ਜਦੋਂ ਬਸੰਤ ਸੁਹਾਣੀ ਆਵੇ
ਮੇਰੇ ਮਨ ਨੂੰ ਹੋਰ ਵੀ ਭਾਵੇ,
ਹਰ ਕੋਈ ਪੇਚਾ ਖ਼ੂਬ ਲੜਾਵੇ
ਬੋ-ਕਾਟਾ, ਬੋ-ਕਾਟਾ ਗਾਵੇ॥

## ਕਣੀਆਂ ਦੀ ਰੁੱਤ

ਨਿੱਕੀਆਂ ਨਿੱਕੀਆਂ ਠੰਢੀਆਂ ਕਣੀਆਂ,
ਅੰਬਰੋਂ ਚੱਲਕੇ ਆਈਆਂ ਕਣੀਆਂ।

ਭੂਰ ਇਨ੍ਹਾਂ ਦੀ ਪਿਆਰੀ ਲੱਗੇ,
ਠੰਢੀ-ਠੰਢੀ 'ਵਾ ਜਦ ਵੱਗੇ।

ਤਪਦੀ ਧਰਤੀ ਸੀਤਲ ਹੋਈ,
ਠੰਢਕ ਹੱਸੀ, ਗਰਮੀ ਮੋਈ।

ਟਹਿਕੇ ਰੁੱਖ, ਬੂਟੇ ਤੇ ਫੁੱਲ,
ਕਿਹੜਾ ਕੁਦਰਤ ਦੇ ਹੈ ਤੁੱਲ।

ਤੱਕ ਘਟਾਵਾਂ ਨੱਚਣ ਮੋਰ,
ਬਾਗ਼ਾਂ ਦੇ ਵਿਚ ਪਾਵਣ ਸ਼ੋਰ।

ਗਲੀਆਂ ਦੇ ਵਿਚ ਮੱਚਿਆ ਪਾਣੀ,
ਬੱਚੇ ਖੇਡਣ ਰਲ ਮਿਲ ਹਾਣੀ।

ਖਾਵਾਂਗੇ ਪੂੜੇ ਤੇ ਖੀਰ,
ਭੈਣ ਕਹੇ ਤੂੰ ਸੁਣ ਲੈ ਵੀਰ।

ਖੁਸ਼ੀ ਮਨਾਵੇ ਚਿੜੀ ਤਿਹਾਈ,
ਵਾਹਵਾ ਕਣੀਆਂ ਦੀ ਰੁੱਤ ਆਈ॥

## ਸਾਡੇ ਵਿਹੜੇ ਨਿੰਮ ਖਲੋਤੀ

ਸਾਡੇ ਵਿਹੜੇ ਨਿੰਮ ਖਲੋਤੀ
ਡੱਬ-ਖੜੱਬੀ ਜਿਸਦੀ ਛਾਂ,
ਥੱਲੇ ਇਸਦੇ ਰੋਜ਼ ਖੇਡੀਏ
ਤੱਕ ਕੇ ਹੱਸੇ ਦਾਦੀ ਮਾਂ।

ਸਾਡੇ ਵਿਹੜੇ ਨਿੰਮ ਖਲੋਤੀ
ਪੱਤਰ ਜਿਸਦੇ ਸਾਵੇ ਹੋ,
ਪੱਖੀ ਵਾਂਗੂੰ ਪੌਣ ਇਹ ਝੱਲੇ
ਦਿਲ ਸਾਡੇ ਨੂੰ ਭਾਵੇ ਹੋ।

ਸਾਡੇ ਵਿਹੜੇ ਨਿੰਮ ਖਲੋਤੀ
ਜਿਸਤੇ ਬੈਠਣ ਚਿੜੀਆਂ ਆ,
ਮਾਰ ਉਡਾਰੀ ਜਦ ਇਹ ਉੱਡਣ
ਸਾਡੇ ਮਨ ਨੂੰ ਚੜ੍ਹਦਾ ਚਾਅ।

ਸਾਡੇ ਵਿਹੜੇ ਨਿੰਮ ਖਲੋਤੀ
ਸੌਣ ਮਹੀਨੇ ਟਹਿਕਣ ਫੁੱਲ,
ਪੀਂਘਾਂ ਪਾਕੇ ਜਦੋਂ ਝੂਟੀਏ
ਆਪਾ ਸਾਨੂੰ ਜਾਵੇ ਭੁੱਲ।

ਸਾਡੇ ਵਿਹੜੇ ਨਿੰਮ ਖਲੋਤੀ
ਜੋਟੀਆਂ ਬੰਨ੍ਹਕੇ ਗਾਈਏ ਗੀਤ,
ਕਦੇ ਟੱਪੀਏ, ਕਦੇ ਨੱਚੀਏ
ਪੱਕੀ ਸਾਡੀ ਸਾਂਝੀ ਪ੍ਰੀਤ।

ਸਾਡੇ ਵਿਹੜੇ ਨਿੰਮ ਖਲੋਤੀ
ਡੱਬ-ਖੜੱਬੀ ਜਿਸਦੀ ਛਾਂ,
ਥੱਲੇ ਇਸ ਦੇ ਰੋਜ਼ ਖੇਡੀਏ
ਤੱਕ ਕੇ ਹੱਸੇ ਦਾਦੀ ਮਾਂ॥

## ਮੇਰੀ ਪੈਨਸਿਲ

ਮਾਂ ਮੇਰੀ ਤੂੰ ਪੈਨਸਿਲ ਘੜਦੇ
ਥੋੜ੍ਹੀ ਜਿਹੀ ਤਿੱਖੀ ਵੀ ਕਰਦੇ।

ਪੈਨਸਿਲ ਨਾਲ ਮੈਂ ਕਰਾਂ ਲਿਖਾਈ,
ਲਿਖਾਂ ਮੈਂ ਸੁੰਦਰ ਨਾਲ ਸਫ਼ਾਈ।

ਸਿੱਧੀਆਂ ਸਿੱਧੀਆਂ ਸਤਰਾਂ ਲਿੱਖਾਂ,
ਸੁਹਣੇ ਅੱਖਰ ਪਾਉਣੇ ਸਿੱਖਾਂ,

ਅੱਖਰਾਂ ਨਾਲ ਮੈਂ ਪਾਵਾਂ ਸਾਂਝ,
ਲਿਖਣ ਪੜ੍ਹਨ ਦੀ ਮੈਨੂੰ ਤਾਂਘ।

ਅੱਖਰ ਜੋੜ ਮੈਂ ਸ਼ਬਦ ਬਣਾਵਾਂ,
ਸ਼ਬਦਾਂ ਤੋਂ ਫਿਰ ਵਾਕ ਸਜਾਵਾਂ।

ਰੰਗ-ਬਿਰੰਗੀ ਪੈਨਸਿਲ ਮੇਰੀ,
ਲਿਖਣੇ ਵਿਚ ਨਾ ਲਾਏ ਦੇਰੀ।

ਇਸਨੂੰ ਰੱਖਾਂ ਨਾਲ ਪਿਆਰ,
ਇਸਦਾ ਮੈਨੂੰ ਲੱਗੇ ਨਾ ਭਾਰ॥

## ਬੱਲੇ ਆ ਗਈ ਵਿਸਾਖੀ

ਬੱਲੇ ਆ ਗਈ ਵਿਸਾਖੀ
ਮੁੱਕੀ ਕਣਕਾਂ ਦੀ ਰਾਖੀ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ,
ਤੈਥੋਂ ਵਾਰੇ ਵਾਰੇ ਜਾਵਾਂ
ਬੰਬੀ ਦਿਆ ਪਾਣੀਆਂ।

ਪਿਆ ਮਿਹਨਤਾਂ ਨੂੰ ਬੂਰ
ਵਾਢੀ ਕਰਦੇ ਮਜੂਰ,
ਦਾਣੇ ਬੱਲੀਆਂ 'ਚ ਪੱਕੇ
ਪਾਉਂਦੇ ਨੇ ਕਹਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ।

ਮਿਟੇ ਧਰਤੀ ਦੀ ਭੁੱਖ
ਜੀਣ ਬੋਹਲ ਅਤੇ ਰੁੱਖ,
ਖ਼ੂਬ ਦਾਤੀਆਂ ਚਲਾਉਣ
ਵਾਢੀ ਦੀਆਂ ਢਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ।

ਰੁੱਤ ਆ ਗਈ ਏ ਮੇਖ
ਕੱਚੀ ਪੱਕੀ ਨਾ ਤੂੰ ਦੇਖ,
ਜਿਹੜੇ ਸਾਂਭਦੇ ਨੇ ਵੇਲਾ
ਉਨ੍ਹਾਂ ਮੌਜਾਂ ਮਾਣੀਆਂ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ।

ਬੱਲੇ ਆ ਗਈ ਵਿਸਾਖੀ
ਮੁੱਕੀ ਕਣਕਾਂ ਦੀ ਰਾਖੀ,
ਪਾਈਏ ਭੰਗੜਾ ਤੇ ਗਿੱਧਾ
ਰਲ ਮਿਲ ਹਾਣੀਆਂ,
ਤੈਥੋਂ ਵਾਰੇ ਵਾਰੇ ਜਾਵਾਂ
ਬੰਬੀ ਦਿਆ ਪਾਣੀਆਂ॥

## ਵੱਸਦਾ ਰਹੇ ਪੰਜਾਬ

ਵਾਏ ਨੀਂ ਵਾਏ
ਵਾਏ ਨੀਂ ਵਾਏ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ।

ਕਦੇ ਤੁਰਕਾਂ ਨੇ ਹੈ ਇਹਨੂੰ ਲੁੱਟਿਆ
ਕਦੇ ਮੁਗਲਾਂ ਨੇ ਹੈ ਇਹਨੂੰ ਪੁੱਟਿਆ,
ਸਾਡੀ ਸਭਿਅਤਾ ਸੁਨੇਹਾ ਸਾਨੂੰ ਦੇਂਦੀ
ਸਾਂਝਾ ਪੁਲ ਹੈ, ਅਸਾਡਾ ਭਾਈਚਾਰਾ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ।

ਕਦੇ ਜ਼ੋਰ ਹੈ ਸਿਕੰਦਰਾਂ ਵਿਖਾ ਲਿਆ
ਕਦੇ ਆਣਕੇ ਫਰੰਗੀ ਡੇਰਾ ਲਾ,
ਗੁਰੂ, ਭਗਤਾਂ ਬਚਾਇਆ ਸਦਾ ਏਸਨੂੰ
ਸਾਂਝੀਵਾਲਤਾ ਦੇ ਕੇ ਸਹਾਰਾ
ਦਿਲਾਂ ਵਿਚ ਘੋਲ ਰਹਿਮਤਾਂ
ਰਹੇ ਵੱਸਦਾ ਪੰਜਾਬ ਪਿਆਰਾ॥

## ਵਰ੍ਹੀਂ - ਮੇਘਲੇ

ਮੇਰੇ ਦੇਸ਼ ਦੇ ਕਿਸਾਨ,
ਹੋਏ ਬਹੁਤ ਪਰੇਸ਼ਾਨ,
ਪੌਣਾਂ ਸੁੱਕੀਆਂ ਸਤਾਣ।
ਮੇਰੇ ਹਾਣੀਆਂ
ਅੰਬਰਾਂ ਤੋਂ ਬੂੰਦ ਨਾ ਵਰ੍ਹੀ।

ਭੁੱਖਾ ਧਰਤੀ ਦਾ ਸੰਘ,
ਪੀਲਾ ਕਣਕਾਂ ਦਾ ਰੰਗ,
ਹਾੜ੍ਹੀ ਹੱਥੋਂ ਹੋਏ ਤੰਗ।
ਤੱਕੀਂ ਹਾਣੀਆਂ
ਅੰਬਰਾਂ ਤੋਂ ਬੂੰਦ ਨਾ ਵਰ੍ਹੀ।

ਗਈਆਂ ਬੰਬੀਆਂ ਵੀ ਥੱਕ,
ਬੈਠੇ ਇੰਜਣਾਂ ਤੋਂ ਅੱਕ,
ਖਿਝੇ ਬੱਦਲਾਂ ਨੂੰ ਤੱਕ।
ਸੁਣੀਂ ਹਾਣੀਆਂ
ਅੰਬਰਾਂ ਤੋਂ ਬੂੰਦ ਨਾ ਵਰ੍ਹੀ।

ਮੁੱਕਾ ਕੱਸੀਆਂ ਦਾ ਪਾਣੀ,
ਵਰ੍ਹੇ ਮੇਘਲਾ ਤਾਂ ਜਾਣੀਂ,
ਸਾਡੀ ਸੁਲਝੇਗੀ ਤਾਣੀ।
ਆਵੀਂ ਹਾਣੀਆਂ
ਅੰਬਰਾਂ ਤੋਂ ਬੂੰਦ ਨਾ ਵਰ੍ਹੀ॥

## ਨਵੇਂ ਟੱਪੇ

ਹਾਰਾਂ ਦੀਆਂ ਦੋ ਲੜੀਆਂ
ਉਹੀਓ ਘਰ ਵੰਡੇ ਚਾਨਣਾ
ਧੀਆਂ ਜਿੱਥੇ ਹੋਣ ਪੜ੍ਹੀਆਂ।

ਸੜਕਾਂ ਤੇ ਰੁੜ ਛੱਲਿਆ
ਬੱਚਿਆਂ ਦੀ ਵਿੱਦਿਆ ਲਈ
ਪਿੰਡ ਪਿੰਡ ਦੌਰ ਚੱਲਿਆ।

ਅੰਬੀਆਂ ਦੀ ਪਾ ਚਟਣੀ
ਅਨਪੜ੍ਹ ਬੰਦਿਆਂ ਨੂੰ
ਔਖੀ ਏ ਜੂਨ ਕੱਟਣੀ।

ਗੁਣਾਂ ਦੀਆਂ ਪਾ ਮੁੰਦੀਆਂ
ਨਸ਼ਿਆਂ ਨੇ ਪੱਟੇ ਗੱਭਰੂ
ਸੱਥ ਵਿਚ ਗੱਲਾਂ ਹੁੰਦੀਆਂ।

ਖੇਤਾਂ ਵਿਚ ਬੰਬੀ ਏ
ਪੜ੍ਹ ਲੈ ਦਿਆਲ ਸਿੰਆਂ
ਖੇਤੀ ਪੜ੍ਹਿਆਂ ਦੀ ਚੰਗੀ ਏ॥

## ਨਵੀਆਂ ਬੋਲੀਆਂ

ਪੜ੍ਹੇ ਲਿਖੇ ਦਾ ਜ਼ਮਾਨਾ ਆਇਆ
ਸੱਥ ਵਿਚ ਗੱਲਾਂ ਹੁੰਦੀਆਂ।

ਬਿਨ ਪੜ੍ਹਿਆਂ ਘਰਾਂ ਵਿਚ ਨੇਰ੍ਹਾ
ਤੀਜੀ ਅੱਖ ਵਿੱਦਿਆ ਦੀ।

ਫਿੱਟੇ ਮੂੰਹ ਵੇ ਦਹੇਜਾ ਤੇਰਾ
ਸਾੜ ਸਾੜ ਨੂੰਹਾਂ ਮਾਰੀਆਂ।

ਬਾਪੂ ਸੋਚਦਾ ਧੀਆਂ ਕਿੰਜ ਤੋਰਾਂ
ਚੰਦਰੇ ਦਹੇਜ਼ ਮੰਗਦੇ।

ਛੋਟੀ ਟੱਬਰੀ ਸੁਖੀ ਜ਼ਿੰਦਗਾਨੀ
ਰੇਡੀਓ ਤੇ ਨਿੱਤ ਬੋਲਦੇ।

ਬੰਬੀ ਚੱਲਦੀ ਕਿਸਾਨ ਪਿਆ ਹੱਸਦਾ
ਬੱਚਿਆਂ 'ਚ ਰੱਬ ਵੱਸਦਾ।

ਮੈਨੂੰ ਲੈ ਦੇ ਟਰੈਕਟਰ ਬਾਪੂ
ਬੋਲੀਆਂ ਸ਼ਰੀਕ ਮਾਰਦੇ।

ਚੱਲ ਪਈਆਂ ਨੇ ਰੇੜੀਆਂ ਟਰਾਲੀਆਂ
ਗੱਡਿਆਂ ਦੇ ਹਾਲ ਉਤਰੇ॥

## ਚਾਨਣ ਵੰਡਦੀ ਆਈ ਦੀਵਾਲੀ

ਚਾਨਣ ਵੰਡਦੀ ਆਈ ਦੀਵਾਲੀ
ਖੁਸ਼ੀਆਂ ਲੈ ਕੇ ਆਈ ਦੀਵਾਲੀ।

ਸਭ ਦਾ ਸਾਂਝਾ ਇਹ ਤਿਉਹਾਰ,
ਸਜੇ ਹੋਏ ਸਭ ਦੇ ਘਰ ਬਾਰ।
ਖੁਸ਼ੀ ਮਨਾਵਣ ਲੋਕੀਂ ਸਾਰੇ,
ਬੁੱਢੇ, ਨੱਢੇ, ਬਾਲ ਪਿਆਰੇ।

ਸਜੀਆਂ ਹੋਈਆਂ ਖ਼ੂਬ ਦੁਕਾਨਾਂ,
ਬੱਤੀਆਂ ਜਗੀਆਂ ਉੱਤੇ ਮਕਾਨਾਂ।
ਨਿੱਕੇ ਦੀਵੇ ਟਿਮ-ਟਿਮ ਕਰਦੇ,
ਚਾਨਣ ਦੇ ਨਾਲ ਗਲੀਆਂ ਭਰਦੇ।

ਕਿਧਰੇ ਮੋਮਬੱਤੀਆਂ ਜੱਗਣ,
ਕਿਧਰੇ ਬਲਬ ਪਿਆਰੇ ਲੱਗਣ।
ਰਾਤ ਹਨੇਰੀ ਜਗ-ਮਗ ਕਰਦੀ,
ਰੌਸ਼ਨੀਆਂ ਦੀ ਮਟਕੀ ਭਰਦੀ।

ਖਾਈਏ ਖੇਲ, ਖਿੱਲਾਂ, ਅਖਰੋਟ,
ਮਠਿਆਈ ਦੀ ਰਹਿਣੀ ਨਾ ਤੋਟ।
ਲੱਡੂ, ਜਲੇਬੀ, ਬਰਫੀ ਖਾਈਏ,
ਹੋਰਾਂ ਨੂੰ ਵੰਡ ਸਾਂਝ ਵਧਾਈਏ।

ਲਈਏ ਕੇਲੇ, ਸੇਬ, ਅੰਗੂਰ,
ਖਾਈਏ ਮਿੱਠੀ ਖੀਰ ਜ਼ਰੂਰ।
ਕਿੰਨਾ ਸੁਹਣਾ ਇਹ ਤਿਉਹਾਰ,
ਇਕ ਦੂਜੇ ਨੂੰ ਕਰੀਏ ਪਿਆਰ।

ਕਰਨ ਪਟਾਕੇ ਠਾਹ ਪਈ ਠਾਹ,
ਆਖਣ ਸਾਰੇ ਵਾਹ ਪਈ ਵਾਹ।
ਔਹ, ਚੱਲਣ ਫੁੱਲਝੜੀ, ਅਨਾਰ,
ਉੱਡਣ ਹਵਾਈਆਂ ਵਾਰੋ-ਵਾਰ।

ਕਿੰਨੀ ਸੁਹਣੀ ਆਈ ਦੀਵਾਲੀ,
ਖੁਸ਼ੀਆਂ ਵੰਡਦੀ ਆਈ ਦੀਵਾਲੀ॥

## ਏਕਤਾ ਦੀ ਚਾਬੀ

ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ
ਮੈਂ ਬੰਗਾਲੀ
ਮੈਂ ਮਦਰਾਸੀ
ਮੈਂ ਮਰਾਠੀ ਪਿੱਛੋਂ
ਭਾਰਤੀ ਹਾਂ ਪਹਿਲਾਂ
ਪੰਜਾਬੀ ਪਿੱਛੋਂ ਦੱਸ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ।

ਕੋਈ ਪਹਿਨੇ ਕੁੜਤਾ ਪਜਾਮਾ
ਕੋਈ ਲਾਵੇ ਧੋਤੀ
ਕੋਈ ਬੰਨ੍ਹੇ ਸਿਰ ਤੇ ਪਗੜੀ
ਕੋਈ ਪਹਿਨੇ ਟੋਪੀ
ਇਕ ਦੂਜੇ ਵੱਲ ਏਦਾਂ ਤੱਕੀਏ
ਮਿੱਠਾ ਮਿੱਠਾ ਹੱਸ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ।

ਹਿੰਦੂ, ਮੁਸਲਿਮ, ਸਿੱਖ, ਈਸਾਈ
ਅਸੀਂ ਹਾਂ ਭਾਈ ਭਾਈ,
ਸਾਂਝੇ ਸਾਡੇ ਰਿਸ਼ਤੇ ਨਾਤੇ
ਭਾਈ ਅਤੇ ਜੁਆਈ
ਸਾਂਝੇ ਸਾਡੇ ਹੰਝੂ-ਹਾਸੇ
ਸਾਂਝੇ ਸਾਡੇ ਗੀਤ
ਕਿੱਦਾਂ ਹੋਈਏ ਵੱਖ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ।

ਸਾਂਝੇ ਅੰਬਰ ਥੱਲੇ ਰਹੀਏ
ਸਾਂਝਾ ਪਾਣੀ ਪੀਈਏ,
ਸਾਂਝੇ ਸਾਡੇ ਭੰਗੜੇ-ਗਿੱਧੇ
ਸਾਂਝੀ ਕਿੱਕਲੀ ਪਾਈਏ
ਏਕਤਾ ਦੇ ਨਾਲ ਰਹੀਏ
ਸਾਂਝੀ ਹਵਾ ਫੱਕ,
ਭਾਰਤ ਦੀ ਏਕਤਾ ਦੀ
ਚਾਬੀ ਸਾਡੇ ਹੱਥ॥

## ਜੱਟ ਦੀ ਡਰੰਮੀ

ਚਲਦੀ ਡਰੰਮੀ ਖੇਤਾਂ ਵਿਚ ਜੱਟ ਦੀ,
ਦਿਨੇ ਰਾਤ ਗੂੰਜੇ ਪਈ ਧੂੜਾਂ ਪੱਟਦੀ।

ਬੀਤਿਆ ਏ ਸਮਾਂ ਫਲ੍ਹੇ ਨੂੰ ਚਲਾਉਣ ਦਾ,
ਤੰਗਲੀ ਦੇ ਨਾਲ ਧੜਾਂ ਨੂੰ ਉਡਾਣ ਦਾ।

ਰੁੱਤ ਹੈ ਥਰੈਸ਼ਰਾਂ ਦੀ ਹਾੜ੍ਹੀ ਚੱਕ ਲੋ,
ਵਿਸਾਖ ਦਾ ਮਹੀਨਾ ਘੁਰਦਾ ਹੈ ਤੱਕ ਲੋ।

ਸਿਖਰ ਦੁਪਹਿਰਾ ਉੱਤੋਂ ਵਾਵਾਂ ਤੱਤੀਆਂ,
ਭਰੀਆਂ ਦੇ ਨਾਲ ਭਰੀਆਂ ਨੇ ਖੱਤੀਆਂ।

ਫਟਾ-ਫਟ ਰੁੱਗ ਗੱਭਰੂ ਲਗਾਵੰਦੇ,
ਚੁੱਕ ਚੁੱਕ ਨੇੜੇ ਭਰੀਆਂ ਲਿਆਵੰਦੇ।

ਪਲਾਂ ਵਿਚ ਤੂੜੀ ਦਾ ਅੰਬਾਰ ਲੱਗਿਆ,
ਸਾਂਭਣੇ ਨੂੰ ਦਾਣੇ ਜੱਟ ਫਿਰੇ ਭੱਜਿਆ।

ਬੋਰੀਆਂ 'ਚ ਕਣਕਾਂ ਦਾ ਬੋਹਲ ਚੁੱਕਿਆ,
ਮਹੀਨਿਆਂ ਦਾ ਕੰਮ ਦਿਨਾਂ ਵਿਚ ਮੁੱਕਿਆ।

ਲਹੂ ਤੇ ਪਸੀਨੇ ਦੀ ਕਮਾਈ ਕਰਦਾ,
ਪਿੰਡੇ ਤੇ ਕਿਸਾਨ ਤੱਤਾ-ਠੰਢਾ ਜਰਦਾ।

ਦਾਣਿਆਂ ਦਾ ਦੇਵਤਾ ਭੰਡਾਰੇ ਭਰਦਾ,
ਤਦੇ ਯਾਰੋ ਦੇਸ਼ ਹੈ ਤਰੱਕੀ ਕਰਦਾ।

ਕਣਕ ਦੀ ਟਰਾਲੀ ਭਰ ਮੰਡੀ ਚੱਲੀਏ,
ਮੋੜੀਏ ਤਕਾਵੀ, ਸੌਦੇ ਲਿਆਈਏ ਬੱਲੀਏ॥

## ਭਗਤ ਸਿੰਘ ਨੂੰ ਲੋਰੀ

ਭਗਤ ਸਿੰਘ ਨੂੰ ਲੋਰੀ ਦੇਵੇ
ਦਾਦੀ ਕਰਮਾਂ ਵਾਲੀ ਹੋ,
ਭਾਗਾਂ ਵਾਲਾ ਪੁੱਤਰ ਹੋਵੇਂ
ਦੇਸ਼ ਦੀ ਕਰੀਂ ਰਖਵਾਲੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ,। ਹੋ, ਹੋ ਹੋ!!

ਭਗਤ ਸਿੰਘ ਨੂੰ ਲੋਰੀ ਦੇਵੇ
ਮਾਂ, ਵਿੱਦਿਆ ਵਤੀ ਪਿਆਰੀ ਹੋ,
ਵੱਡਾ ਹੋਵੇ, ਜੁਗ ਜੁਗ ਜੀਵੇਂ
ਗੱਲ ਤੂੰ ਕਰੀਂ ਨਿਆਰੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ,। ਹੋ, ਹੋ ਹੋ!!

ਭਗਤ ਸਿੰਘ ਨੂੰ ਲੋਰੀ ਦੇਵੇ
ਭੈਣ ਅਮਰ ਕੁਰ ਸਿਆਣੀ ਹੋ,
ਖੱਟ ਕੇ ਦੇਵੀਂ ਦੇਸ਼ ਆਜ਼ਾਦੀ
ਲੈ ਮਿੱਤਰਾਂ ਦੀ ਢਾਣੀ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ,। ਹੋ, ਹੋ ਹੋ!!

ਭਗਤ ਸਿੰਘ ਨੂੰ ਲੋਰੀ ਦੇਵੇ
ਕਿਸ਼ਨ ਸਿੰਘ ਪਿਓ ਪਿਆਰਾ ਹੋ,
ਨਾਂ ਤੇਰਾ ਰੌਸ਼ਨ ਹੋ ਚਮਕੇ
ਜਿਉਂ ਅੰਬਰ ਤੇ ਤਾਰਾ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ,। ਹੋ, ਹੋ ਹੋ!!

ਭਗਤ ਸਿੰਘ ਨੂੰ ਲੋਰੀ ਦੇਵੇ
ਚਾਚਾ ਕੈਦੀ ਹੋਇਆ ਹੋ,
ਰੱਖੀਂ ਲਾਜ ਹਿੰਦ ਦੀ ਸ਼ੇਰਾ
ਦੇਸ਼ ਰਹੇ ਨਾ ਸੋਇਆ ਹੋ।
ਝੂਟੇ ਮਾਈਏ, ਦੇਸ਼ ਜਗਾਈਏ,
ਹੋ, ਹੋ,। ਹੋ, ਹੋ ਹੋ!!

## ਰੁੱਖਾਂ ਦਾ ਗੀਤ

ਸਾਡੇ ਤਾਂ ਪਿੰਡ ਬੂਟਾ
ਉੱਗਿਆ ਹੈ ਅੰਬ ਦਾ,
ਮਿੱਠਾ ਫਲ ਚੂਸ ਕੇ ਇਸਦਾ
ਰਾਹੀ ਹਰ ਲੰਘਦਾ।

ਗਰਮੀ ਤੋਂ ਖਹਿੜਾ ਛੁੱਟੂ
ਅੰਬਰ ਤੇ ਕਾਲੀ ਘਟਾ
ਛਾ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਖਿੜਿਆ ਅਨਾਰ ਦਾ,
ਉੱਚਾ ਤੇ ਸੁੱਚਾ ਰਿਸ਼ਤਾ
ਹੁੰਦਾ ਹੈ ਪਿਆਰ ਦਾ।

ਖੇੜਾ ਤੇ ਖੁਸ਼ੀਆਂ ਲੈ ਕੇ
ਵਰਖਾ ਦੀ ਰੁੱਤ ਬੇਲੀਆ
ਆ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਖੜਿਆ ਹੈ ਟਾਹਲੀ ਦਾ,
ਫੁੱਲਾਂ ਨੂੰ ਪੈਦਾ ਕਰਨਾ
ਕੰਮ ਹੈ ਮਾਲੀ ਦਾ।

ਕਿਰਨਾਂ ਦਾ ਭੱਤਾ ਲੈ ਕੇ
ਚਾਂਦੀ ਦੀ ਧੁੱਪ ਹਾਣੀਆਂ
ਧਾ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਸਜਦਾ ਹੈ ਪਿੱਪਲੀ ਦਾ,
ਨੱਚਦੇ ਨੇ ਬੱਚੇ ਰਲਕੇ
ਘੇਰਾ ਪਾ ਕਿੱਕਲੀ ਦਾ।

ਪੀਂਘਾਂ ਪਾ ਝੂਟ ਲਵਾਂਗੇ
ਸਾਵਣ ਦੀ ਰੁੱਤ ਸੁਹਣਿਆ
ਨਸ਼ਿਆ ਹੀ ਗਈ।

ਸਾਡੇ ਤਾਂ ਪਿੰਡ ਬੂਟਾ
ਲੱਗਿਆ ਹੈ ਜਾਮਣ ਦਾ,
ਰੁੱਖਾਂ ਦੇ ਨਾਲ ਹੀ ਮਿਲਦਾ
ਸਾਨੂੰ ਸੁੱਖ ਮਾਨਣ ਦਾ।

ਘਟਾ ਜੋ ਚੜ੍ਹੀ ਅੰਬਰੀਂ
ਵਰਖਾ ਦੀ ਛਹਿਬਰ
ਲਾ ਹੀ ਗਈ॥

## ਚੰਡੀਗੜ੍ਹ ਬਾਰੇ ਬੋਲੀਆਂ

ਮੇਰੇ ਵੀਰ ਦੀ ਚੰਡੀਗੜ੍ਹ ਕੋਠੀ
ਆਪ ਜੱਜ ਹਾਈਕੋਰਟ ਦਾ।

ਚੰਡੀਗੜ੍ਹ ਦੀਆਂ ਖੁੱਲ੍ਹੀਆਂ ਸੜਕਾਂ
ਸੁਹਣੇ ਸੁਹਣੇ ਰੁੱਖ ਨੇ ਖੜੇ।

ਰਾਕ-ਗਾਰਡਨ ਚੰਡੀਗੜ੍ਹ ਬਣਿਆ
ਜੱਗ ਵਿਚ ਧੁੰਮਾਂ ਪੈ ਗਈਆਂ।

ਕੋਠੀ ਪਾ ਕੇ ਚੰਡੀਗੜ੍ਹ ਲੱਖ ਦੀ
ਪਿੰਡ ਆਉਣਾ ਭੁੱਲ ਹੀ ਗਿਆ।

ਚੰਡੀਗੜ੍ਹ ਦਾ ਸਤਾਰਾਂ ਸੈਕਟਰ
ਧੁੱਪ ਵਾਂਗੂੰ ਨਿੱਤ ਖਿੜਦਾ।

ਨਵਾਂ ਸ਼ਹਿਰ ਚੰਡੀਗੜ੍ਹ ਜੱਗ ਤੇ
ਪਿੰਡਾਂ ਵਿਚ ਗੱਲਾਂ ਹੁੰਦੀਆਂ।

ਚੰਡੀਗੜ੍ਹ 'ਚ ਸਿਪਾਹੀ ਚੈੱਕ ਕਰਦੇ
ਬੱਤੀਆਂ ਨੂੰ ਵੇਖਕੇ ਲੰਘੀ।

ਸੁਹਣਾ ਸ਼ਹਿਰ ਚੰਡੀਗੜ੍ਹ ਆਖੇ
ਦੋ ਟੁੱਕ ਨਾ ਕਰੀਂ ਸਰਕਾਰੇ॥

## ਘੁੱਗੀਏ ਨੀਂ

ਘੁੱਗੀਏ ਨੀਂ ਤੂੰ
ਸਾਡੇ ਵਿਹੜੇ ਦੇ ਰੁੱਖਾਂ ਤੋਂ
ਡਰ ਡਰ ਕੇ ਨਾ ਏਦਾਂ ਜਾ।

ਤੇਰੇ ਬਾਝੋਂ ਏਥੇ ਸਾਡੇ
ਕੌਣ ਅਮਨ ਦਾ ਗੀਤ ਗਾਏਗਾ?
ਕਾਲੀ ਰੁੱਤ ਜੋ ਪਸਰ ਗਈ ਏ
ਕਿਰਨਾਂ ਦੀ ਗੱਲ ਕੌਣ ਕਰੇਗਾ?
ਤੱਤੀਆਂ ਤੇਜ਼ ਹਵਾਵਾਂ ਅੱਗੇ
ਕਿਹੜਾ ਹਿਕੜੀ ਤਾਣ ਉਡੇਗਾ?
ਪੌਣਾਂ ਵਿਚੋਂ ਡੰਗ ਜ਼ਹਿਰੀਲੇ
ਕੌਣ ਕੀਲ ਕੇ ਬਾਤ ਕਰੇਗਾ?
ਘੁੱਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ।

ਕਾਲੇ ਕਾਂਵਾਂ ਦੀ ਬਦਨੀਤੀ
ਸਾਡੇ ਘਰਾਂ ਨੂੰ ਖੇਰੂੰ ਕਰ ਗਈ
ਤੇ ਟਹਿਣਾਂ ਦੀ ਕੂਲੀ ਕੁੰਬਲ
ਹੌਂਦ ਤੇਰੀ ਬਿਲ ਸੁੰਨੀ ਹੋਈ
ਲੋਚੇ ਤੇਰੀ ਪਿਆਰ ਅਦਾ।
ਘੁੱਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ!

ਵਰ੍ਹਦੇ ਪਏ ਬਰੂਦਾਂ ਅੱਗੇ
ਮੁੜ ਸੰਤਾਪੇ ਜਾਣ ਕੇ ਮੁੜਕੇ
ਹੀਰੋਸ਼ੀਮਾ-ਨਾਗਾਸਾਕੀ
ਹੱਥ ਗੁਲੇਲੇ, ਕਹਿਰੀ ਨਜ਼ਰਾਂ
ਕੂੜ ਨਿਖੁੱਟੇ, ਜਿੱਤ ਹੋਏਗੀ
ਧਰਤ ਸੁਹਾਵੀ ਰੱਖਣ ਖਾਤਰ
ਤੀਲਾ ਤੀਲਾ ਲੈ ਕੇ ਆ।
ਘੁਗੀਏ ਨੀਂ ਤੂੰ
ਡਰ ਡਰ ਕੇ ਨਾ ਏਦਾਂ ਜਾ
ਮੁੜ ਅਮਨਾਂ ਦਾ ਗੀਤ ਸੁਣਾ!!

## ਮੇਰੇ ਪਿੰਡ ਦੇ ਰੁੱਖ

ਆਉਂਦੀਆਂ ਨੇ ਯਾਦ ਟਾਹਲੀਆਂ ਤੇ ਕਿੱਕਰਾਂ,
ਗੱਲਾਂ ਜਿੱਥੇ ਕੀਤੀਆਂ ਸੀ ਨਾਲ ਮਿੱਤਰਾਂ।

ਜੰਡ ਤੇ ਕਰੀਰਾਂ ਥੱਲੇ ਮੱਝਾਂ ਚਾਰੀਆਂ,
ਨਦੀਆਂ 'ਚ ਕੁੱਦੇ ਨਾਲੇ ਲਾਈਆਂ ਤਾਰੀਆਂ।

ਜਾਮਣਾਂ, ਜਮੋਏ, ਗੋਲਾਂ ਖਾਈਆਂ ਮਿੱਠੀਆਂ,
ਖਿਰਨੀਆਂ, ਖਜੂਰਾਂ ਮੁੜ ਨਹੀਓਂ ਡਿੱਠੀਆਂ।

ਚੂਪਦੇ ਸੀ ਅੰਬ ਮਿੱਠੇ ਰੱਜ ਰੱਜ ਕੇ,
ਭਰਦੇ ਸੀ ਪੱਲੇ ਹੱਥੀਂ ਭੱਜ ਭੱਜ ਕੇ।

ਖਾਂਦੇ ਸੀ ਸ਼ਹਿਤੂਤ ਪੱਕੇ ਨਾਭੀ ਰੰਗ ਦੇ,
ਚੋਰੀ ਚੋਰੀ ਬੇਰ ਤੋੜਦੇ ਨਾ ਸੰਗਦੇ।

ਫੁੱਲ ਸੀ ਸਰੀਂਹ ਦੇ ਚੌਰੀ ਵਾਂਗ ਲਗਦੇ,
ਸੁਆਂਜਣੇ ਦੇ ਫੁੱਲ ਗੁੱਛੇ ਵਾਹਵਾ ਫਬਦੇ।

ਨਿੰਮ ਦੀਆਂ ਟਾਹਣੀਆਂ ਤੇ ਬੋਲ ਹੇਕਾਂ ਦੇ,
ਆਉਂਦੇ ਰੁੱਖ ਯਾਦ ਅਤੇ ਫੁੱਲ ਡੇਕਾਂ ਦੇ।

ਪਿਪਲਾਂ ਤੇ ਬੋਹੜਾਂ ਦੀਆਂ ਛਾਵਾਂ ਠੰਢੀਆਂ,
ਸਾਂਝੇ ਸਭਿਆਚਾਰ ਨੂੰ ਨਾ ਪੈਣ ਵੰਡੀਆਂ।

ਲਾ ਕੇ ਤ੍ਰਿਵੈਣੀ ਥਾਂਵਾਂ ਨੂੰ ਸ਼ਿੰਗਾਰੀਏ,
ਰੰਗਲਾ ਪੰਜਾਬ ਮੁੜਕੇ ਸੁਆਰੀਏ।

ਆਉਂਦੀਆਂ ਨੇ ਯਾਦ ਟਾਹਲੀਆਂ ਤੇ ਕਿੱਕਰਾਂ,
ਗੱਲਾਂ ਜਿੱਥੇ ਕੀਤੀਆਂ ਸੀ ਨਾਲ ਮਿੱਤਰਾਂ॥

## ਬਾਬਾ ਨਾਨਕ

ਇਕ ਓਂਕਾਰੀ ਬਾਬਾ ਨਾਨਕ
ਧੰਨ ਨਿਰੰਕਾਰੀ ਬਾਬਾ ਨਾਨਕ
ਧੁੰਦ ਮਿਟੀ ਕਣ ਕਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ।

ਸਭ ਦਾ ਸਾਂਝਾ ਬਾਬਾ ਨਾਨਕ
ਦਰਦਵੰਦਾਂ ਦਾ ਬਾਬਾ ਨਾਨਕ
ਕੂੜ ਮਿਟਾਵਣ ਜੱਗ ਵਿਚ ਧਾਇਆ
ਕਲਿ ਤਾਰਨ ਸੀ ਨਾਨਕ ਆਇਆ।

ਮਹਾਂ ਕਵੀ ਤੂੰ ਬਾਬਾ ਨਾਨਕ
ਯੁੱਗ-ਚੇਤਨਾ ਬਾਬਾ ਨਾਨਕ
ਪ੍ਰਭ ਦੀ ਉਸਤਤ ਨੂੰ ਤੂੰ ਗਾਇਆ
ਕਲਿ ਤਾਰਨ ਸੀ ਨਾਨਕ ਆਇਆ।

ਅਣਥੱਕ ਪਾਂਧੀ ਬਾਬਾ ਨਾਨਕ
ਉਚਰੈ 'ਜਪੁਜੀ' ਬਾਬਾ ਨਾਨਕ
ਕਿਰਤੀ ਲਾਲੋ ਗਲ ਨਾਲ ਲਾਇਆ
ਕਲਿ ਤਾਰਨ ਸੀ ਨਾਨਕ ਆਇਆ।

ਧਰਮ ਦਾ ਰਾਖਾ ਬਾਬਾ ਨਾਨਕ
ਨਿਰਭੈ, ਨਿੱਡਰ ਬਾਬਾ ਨਾਨਕ
ਸੱਚ ਦਾ ਮਾਰਗ ਚੱਲ ਵਿਖਾਇਆ
ਕਲਿ ਤਾਰਨ ਸੀ ਨਾਨਕ ਆਇਆ।

ਅਮਰ ਸਦੀਵੀ ਬਾਬਾ ਨਾਨਕ
ਪਰਮ ਪਿਆਰਾ ਬਾਬਾ ਨਾਨਕ
ਕੌਮ ਦਾ ਰਹਿਬਰ ਬਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ।

ਊਚ-ਨੀਚ ਦਾ ਬਾਬਾ ਨਾਨਕ
ਲੋਕ ਹਿਤੈਸ਼ੀ ਬਾਬਾ ਨਾਨਕ
ਅੱਲਾ, ਇਸ਼ਵਰ ਸਭ ਲਈ ਗਾਇਆ
ਕਲਿ ਤਾਰਨ ਸੀ ਨਾਨਕ ਆਇਆ।

ਇਕ ਓਂਕਾਰੀ ਬਾਬਾ ਨਾਨਕ
ਧੰਨ ਨਿਰੰਕਾਰੀ ਬਾਬਾ ਨਾਨਕ
ਧੁੰਦ ਮਿਟੀ ਕਣ ਕਣ ਰੁਸ਼ਨਾਇਆ
ਕਲਿ ਤਾਰਨ ਸੀ ਨਾਨਕ ਆਇਆ॥

## ਨਵੇਂ ਸਵੇਰੇ ਦਾ ਸੁਨੇਹਾ

(ਸਕੂਲ ਤੋਂ ਅਲਵਿਦਾ ਹੁੰਦੇ ਵਿਦਿਆਰਥੀ ਲਈ)

ਇਕ ਪੜਾਅ ਤੁਸੀਂ ਪੂਰਾ ਕਰਕੇ
ਹੋਰ ਅਗੇਰੇ ਚੱਲੇ ਹੋ,
ਸ਼ਾਲਾ! ਹੋਵਣ ਪੰਧ ਤੁਹਾਡੇ
ਖੁਸ਼ਬੋਈਆਂ ਨੇ ਮੱਲੇ ਹੋ।

ਲੈ ਚਾਨਣ ਦੀ ਕਲਮ ਸੁਨਹਿਰੀ
ਲਿਖਣੇ ਗੀਤ ਪਿਆਰੇ ਹੋ,
ਦਰਿਆਵਾਂ ਦੇ ਪਾਣੀਆਂ ਵਾਂਗੂੰ
ਤੁਰਦੇ ਰਹਿਣਾ ਸਾਰਿਆਂ ਹੋ।

ਵਿੱਦਿਆ ਦੀ ਪੌੜੀ ਦੇ ਉੱਤੇ
ਨਾਲ ਮਿਹਨਤਾਂ ਚੜ੍ਹਨਾ ਹੋ,
ਜੀਵਨ ਦੀ ਹਰ ਔਕੜ ਅੱਗੇ
ਨਾਲ ਦਲੇਰੀ ਲੜਨਾ ਹੋ।

ਗੁਰੂਆਂ ਦਾ ਸਤਿਕਾਰ ਕਰੇ ਜੋ
ਸਭ ਨੂੰ ਲਗਦਾ ਪਿਆਰਾ ਹੋ,
ਨਿੱਕਿਆਂ ਦੇ ਸੰਗ ਮਿੱਠਾ ਬੋਲੇ
ਉਹੀਓ ਬਾਲ ਦੁਲਾਰਾ ਹੋ।

ਵਿੱਦਿਆ ਦੇ ਮੰਦਰ 'ਚੋਂ ਸਿੱਖੇ
ਸੱਚੋ ਸੱਚ ਹੀ ਕਹਿਣਾ ਹੋ,
ਸਭ ਤੋਂ ਚੰਗਾ ਤੇ ਵਡਮੁੱਲਾ
ਵਿੱਦਿਆ ਦਾ ਹੀ ਗਹਿਣਾ ਹੋ।

ਯਾਦਾਂ ਦੀ ਫੁਲਕਾਰੀ ਉੱਤੇ
ਫੁੱਲ ਗੁਣਾਂ ਦੇ ਪਾਉਣੇ ਹੋ,
ਜਗ ਵਿਚ ਸੋਭਾ ਖੱਟਣ ਖਾਤਰ
ਨਾਂ ਆਪਣੇ ਚਮਕਾਉਣੇ ਹੋ।

ਦੇਸ਼ ਕੌਮ ਦੇ ਲੇਖੇ ਲਾਉਣੀ
ਰੁੱਤ ਜੁਆਨ ਸੁਹਾਣੀ ਹੋ,
ਨਵਾਂ ਸਵੇਰਾ ਹਾਕਾਂ ਮਾਰੇ
ਲੰਘੀ ਰੁੱਤ ਪੁਰਾਣੀ ਹੋ॥

* * * *

# ਗੀਤਾਂ ਦੇ ਘੁੰਗਰੂ

## ਸ਼ੁਭ-ਇੱਛਾਂਵਾਂ

ਸੂਰਜ ਚੜ੍ਹਦਾ ਰਹੇ,
ਦਰਿਆ ਵਗਦਾ ਰਹੇ।

ਧਰਤ ਪਿਆਰੀ ਲਗੇ,
ਜਿੰਦ ਸੁਹਣੀ ਸਜੇ।

ਫੁੱਲ ਖਿੜਦੇ ਰਹਿਣ,
ਗੀਤ ਬਣਦੇ ਰਹਿਣ।

ਬੱਚੇ ਹਸਦੇ ਰਹਿਣ,
ਘਰ ਵਸਦੇ ਰਹਿਣ।

ਬਿਰਛ ਸਾਵੇ ਰਹਿਣ,
ਪੌਣਾਂ ਗੱਲਾਂ ਕਹਿਣ।

ਪੰਛੀ ਉੱਡਣ ਬਹਿਣ,
ਰਾਹੀ ਤੁਰਦੇ ਰਹਿਣ।

ਖੇਤੀਂ ਫ਼ਸਲਾਂ ਉਗਣ,
ਦਿਲ ਪ੍ਰੀਤਾਂ ਪੁਗਣ।

ਹੱਥ ਕੰਡੇ ਚੁਗਣ,
ਪੈਰੀਂ ਤਾਲ ਉੱਠਣ।

ਧੁੱਪਾਂ ਚੰਗੀਆਂ ਲਗਣ,
ਛਾਂਵਾਂ ਠੰਢੀਆਂ ਸਜਣ।

ਮੱਥੇ ਦੀਵੇ ਜਗਣ,
ਜਸ਼ਨ ਵਿਹੜੇ ਸਜਣ।

## ਨਵੇਂ ਸਾਲ ਦਾ ਸੱਜਰਾ ਸੂਰਜ

ਨਵੇਂ ਸਾਲ ਦੇ ਸੂਰਜ ਦੀਆਂ
ਆਓ ਕਿਰਨਾਂ ਹੱਥੀਂ ਫੜੀਏ,
ਦਿਲ-ਸਾਗਰ ਵਿੱਚ ਲੈ ਉਮੰਗਾਂ
ਸੁਹਣੇ-ਸੁਹਣੇ ਸੁਪਨੇ ਘੜੀਏ।

ਨਵੇਂ ਸਾਲ ਦੀ ਨਿੱਘੀ ਧੁੱਪ ਦਾ
ਰੀਝਾਂ ਸੰਗ ਸੁਆਗਤ ਕਰੀਏ,
ਫੁੱਲਾਂ ਵਾਂਗੂ ਖਿੜ ਕੇ ਸੱਜਰੇ
ਵਿਹੜਿਆਂ ਦੇ ਵਿੱਚ ਮਹਿਕਾਂ ਭਰੀਏ।

ਨਵੇਂ ਸਾਲ ਦੀ ਪੌਣ ਸੰਦਲੀ
ਧਰਤ ਸੁਹਾਵੀ ਉੱਤੇ ਰੁਮਕੇ,
ਸਾਵੇ ਪੱਤਰ ਸ਼ਗਨ ਮਨਾਵਣ
ਤ੍ਰੇਲ ਦੇ ਪਾ ਕੇ ਕੰਨੀਂ ਝੁਮਕੇ।

ਨਵੇਂ ਸਾਲ ਦਾ ਸੱਜਰਾ ਸੂਰਜ
ਸੁੱਖਾਂ-ਸਧਰਾਂ ਲੈ ਕੇ ਆਵੇ,
ਪਿੰਡ, ਨਗਰ ਤੇ ਸ਼ਹਿਰਾਂ ਤਾਈਂ
ਸਭ ਥੀਂ ਚਾਨਣ ਵੰਡ ਰੁਸ਼ਨਾਵੇ।

ਨਵੇਂ ਸਾਲ ਦੀ ਆਮਦ ਉੱਤੇ
ਦਿਲ 'ਚੋਂ ਰੋਸੇ-ਸ਼ਿਕਵੇ ਛੰਡੀਏ,
ਭਰ-ਭਰ ਘੁੱਟ ਮੁਹੱਬਤ ਵਾਲੇ
ਸ਼ੁਭ-ਇੱਛਾਂਵਾਂ 'ਦਾਊਂ' ਵੰਡੀਏ।

## ਧਰਤੀ ਰੰਗਾਂ ਦੀ ਫੁਲਕਾਰੀ

ਧਰਤੀ ਸਾਡੀ ਮਾਂ,
ਸਭ ਲਈ ਨਿੱਘੀ ਥਾਂ।

ਕਿੰਨਾ ਇਸ ਦਾ ਸਬਰ,
ਸਹਿੰਦੀ ਕਿੰਨਾ ਜਬਰ।

ਖਿੜਦੇ ਇਸ 'ਤੇ ਫੁੱਲ
ਕਿਹੜਾ ਇਸ ਦੇ ਤੁੱਲ।

ਉਪਜਾਏ ਫ਼ਲ ਤੇ ਫ਼ਸਲਾਂ।
ਜਨਮੇ ਕਿੰਨੀਆਂ ਨਸਲਾਂ।

ਇਸ ਦੇ ਉੱਚੇ ਪਰਬਤ,
ਸੋਹੇ ਕਿੰਨੀ ਬਨਸਪਤ।

ਵਗਣ ਨਦੀਆਂ, ਦਰਿਆ,
ਕਿਤੇ ਜੰਗਲ ਹਰਾ-ਭਰਾ।

ਹੈ ਰੰਗਾਂ ਦੀ ਫੁਲਕਾਰੀ,
ਜਾਵਾਂ ਮੈਂ ਬਲਿਹਾਰੀ

ਪੂਰਬ, ਪੱਛਮ, ਉੱਤਰ, ਦੱਖਣ।
ਮਾਂ ਲੋਚੇ, ਪੁੱਤ ਸੁਖੀ ਵੱਸਣ।

## ਚਿੜੀਆਂ

ਵਿਹੜੇ ਦੇ ਵਿੱਚ ਆਈਆਂ ਚਿੜੀਆਂ,
ਮੈਂ ਚਿੜੀਆਂ ਨੂੰ ਚੋਗਾ ਪਾਵਾਂ।

ਚੀਂ-ਚੀਂ ਕਰਦੀਆਂ ਚਿੜੀਆਂ ਤੱਕ ਕੇ
ਮੈਂ ਵੀ ਗੀਤ ਖ਼ੁਸ਼ੀ ਦੇ ਗਾਵਾਂ।

ਇੱਕ-ਇੱਕ ਦਾਣਾ ਚੁਗਦੀਆਂ ਚਿੜੀਆਂ,
ਕਿੰਨੀਆਂ ਪਿਆਰੀਆਂ ਪਿਆਰੀਆਂ ਲੱਗਣ।

ਅੱਖਾਂ ਨਿੱਕੀਆਂ, ਚੁੰਝਾਂ ਤਿੱਖੀਆਂ,
ਸੁਹਣੇ ਖੰਭ ਇਹਨਾਂ ਦੇ ਫੱਬਣ।

ਨਾਲ ਖ਼ੁਸ਼ੀ ਦੇ ਦਾਣੇ ਚੁਗ ਕੇ,
ਮਿੱਟੀ ਦੇ ਨਾਲ ਲੱਗੀਆਂ ਨਾਵਣ।

ਮਾਰ ਉਡਾਰੀ ਖੰਭ ਝਾੜ ਕੇ,
ਵਿਹੜੇ ਵਿਚੋਂ ਉੱਡ-ਪੁੱਡ ਜਾਵਣ।

## ਮਿੱਟੀ ਵਾਲਾ ਘਰ

ਆਓ ਨੀ ਸਹੇਲੀਓ,
ਮਿੱਟੀ ਨਾਲ ਖੇਡੀਏ।

ਗਿੱਲੀ-ਗਿੱਲੀ, ਠੰਢੀ-ਠੰਢੀ,
ਮਿੱਟੀ ਪਿਆਰੀ ਲੱਗਦੀ।
ਖੇਡਣੇ ਨੂੰ ਮਿੱਟੀ ਸੱਚੀਂ,
ਬੜੀ ਔਖੀ ਲੱਭਦੀ।

ਆਓ ਨੀ ਸਹੇਲੀਓ,
ਬਹਿਜੋ ਨੰਗੇ ਪੈਰ ਕਰ।
ਮੈਲੇ ਪੈਰ ਹੋਣ ਦਾ ਨੀਂ,
ਸਾਨੂੰ ਹੁਣ ਕੋਈ ਡਰ।

ਮੰਮੀ ਮੇਰੀ ਆਂਹਦੀ ਰਹਿੰਦੀ,
ਮਿੱਟੀ ਸਦਾ ਸੁੱਚੀ ਹੁੰਦੀ।
ਲਿੱਪ ਕੇ ਰਸੋਈ ਸਾਡੀ,
ਮਿੱਟੀ ਥੀਂ ਸਵੱਛ ਹੁੰਦੀ।

ਆਓ ਨੀ ਸਹੇਲੀਓ,
ਘਰਾਂ ਦੇ ਬਣਾਈਏ ਦਰ।
ਦਰਾਂ ਤੋਂ ਬਗੈਰ ਦੱਸੋ,
ਕਿੱਦਾਂ ਸਾਡਾ ਜਾਊ ਸਰ।

ਪੈਰਾਂ ਉੱਤੇ ਮਿੱਟੀ ਥੱਪ,
ਘਰ ਮੈਂ ਬਣਾਵਾਂਗੀ,
ਸਾਂਭ ਕੇ, ਸੁਆਰ ਕੇ,
ਘਰ ਨੂੰ ਸਜਾਵਾਂਗੀ।

ਦੇਖੋ ਨੀ ਸਹੇਲੀਓ,
ਬਣ ਗਿਆ ਘਰ ਮੇਰਾ,
ਛੇਤੀ ਬਣੇ ਸਾਥਣੇ ਨੀ,
ਮੇਰਾ ਜਿਹਾ ਘਰ ਤੇਰਾ।

ਮਿੱਟੀ ਨਾਲ ਖੇਡਣੇ ਦਾ,
ਮਜ਼ਾ ਹੀ ਨਿਆਰਾ ਹੈ।
ਮਿੱਟੀ ਵਾਲਾ ਘਰ ਸਾਡਾ,
ਕਿੰਨਾ ਹੀ ਪਿਆਰਾ ਹੈ।

## ਸਾਡੇ ਸੁਪਨੇ

ਸਾਡੀ ਕਲਪਨਾ ਦੇ ਖੰਭ,
ਮਾਰਦੇ ਉਡਾਰੀਆਂ,
ਸਾਡੇ ਅੰਬਰਾਂ ਨੂੰ
ਸਾਡੇ ਹਾਣ ਦਾ ਕਰੋ।

ਬੜਾ ਲੰਘ ਗਿਆ ਸਮਾਂ
ਸਾਨੂੰ ਹੈ ਵਿਸਾਰ ਕੇ,
ਸਾਡੇ ਸੁਪਨਿਆਂ 'ਚ ਰੰਗ
ਸਾਡੀ ਪਸੰਦ ਦੇ ਭਰੋ।

ਸਾਡੇ ਕੂਲੇ-ਕੂਲੇ ਬੁੱਲ੍ਹ
ਸਾਡੇ ਹਿਰਦੇ ਸਵੱਛ,
ਸਾਡੇ ਮੋਢਿਆਂ ਤੇ ਐਵੇਂ
ਝੂਠੀ ਤਸੱਲੀ ਨਾ ਧਰੋ।

ਸਾਡੇ ਫੁੱਲਾਂ ਜਿਹੇ ਬੋਲ
ਮਹਿਕਾਂ ਵੰਡਦੇ ਚੁਫ਼ੇਰੇ,
ਸਾਡੇ ਚੱਪੂ ਸਾਨੂੰ ਕਹਿੰਦੇ
ਸਾਗਰ ਜੂਝਦੇ ਤਰੋ।

ਸਾਡੀ ਰੀਝ ਬੜੀ ਨਿੱਕੀ
ਸਾਡੀ ਨੀਝ ਬੜੀ ਤਿੱਖੀ,
ਅਸੀਂ ਦਈਏ ਇਹੋ ਹੋਕਾ
ਹਨੇਰਾ ਧਰਤ ਤੋਂ ਹਰੋ।

## ਮੇਰਾ ਪਤੰਗ

ਕਿੰਨਾ ਸੁਹਣਾ ਮੇਰਾ ਪਤੰਗ,
ਨੀਲਾ-ਪੀਲਾ ਇਸ ਦਾ ਰੰਗ।
ਇਸ ਦੀ ਆੜੀ ਬੱਦਲਾਂ ਸੰਗ,
ਵੇਖਣ ਵਾਲੇ ਹੋਵਣ ਦੰਗ।

ਉੱਚਾ-ਉੱਚਾ ਉੱਡਦਾ ਜਾਵੇ,
ਦੇਖੋ ਕਿੰਨੇ ਵਲ ਇਹ ਖਾਵੇ।
ਅੰਬਰ ਦੇ ਵਿੱਚ ਤਾਰੀ ਲਾਵੇ,
ਪੰਛੀ ਉੱਡਦਾ ਜਿਵੇਂ ਗਾਵੇ।

ਔਹ ਬੱਦਲਾਂ ਨੂੰ ਕਰ ਗਿਆ ਪਾਰ,
ਤੱਕ-ਤੱਕ ਕਹਿੰਦੇ ਮੇਰੇ ਯਾਰ।
ਜਿਉਂ-ਜਿਉਂ ਖਿੱਚਾਂ ਇਸ ਦੀ ਤਾਰ,
ਉੱਚਾ ਚੜ੍ਹੇ ਪਲਾਕੀ ਮਾਰ।

ਹੱਥੋਂ ਮੁੱਕਣ ਲੱਗੀ ਡੋਰ,
ਸਾਥੀ ਕਹਿੰਦੇ ਛੱਡ ਨਾ ਹੋਰ।
ਔਹ ਬੱਦਲਾਂ 'ਚ ਲੁਕ ਗਿਆ ਮੋਰ,
ਸਾਥੀ ਪਾਉਂਦੇ ਫਿਰਦੇ ਸ਼ੋਰ।

## ਵਰਖਾ ਦੀ ਰਿਮ-ਝਿਮ

ਰਿਮ-ਝਿਮ ਵਰਗਾ ਹੋਵੇਗੀ,
ਸਭ ਦੇ ਪਿੰਡੇ ਧੋਵੇਗੀ।

ਕਿਣ-ਮਿਣ ਚੰਗੀ ਲੱਗੇਗੀ,
ਗਰਮੀ ਇਥੋਂ ਭੱਜੇਗੀ।

ਮੌਸਮ ਠੰਢ ਵਰਤਾਏਗਾ,
ਹਰ ਕੋਈ ਖ਼ੁਸ਼ੀ ਮਨਾਏਗਾ।

ਰੁੱਖ, ਬੂਟੇ, ਫੁੱਲ ਟਹਿਕਣਗੇ,
ਬਾਗ਼ ਬਗੀਚੇ ਮਹਿਕਣਗੇ।

ਪੌਣ ਵੀ ਸ਼ੁੱਧ ਹੋ ਜਾਵੇਗੀ,
ਧਰਤੀ ਮੁੜ ਮੁਸਕਾਵੇਗੀ।

ਜੀਵ-ਜੰਤ ਸਭ ਗਾਵਣਗੇ,
ਆਪਣਾ ਰਾਗ ਸੁਣਾਵਣਗੇ।

ਵਰਖਾ ਵਿੱਚ ਨਹਾਵਾਂਗੇ,
ਨੱਚ-ਨੱਚ, ਟੱਪ-ਟੱਪ ਗਾਵਾਂਗੇ।

## ਚਿੱਤਰਾਂ ਨਾਲ ਗੱਲਾਂ

ਮੋਰਾਂ ਦੀਆਂ ਕੂਕਾਂ, ਪੈਲਾਂ
ਲੱਗਣ ਪਿਆਰੀਆਂ।

ਅੰਬਰਾਂ 'ਚ ਪਤੰਗ ਵੇਖੋ,
ਭਰਦੇ ਉਡਾਰੀਆਂ।

ਪੱਤਿਆਂ ਤੇ ਫੁੱਲਾਂ ਸੰਗ,
ਸਜਣ ਕਿਆਰੀਆਂ।

ਬੱਦਲਾਂ 'ਚ ਪੰਛੀਆਂ,
ਪੀਘਾਂ ਨੇ ਉਤਾਰੀਆਂ।

ਚੰਨ ਵੰਡੇ ਰਾਤੀਂ,
ਰਿਸ਼ਮਾਂ ਨਿਆਰੀਆਂ।

ਖੇਡਦੇ ਨੇ ਬੱਚੇ,
ਮਾਰਨ ਕਿਲਕਾਰੀਆਂ।

ਸਾਵੇ-ਸਾਵੇ ਪੱਤਰਾਂ,
ਪੌਣਾਂ ਨੇ ਨਿਖ਼ਾਰੀਆਂ।

ਹਲਟਾਂ ਦੇ ਪਾਣੀਆਂ,
ਰੌਣਕਾਂ ਖਿਲਾਰੀਆਂ।

ਆਲ੍ਹਣੇ 'ਚ ਬੋਟਾਂ,
ਟਹਿਣੀਆਂ ਸ਼ਿੰਗਾਰੀਆਂ।

ਚਿੱਤਰਾਂ ਦੇ ਨਾਲ,
ਗੱਲਾਂ ਲਿਖ ਮਾਰੀਆਂ।

## ਰੁੱਖਾਂ ਦੇ ਮੈਂ ਗਾਵਾਂ ਗੀਤ

ਸਾਵੇ ਸਾਵੇ ਸੁਹਣੇ ਰੁੱਖ,
ਦੇਣ ਅਸਾਨੂੰ ਕਿੰਨੇ ਸੁੱਖ।

ਸਭ ਨੂੰ ਦੇਵਣ ਠੰਢੀਆਂ ਛਾਵਾਂ,
ਜੀਅ ਚਾਹੇ ਥੱਲੇ ਸੌਂ ਜਾਵਾਂ।

ਫੁੱਲ-ਪੱਤੇ ਨੇ ਪਿਆਰੇ-ਪਿਆਰੇ,
ਵੱਖੋ-ਵੱਖਰੇ ਨਿਆਰੇ ਨਿਆਰੇ।

ਇੱਕੋ ਥਾਂ 'ਤੇ ਖੜ੍ਹੇ ਇਹ ਰਹਿਣ,
ਧੁੱਪ ਤੇ ਪਾਲਾ ਸਿਰ 'ਤੇ ਸਹਿਣ।

ਸੋਕਾ ਲੱਗੇ ਤਾਂ ਜਾਂਦੇ ਰੁੱਸ,
ਮੀਂਹ ਪਵੇ ਤਾਂ ਹੁੰਦੇ ਖ਼ੁਸ਼।

ਸਾਨੂੰ ਦੇਂਦੇ ਫ਼ਲ ਤੇ ਫੁੱਲ,
ਕਿਹੜਾ ਦਾਨੀ ਇਹਨਾਂ ਦੇ ਤੁੱਲ।

ਉੱਚੇ ਲੰਮੇ ਪਿਆਰੇ ਰੁੱਖ,
ਮੇਟਣ ਸਭਨਾਂ ਦੀ ਇਹ ਭੁੱਖ।

ਜੀਅ ਲੋਚੇ ਮੈਂ ਤੱਕੀ ਜਾਵਾਂ,
ਰੁੱਖਾਂ ਥੱਲੇ ਗੀਤ ਮੈਂ ਗਾਵਾਂ।

## ਪੱਤਿਆਂ ਦੀ ਰੇਲ

ਪਿੱਪਲੀ ਦੇ ਪੱਤੇ ਹਰੇ,
ਰੁੱਖ ਥੱਲੇ ਡਿੱਗੇ ਪਏ।

ਮੇਰਾ ਆੜੀ ਕੋਲ ਖੜ੍ਹਾ,
ਮੈਨੂੰ ਬਾਰ ਬਾਰ ਕਹੇ।

ਮੈਂ ਕਿਹਾ ਪੱਤਿਆਂ ਦੀ
ਆਓ ਬਣਾਈਏ ਰੇਲ,
ਕਿੰਨੀ ਸੁਹਣੀ ਲੱਗੇਗੀ।
ਵੇਖਿਓ ਸਾਡੀ ਖੇਲ।

ਪੱਤਾ ਪੱਤਾ ਜੋੜ ਅਸੀਂ
ਬਣਾਈ ਲੰਮੀ ਇੱਕ ਰੇਲ,
ਭੱਜਦੀ ਹੈ ਨਾਲ ਸਾਡੇ
ਬਿਨਾਂ ਕੋਲੇ, ਬਿਨਾਂ ਤੇਲ।

ਛੂ-ਛੂ,ਛੂ-ਛੂ
ਛੂ-ਛੂ,ਛੂ-ਛੂ
ਸਾਡੀ ਪੱਤਿਆਂ ਦੀ ਰੇਲ
ਭੱਜੀ ਜਾਂਦੀ ਬਿਨਾਂ ਤੇਲ।

## ਜੀਵਨ ਰੌਸ਼ਨ ਕਰੀਏ

ਆਓ ਰਿਸ਼ਮਾਂ ਬਣ ਕੇ ਖਿੰਡੀਏ
ਡਿਕ-ਡਿਕ ਸਾਰੇ ਕਰੀਏ ਹੋ,
ਫੁੱਲਾਂ ਵਾਂਗੂੰ ਖਿੜਦੇ ਰਹੀਏ
ਪੌਣੀਂ ਮਹਿਕਾਂ ਭਰੀਏ ਹੋ।

ਝਰਨੇ ਵਾਂਗੂੰ ਵਗਦੇ ਰਹੀਏ
ਹਰ ਔਕੜ ਨੂੰ ਤਰੀਏ ਹੋ,
ਸੁਹਣੇ ਸੁਹਣੇ ਸੁਪਨੇ ਲਈਏ
ਜੀਵਨ ਰੌਸ਼ਨ ਕਰੀਏ ਹੋ।

ਕੰਗੜੀ ਪਾ ਕੇ ਆਓ ਨੱਚੀਏ
ਗੀਤ ਵਤਨ ਦੇ ਗਾਈਏ ਹੋ,
ਧਰਤੀ ਮਾਂ ਦਾ ਆਦਰ ਕਰੀਏ
ਇਸ ਤੋਂ ਸਦਕੇ ਜਾਈਏ ਹੋ।

ਮਿਹਨਤ ਕਰ ਕੇ ਬੀਜ ਬੀਜੀਏ
ਫ਼ਲ ਉਸ ਦਾ ਫਿਰ ਖਾਈਏ ਹੋ,
ਵਿੱਦਿਆ ਦੀ ਪੌੜੀ 'ਤੇ ਚੜ੍ਹ ਕੇ
ਅੰਬਰਾਂ ਨੂੰ ਹੱਥ ਲਾਈਏ ਹੋ।

## ਕੀ ਕੀ ਚੰਗਾ ਲੱਗਦਾ

ਧੁੱਪ ਚੰਗੀ ਲੱਗਦੀ
ਛਾਂ ਚੰਗੀ ਲੱਗਦੀ,
ਠੰਢੀ ਠੰਢੀ ਵੱਗਦੀ
ਪੌਣ ਚੰਗੀ ਲੱਗਦੀ।

ਬੱਦਲ ਚੰਗੇ ਲੱਗਦੇ
ਪਹਾੜ ਚੰਗੇ ਲੱਗਦੇ,
ਪੰਛੀਆਂ ਦੀ ਡਾਰ
ਸਾਡੇ ਸਿਰਾਂ ਉੱਤੋਂ ਲੰਘਦੀ।

ਫੁੱਲ ਸੁਹਣੇ ਲੱਗਦੇ
ਰੁੱਖ ਸੁਹਣੇ ਲੱਗਦੇ,
ਮਿੱਠੀ-ਮਿੱਠੀ ਮਹਿਕ
ਸਾਡੇ ਸਾਹਾਂ ਥਾਈਂ ਲੰਘਦੀ।

ਘਰ ਸੁਹਣੇ ਲੱਗਦੇ
ਵਿਹੜੇ ਸੁਹਣੇ ਲੱਗਦੇ,
ਗੀਤ ਗਾਉਂਦੀ ਢਾਣੀ
ਵੇਖੋ ਬੱਚਿਆਂ ਦੀ ਲੰਘਦੀ।

ਚੰਨ ਚੰਗਾ ਲੱਗਦਾ
ਅਕਾਸ਼ ਚੰਗਾ ਲੱਗਦਾ,
ਸੁਣ-ਸੁਣ ਬਾਤਾਂ ਯਾਰੋ
ਰਾਤ ਚੰਗੀ ਲੰਘਦੀ।

ਨਦੀ ਚੰਗੀ ਲੱਗਦੀ
ਬੇੜੀ ਚੰਗੀ ਲੱਗਦੀ,
ਚੱਪੂਆਂ ਦੀ ਚੱਪ-ਚੱਪ
ਲਹਿਰਾਂ ਚੀਰ ਲੰਘਦੀ।

## ਰੰਗ-ਬਰੰਗੀ ਮੇਰੀ ਛਤਰੀ

ਵਰਖਾ ਵਰਸੇ ਕਿਣ-ਮਿਣ ਕਾਣੀ,
ਮੈਂ ਵੀ ਆਪਣੀ ਛਤਰੀ ਤਾਣੀ।

ਵਰਖਾ ਤੋਂ ਇਹ ਕਰੇ ਬਚਾਅ,
ਮੈਨੂੰ ਇਸ ਦਾ ਬੜਾ ਹੀ ਚਾਅ।

ਜਦੋਂ ਮੈਂ ਇਸ ਨੂੰ ਲੈਵਾਂ ਖੋਲ੍ਹ,
ਸਾਥੀ ਝੱਟ ਆ ਜਾਵਣ ਕੋਲ।

ਤਿਤਲੀ ਵਾਂਗੂੰ ਹੈ ਬਹੁ-ਰੰਗੀ,
ਆਖਣ ਮੇਰੇ ਸਾਥੀ ਸੰਗੀ।

ਹੱਥੀ ਇਸ ਦੀ ਜਿਊਂ ਫੁੱਲ,
ਬਟਨ ਦਬਾਇਆਂ ਜਾਂਦੀ ਖੁੱਲ੍ਹ।

ਤਾਰਾਂ ਇਸ ਦੀਆਂ ਖੁੱਲ੍ਹਣ ਇਕੱਠੀਆਂ,
ਕਦੇ ਨਾ ਟੁੱਟਣ ਏਨੀਆਂ ਪੱਕੀਆਂ।

ਧੁੱਪਾਂ ਤੋਂ ਵੀ ਦੇਂਦੀ ਸੁੱਖ,
ਛਾਂ ਕਰੇ ਜਿਉਂ ਸਾਵਾ ਰੁੱਖ।

ਮੈਨੂੰ ਹੈ ਇਹ ਬੜੀ ਪਿਆਰੀ,
ਜਿਉਂ ਫੁੱਲਾਂ ਦੀ ਸਿਰ 'ਤੇ ਖਾਰੀ।

ਛਤਰੀ ਵਾਂਗੂੰ ਛਾਂਵਾਂ ਕਰੀਏ,
ਇੱਕ ਦੂਜੇ ਦਾ ਦੁੱਖੜਾ ਹਰੀਏ।

## ਪੰਛੀ ਮੈਨੂੰ ਉੱਡਣਾ ਸਿਖਾ

ਪੰਛੀ-ਪੰਛੀ ਮੈਨੂੰ ਤੂੰ
ਉੱਡਣਾ ਸਿਖਾ,
ਨੀਲੇ-ਨੀਲੇ ਅੰਬਰਾਂ ਦੀ
ਤਾਰੀ ਤੂੰ ਲੁਆ।

ਕਿੰਨਾ ਸੁਹਣਾ ਲਗਦਾ ਤੂੰ
ਖੰਭ ਖੋਲ੍ਹਦਾ,
ਪੌਣਾਂ ਦੀ ਸਵਾਰੀ ਕਰ
ਆਪਾ ਤੋਲਦਾ।

ਤੇਰੀ ਤਿੱਖੀ ਚੁੰਝ ਲੱਗੇ
ਤੀਰ ਵਰਗੀ?
ਤੇਰੀ ਚੀਂ-ਚੀਂ ਨਾਲ
ਨਿੱਤ ਜਾਗੇ ਸਰਘੀ।

ਤੱਕਾਂ ਮੈਂ ਖੜੋਤਾ ਤੈਨੂੰ
ਉਡਾਰੀ ਭਰਦਾ,
ਬੱਦਲਾਂ ਦੇ ਨਾਲ ਜਾਪੇ,
ਗੱਲਾਂ ਕਰਦਾ।

ਦਾਣੇ ਮੈਂ ਖਿੰਡਾਏ ਵੇਖ
ਚੋਗਾ ਚੁਗ ਜਾ,
ਮਿੱਠਾ-ਮਿੱਠਾ ਮੈਨੂੰ ਆ ਕੇ
ਗੀਤ ਤੂੰ ਸੁਣਾ!!

## ਰੰਗ ਰੰਗੀਲੀ ਹੋਲੀ

ਰੰਗਾਂ ਦਾ ਤਿਉਹਾਰ
ਹੋਲੀ ਆਈ ਏ,
ਖਿੜ ਗਈ ਰੁੱਤ ਬਹਾਰ
ਹੋਲੀ ਆਈ ਏ।

ਆਓ ਖੇਡੀਏ ਹੋਲੀ ਰਲ ਕੇ
ਰੰਗ ਗੁਲਾਲ ਦੂਜਿਆਂ 'ਤੇ ਮਲ ਕੇ,
ਸਭਨਾਂ ਖ਼ੁਸ਼ੀ ਮਨਾਈ ਏ।

ਵੱਖੋ-ਵੱਖਰੇ ਰੰਗ ਘੋਲੀਏ
ਭਰ ਪਿਚਕਾਰੀ ਰੰਗ ਡੋਲ੍ਹੀਏ,
ਦੇਖੋ ਟੋਲੀ ਧਾਈ ਏ।

ਰੰਗਾਂ ਦੀ ਇਹ ਖੇਡ ਪਿਆਰੀ
ਦੇਵੇ ਸਭ ਨੂੰ ਖ਼ੁਸ਼ੀ ਨਿਆਰੀ,
ਹਾਣੀਆਂ ਧੂਮ ਮਚਾਈ ਏ।

ਭਿੰਨ-ਭੇਦ ਨੂੰ ਆਓ ਮਿਟਾਈਏ
ਰੰਗਾਂ ਵਾਂਗੂੰ ਘੁਲ-ਮਿਲ ਜਾਈਏ,
ਕਾਹਦੀ ਫੇਰ ਲੜਾਈ ਏ।

ਰੰਗ ਲਿਆਵਣ ਖ਼ੁਸ਼ੀਆਂ ਖੇੜੇ
ਮੁੱਕਣ ਸਾਡੇ ਝਗੜੇ-ਝੇੜੇ,
ਰੰਗਲਾ ਜਸ਼ਨ ਲਿਆਈ ਏ।
ਵਾਹਵਾ ਹੋਲੀ ਆਈ ਏ।

## ਗਿਆਨ ਦੀ ਪੌੜੀ

ਅਸੀਂ ਤਾਂ ਫੁੱਲ ਹਾਂ ਰੰਗ-ਬਰੰਗੇ,
ਸਦਾ ਲੋਚੀਏ ਬਣਨਾ ਚੰਗੇ।

ਅਸੀਂ ਤਾਂ ਸੁਹਣੇ ਸੁਪਨੇ ਲਈਏ,
ਵਾਂਗ ਪੰਛੀਆਂ ਉੱਡਦੇ ਰਹੀਏ।

ਅਸੀਂ ਤਾਂ ਪੌਣਾਂ ਵਾਂਗੂੰ ਵੱਗੀਏ,
ਸਾਂਝਾਂ ਪਾਈਏ ਮਿੱਤਰ ਲੱਗੀਏ।

ਅਸੀਂ ਤਾਂ ਸਾਵੇ ਪੱਤਰ ਬਣੀਏ,
ਦੂਜਿਆਂ 'ਤੇ ਛਤਰੀ ਬਣ ਤਣੀਏ।

ਅਸੀਂ ਤਾਂ ਮਿੱਠੜੇ ਬੋਲ ਸੁਣਾਈਏ,
ਮੰਦੜੇ ਬੋਲ ਨੂੰ ਦੂਰ ਭਜਾਈਏ।

ਅਸੀਂ ਤਾਂ ਚਾਨਣ ਝੋਲੀ ਪਾਈਏ,
ਮਿਲ ਕੇ ਨੱਚੀਏ, ਟੱਪੀਏ, ਗਾਈਏ।

ਅਸੀਂ ਤਾਂ ਮੱਥੇ ਦੀਪ ਜਗਾਈਏ,
ਗਿਆਨ ਦੀ ਪੌੜੀ ਚੜ੍ਹਦੇ ਜਾਈਏ।

## ਸਾਡਾ ਬਚਪਨ

ਅਸੀਂ ਹਾਂ ਨਿੱਕੜੇ-ਨਿੱਕੜੇ ਬਾਲ,
ਮਾਰੀਏ ਚਾਂਗਾਂ ਖ਼ੁਸ਼ੀਆਂ ਨਾਲ।

ਅਸੀਂ ਜਦੋਂ ਵੀ ਇਕੱਠੇ ਹੋਈਏ,
ਕਦੇ ਦੌੜੀਏ, ਕਦੇ ਖੜ੍ਹੋਈਏ।

ਸਾਨੂੰ ਖੇਡ ਪਿਆਰੀ ਲੱਗੇ,
ਖੇਡਣ ਲਈ ਝੱਟ ਆਈਏ ਭੱਜੇ।

ਕਦੇ-ਕਦੇ ਸਾਡੀ ਹੋਏ ਲੜਾਈ,
ਮੁੜ ਹੋ ਜਾਂਦੀ ਮੰਨ-ਮਨਾਈ।

ਜੋਟੀਆਂ ਬੰਨ੍ਹ ਕੇ ਗਾਈਏ ਗੀਤ,
ਅਸੀਂ ਹਾਂ ਆੜੀ, ਅਸੀਂ ਹਾਂ ਮੀਤ।

ਸਾਨੂੰ ਪੰਛੀ ਚੰਗੇ ਲਗਦੇ,
ਤਿਤਲੀਆਂ ਪਿੱਛੇ ਰਹੀਏ ਭੱਜਦੇ।

ਸੁਪਨੇ ਸਾਡੇ ਭਰਨ ਉਡਾਰੀ,
ਲੋਚੀਏ ਅੰਬਰੀਂ ਲਾਉਣੀ ਤਾਰੀ।

ਪਾਣੀ ਨਾਲ ਕਲੋਲਾਂ ਕਰੀਏ,
ਛਿੱਟਮ-ਛਿੱਟੀ ਪੱਲੇ ਭਰੀਏ।

ਫੁੱਲ ਅਸਾਨੂੰ ਪਿਆਰੇ ਲੱਗਣ,
ਰੰਗ-ਬਰੰਗੇ ਵਾਹਵਾ ਫੱਬਣ।

ਚੰਗਾ ਲੱਗੇ ਖਿੜ-ਖਿੜ ਹੱਸਣਾ,
ਨੱਚਣਾ, ਟੱਪਣਾ, ਉੱਠਣਾ, ਨੱਸਣਾ।

ਸਾਡਾ ਬਚਪਨ ਕੋਲ ਰਹਿਣ ਦਿਓ,
ਸੱਚੀ-ਸੱਚੀ ਗੱਲ ਕਹਿਣ ਦਿਓ।

## ਧੁੱਪ ਪੱਲਿਆਂ 'ਚ ਪਾਈਏ

ਆਓ ਠੰਢ ਨੂੰ ਭਜਾਈਏ,
ਧੁੱਪ ਪੱਲਿਆਂ 'ਚ ਪਾਈਏ।

ਸਾਡੇ ਠਰਦੇ ਨੇ ਹੱਥ,
ਅਸੀਂ ਆਖਦੇ ਹਾਂ ਸੱਚ।
ਧੂਣੀ ਬਾਲ ਕੇ ਮਘਾਈਏ,
ਆਓ ਠੰਢ ਨੂੰ ਭਜਾਈਏ।

ਧੁੱਪ ਸੂਰਜੇ ਦੀ ਜਾਈ,
ਤੱਕ ਧਰਤ ਰੁਸ਼ਨਾਈ।
ਸਾਡੇ ਖਿੜ ਗਏ ਵਿਹੜੇ,
ਧੁੱਪ ਚੜ੍ਹੀ, ਆ ਬਨੇਰੇ।

ਅਸੀਂ ਝੂਮ-ਝੂਮ ਜਾਈਏ
ਆਓ ਠੰਢ ਨੂੰ ਭਜਾਈਏ।
ਧੁੱਪ ਬਰਫ਼ ਨੂੰ ਪੰਘਲਾਏ,
ਧੁੱਪ ਫੁੱਲਾਂ ਨੂੰ ਹਸਾਏ।

ਧੁੱਪ ਰੌਸ਼ਨੀ ਦੀ ਸਾਂਝ,
ਦੇਵੇ ਨੇਰ੍ਹਿਆਂ ਨੂੰ ਭਾਂਜ।
ਗੀਤ ਧੁੱਪੜੀ ਦਾ ਗਾਈਏ
ਆਓ ਠੰਢ ਨੂੰ ਭਜਾਈਏ

ਧੁੱਪ ਸਾਡੀ ਜਿੰਦ ਜਾਨ,
ਸੂਰਜ ਕਰੇ ਨਿੱਤ ਦਾਨ।
ਧੁੱਪ ਫੱਟੀਆਂ ਸੁਕਾਏ,
ਅਸੀਂ ਖ਼ੂਬ ਖਿੜ-ਖਿੜਾਏ।
ਆਓ ਧੁੱਪ ਪਿੰਡੇ ਪਾਈਏ
ਆਓ ਠੰਢ ਨੂੰ ਭਜਾਈਏ!!

## ਫ਼ਲਾਂ ਦਾ ਗੀਤ

ਰੁੱਖਾਂ ਦੇ ਨਾਲ ਮੇਰਾ
ਗੱਲਾਂ ਕਰਨ ਨੂੰ ਜੀਅ ਕਰੇ,
ਮੈਂ ਇਹੋ ਸੁੱਖ ਲੋੜਾਂ
ਰੁੱਖ ਸਦਾ ਰਹਿਣ ਹਰੇ।

ਅੰਬ ਕਿੰਨੇ ਨੇ ਪਿਆਰੇ
ਫ਼ਲ ਦੇਣ ਮਿੱਠੇ-ਮਿੱਠੇ,
ਜਦੋਂ ਗਿਆ ਮੈਂ ਬਜ਼ਾਰ
ਕਿੰਨੀਆ ਕਿਸਮਾਂ ਦੇ ਡਿੱਠੇ।

ਖਾਈਏ ਜਾਮਣਾਂ-ਜਮੋਏ
ਭਰ ਪੱਲਿਆਂ 'ਚ ਗੋਲ੍ਹਾਂ,
ਖਾ ਕੇ ਲੀਚੀ ਠੰਢੀ ਮਿੱਠੀ
ਮੈਂ ਵੀ ਮਿੱਠਾ-ਮਿੱਠਾ ਬੋਲਾਂ।

ਖਾਈਏ ਵੰਡ ਕੇ ਖਜੂਰਾਂ
ਗੁੜ ਵਾਂਗ ਰੱਜ-ਰੱਜ,
ਕਿੰਨੇ ਮਿੱਠੇ ਨੇ ਅੰਗੂਰ
ਖਾਈਏ ਤੋੜ ਭੱਜ-ਭੱਜ।

ਕੇਲਾ ਲਗਦਾ ਸੁਆਦ
ਲੂਣ ਲਾ ਕੇ ਜਦੋਂ ਖਾਈਏ,
ਚੀਕੂ ਖੰਡ ਤੋਂ ਵੀ ਮਿੱਠਾ
ਇਸ ਤੋਂ ਵਾਰੇ-ਵਾਰੇ ਜਾਈਏ।

ਚੇਤੇ ਆਉਣ ਅਮਰੂਦ
ਜਦੋਂ ਬਾਗ਼ ਕੋਲੋਂ ਲੰਘਾਂ,
ਕੀਨੂੰ-ਸੰਤਰੇ ਦਾ ਰਸ
ਮੈਂ ਤਾਂ ਪੀਣ ਲਈ ਮੰਗਾਂ।

ਜਦੋਂ ਖਾਈਏ ਅਸੀਂ ਸੇਬ
ਯਾਦ ਆਵੇ ਕਸ਼ਮੀਰ,
ਅਤਿ ਸੁੰਦਰ, ਮਨਮੋਹਣਾ
ਜਾਪੇ ਫ਼ਲਾਂ ਦਾ ਵਜ਼ੀਰ।

ਗੁਣਕਾਰੀ ਹੈ ਪਪੀਤਾ
ਬੀਜ ਕੱਢ ਚੀਰ ਖਾਵਾਂ,
ਕਿੰਨੇ ਦਾਤੇ ਰੁੱਖ ਸਾਰੇ
ਗੀਤ ਰੁੱਖਾਂ ਦੇ ਮੈਂ ਗਾਵਾਂ।

## ਪਾ ਕਰੰਗੜੀ ਨੱਚੀਏ

ਸਭ ਦੇ ਵਿਹੜੇ, ਸੂਰਜ ਰਾਣਾ
ਵੰਡਣ ਆਇਆ ਧੁੱਪੜੀ,
ਕਿੰਨੇ ਸੁਭਾਗੇ, ਅਸੀਂ ਹਾਂ ਜਾਗੇ
ਅਰਜ਼ ਕਰੇਂਦੇ ਸੁੱਖ ਦੀ।

ਫੁੱਲ ਖਿੜੇ ਬਹੁ-ਰੰਗੇ ਵੇਖੋ
ਖ਼ੁਸ਼ਬੂ ਦੇ ਵਣਜਾਰੇ,
ਇਹ ਧਰਤੀ ਹੈ ਮਾਤਾ ਸਾਡੀ
ਅਸੀਂ ਇਸ ਦੇ ਰਾਜ ਦੁਲਾਰੇ।

ਚਾਵਾਂ ਦੇ ਬੱਦਲ ਪਏ ਹੱਸਦੇ
ਪੰਛੀ ਭਰਨ ਉਡਾਰੀ,
ਕਾਹਤੋਂ ਰੁੱਸੀਏ, ਕਾਹਤੋਂ ਲੜੀਏ
ਕੁਦਰਤ ਰੰਗਾਂ ਦੀ ਫੁਲਕਾਰੀ।

ਆਸਾਂ ਦੇ ਦੀਵੇ ਪਏ ਬਲਦੇ
ਚਾਨਣ-ਚਾਨਣ ਕਰਦੇ,
ਵਿੱਦਿਆ ਦੀ ਪਗਡੰਡੀ ਤੁਰੀਏ
ਉੱਦਮੀ ਔਕੜ ਤੋਂ ਨਾ ਡਰਦੇ।

ਸੁਪਨੇ ਕੱਤੀਏ, ਕਦੇ ਨਾ ਥੱਕੀਏ
ਪਾ ਕਰੰਗੜੀ ਨੱਚੀਏ,
ਬਚਪਨ ਮੁੜ ਕਦੇ ਨਾ ਆਉਣਾ
ਫੁੱਲਾਂ ਵਾਂਗੂ ਹੱਸੀਏ।

## ਪਾਰਕ ਵਿੱਚ ਖੇਡਦੇ ਬੱਚੇ

ਰੰਗ-ਬਰੰਗੇ ਕੱਪੜੇ ਪਾ ਕੇ
ਪੈਰੀਂ ਸੁਹਣੇ ਬੂਟ ਸਜਾ ਕੇ।
ਸਾਡੇ ਘਰ ਦੀ ਪਾਰਕ ਅੱਗੇ,
ਬੱਚੇ ਖੇਡਣ, ਆਵਣ ਭੱਜੇ।

ਬੰਨ੍ਹ ਟੋਲੀਆਂ ਜਦ ਉਹ ਆਵਣ,
ਪਾਰਕ ਦੇ ਵਿੱਚ ਰੌਣਕ ਲਾਵਣ।
ਹਰਾ-ਭਰਾ ਘਾਹ ਵਾਜਾਂ ਮਾਰੇ,
ਪਾਰਕ ਦੇ ਫੁੱਲ ਕਰਨ ਇਸ਼ਾਰੇ।

ਸਭ ਨੂੰ ਖੇਡ ਹੈ ਚੰਗੀ ਲਗਦੀ,
ਨਿਕੜਿਆਂ ਦੀ ਹੈ ਟੋਲੀ ਫਬਦੀ।
ਝੂਟੇ ਲੈ-ਲੈ ਇਹ ਨਹੀਂ ਥੱਕਦੇ,
ਡਿੱਗਣ ਤੋਂ ਵੀ ਇਹ ਨਾ ਜਕਦੇ।

ਜਦ ਜੀਅ ਚਾਹੇ ਦੌੜ ਲਗਾਉਂਦੇ,
ਖਿੜ-ਖਿੜ ਕਰਦੇ, ਗੀਤ ਨੇ ਗਾਉਂਦੇ।
ਕਦੇ ਚੰਡੋਲ ਘੁਮਾ ਕੇ ਹੱਸਣ,
ਛੂਹਣ-ਛਣੀਕਾ ਖੇਡ ਕੇ ਨੱਸਣ।

ਘੋੜਾ-ਕਾਠੀ 'ਤੇ ਜਾ ਬਹਿੰਦੇ,
ਅੰਗਰੇਜ਼ੀ ਦੇ ਵਿੱਚ 'ਸੀ-ਸਾਅ' ਕਹਿੰਦੇ।
ਬਚਪਨ ਕਿੰਨਾ ਲਗਦਾ ਪਿਆਰਾ,
ਬੱਚਿਆਂ ਦਾ ਸਾਂਝਾ ਜੱਗ ਸਾਰਾ।
ਬੱਚਿਆਂ ਨਾਲ ਹੀ ਪਾਰਕ ਸੋਂਹਦੀ।
ਪਾਰਕ ਬੱਚਿਆਂ ਦਾ ਮਨ ਮੋਂਹਦੀ।

## ਅਲ੍ਹੜ ਬਲ੍ਹੜ ਦਾ ਗੀਤ

ਅਲ੍ਹੜ ਬਲ੍ਹੜ ਚੱਕੀ ਝੋਵੇ,
ਦਾਦੀ ਬੈਠੀ ਕੱਪੜੇ ਧੋਵੇ।
ਚੁੱਕ ਬਾਲਟੀ ਪਾਣੀ ਭਰੀਏ,
ਦਾਦੀ ਦੇ ਨਾਲ ਕੰਮ ਆ ਕਰੀਏ।

ਅਲ੍ਹੜ ਬਲ੍ਹੜ ਇੱਕੜ ਦੁੱਕੜ,
ਦਿਨ ਚੜ੍ਹਿਆ ਏ ਬੋਲੇ ਕੁੱਕੜ।
ਸੈਰ ਕਰਨ ਲਈ ਆਓ ਚੱਲੀਏ,
ਨਿੱਤ ਨਹਾਈਏ ਪਿੰਡਾ ਮਲੀਏ।

ਅਲ੍ਹੜ ਬਲ੍ਹੜ ਅੱਖ ਮਚੋਲੀ,
ਰਲ-ਮਿਲ ਖੇਡੀਏ ਸਾਰੇ ਹੋਲੀ।
ਵੱਖੋ-ਵੱਖਰੇ ਰੰਗ ਘੋਲੀਏ,
ਇੱਕ ਦੂਜੇ 'ਤੇ ਭਰ-ਭਰ ਡੋਲ੍ਹੀਏ।

ਅਲ੍ਹੜ ਬਲ੍ਹੜ ਨੱਚਣ ਮੋਰ,
ਮੀਂਹ ਵਸੇਂਦਾ ਜ਼ੋਰੋ-ਜ਼ੋਰ,
ਪੂੜੇ ਖੀਰ ਬਣਾ ਕੇ ਖਾਈਏ,
ਹੱਸੀਏ ਟੱਪੀਏ ਨਾਲੇ ਗਾਈਏ।

ਅਲ੍ਹੜ ਬਲ੍ਹੜ ਕਿਣ-ਮਿਣ ਕਾਣੀ,
ਮੈਂ ਬਹੁ-ਰੰਗੀ ਛਤਰੀ ਤਾਣੀ।
ਲੈ ਹਰਿਆਲੀ ਸਾਵਣ ਆਇਆ,
ਕੁਦਰਤ ਸੁਹਣਾ ਰੂਪ ਸਜਾਇਆ।

## ਪਿੰਡ ਦਾ ਬੋਹੜ

ਮੇਰੇ ਪਿੰਡ ਦੇ ਬੋਹੜ ਦੀ,
ਠੰਢੜੀ ਠੰਢੜੀ ਛਾਂ।
ਰਲ-ਮਿਲ ਬੈਠਣ ਵਾਸਤੇ,
ਇਹ ਹੈ ਸਾਂਝੀ ਥਾਂ।

ਪੱਤਰ ਇਸ ਦੇ ਸੰਘਣੇ,
ਸਾਵੇ ਹਰੇ ਕਚੂਰ।
ਮਾਣ ਕੇ ਛਾਂਵਾਂ ਇਹਦੀਆਂ,
ਚੜ੍ਹਦਾ ਜਾਏ ਸਰੂਰ।

ਦਾੜ੍ਹੀ ਹੇਠਾਂ ਲਮਕਦੀ,
ਇਸਦੇ ਟਾਹਣਾਂ ਨਾਲ।
ਬਾਬਾ ਬੋਹੜ ਆਖਦੇ,
ਸਾਰੇ ਪਿੰਡ ਦੇ ਬਾਲ।

ਪੰਛੀ ਇਸ 'ਤੇ ਬੈਠ ਕੇ,
ਬੋਲ ਸੁਰੀਲੇ ਗਾਣ।
ਗੋਲ੍ਹਾਂ ਖਾ ਕੇ ਮਿੱਠੀਆਂ,
ਨਾਲ ਖ਼ੁਸ਼ੀ ਉੱਡ ਜਾਣ।

ਬਾਲਕ ਥੱਲੇ ਖੇਡਦੇ,
ਨਿੱਤ ਆੜੀਆਂ ਸੰਗ।
ਇਹ ਨਾ ਪਰਖੇ ਕਦੇ ਵੀ,
ਕੀ ਜ਼ਾਤ-ਪਾਤ ਤੇ ਰੰਗ?

ਰਾਸ, ਅਖਾੜੇ, ਜਲਸਿਆਂ
ਬੰਨ੍ਹੀ ਇਸ ਦੀ ਸ਼ਾਨ।
ਐਪਰ ਇਹ ਨਾ ਡੋਲਿਆਂ,
ਆਏ ਝੱਖੜ ਅਤੇ ਤੂਫ਼ਾਨ।

ਜੁੜੀਆਂ ਥੱਲੇ ਰੌਣਕਾਂ,
ਲੈ ਖ਼ੁਸ਼ੀਆਂ ਦੀ ਆਸ।
ਜੀਵਨ ਰੁੱਖਾਂ ਨਾਲ ਹੈ,
ਪੌਣਾਂ ਨਾਲ ਹੀ ਵਾਸ।

ਸਾਂਝਾਂ ਦਾ ਪ੍ਰਤੀਕ ਇਹ,
ਲੋੜੇ ਸਭ ਦੀ ਸੁੱਖ।
ਕਰੇ ਤਰੱਕੀ ਹਰ ਕੋਈ,
ਪਿੰਡ ਸਹੇ ਨਾ ਦੁੱਖ।

## ਸੁੰਦਰ ਆਪਣਾ ਸ਼ਹਿਰ ਬਣਾਈਏ

ਸੁੰਦਰ ਆਪਣਾ ਸ਼ਹਿਰ ਬਣਾਈਏ,
ਆਪਣੇ ਘਰ ਦੇ ਵਾਂਗ ਸਜਾਈਏ।
ਇਸ ਦੀ ਹਰ ਥਾਂ ਚੰਗੀ ਹੋਵੇ,
ਕੋਈ ਵੀ ਥਾਂ ਨਾ ਗੰਦੀ ਹੋਵੇ।

ਸਾਫ਼-ਸੁਥਰੀਆਂ ਸੜਕਾਂ ਰੱਖੀਏ,
ਗਲੀਆਂ ਖ਼ੂਬ ਸਜਾ ਕੇ ਰੱਖੀਏ।
ਪਾਰਕਾਂ ਦੇ ਵਿੱਚ ਘਾਹ ਲਗਾਈਏ,
ਕਿਆਰੀਆਂ ਦੇ ਵਿੱਚ ਫੁੱਲ ਸਜਾਈਏ।

ਰੁੱਖ-ਬੂਟਿਆਂ ਦਾ ਕਰੀਏ ਧਿਆਨ,
ਇਹ ਗੱਲ ਵਿੱਦਿਆ ਦੇਂਦੀ ਗਿਆਨ।
ਕੂੜਾ ਡੱਬਿਆਂ ਦੇ ਵਿੱਚ ਪਾਈਏ,
ਉਪਰੋਂ ਢੱਕਣ ਜ਼ਰੂਰ ਲਗਾਈਏ।

ਟੁੱਟੀਆਂ ਚੀਜ਼ਾਂ ਬਾਹਰ ਨਾ ਸੁੱਟੀਏ,
ਸ਼ਹਿਰ ਦੀ ਐਵੇਂ ਦਿੱਖ ਨਾ ਪੁੱਟੀਏ।
ਸ਼ੋਰ-ਸ਼ਰਾਬਾ ਥੋੜ੍ਹਾ ਪਾਈਏ,
ਨਾ ਉੱਚੀ ਟੀ.ਵੀ. ਕੈਸਟਾਂ ਲਾਈਏ।

ਆਲਾ-ਦੁਆਲਾ ਜੇ ਸਾਫ਼ ਕਰਾਂਗੇ,
ਸ਼ੁੱਧ ਹਵਾ ਤਦੇ ਲੈ ਸਕਾਂਗੇ।
ਹਰ ਖੇਤਰ ਜੇ ਸਾਫ਼ ਰਹੇਗਾ,
ਹਰ ਕੋਈ ਸੁੰਦਰ ਸ਼ਹਿਰ ਕਹੇਗਾ।

ਹੁੰਦਾ ਹਰੇਕ ਦੇ ਦਰਦ ਕਿਨਾਰੇ,
ਮੇਲ-ਜੋਲ ਵਿਚ ਵੱਸਣ ਸਾਰੇ।

## ਦੀਵਾਲੀ ਦੀ ਰਾਤ

ਆਓ ਸਜੀਏ ਬਨੇਰਿਆਂ 'ਤੇ ਦੀਵੇ ਬਾਲ ਕੇ,
ਦੂਰ ਕਰੀਏ ਹਨੇਰਾ ਸਾਰੇ ਦੀਵੇ ਬਾਲ ਕੇ।

ਫੈਲੇ ਚਾਨਣਾ ਚੁਫੇਰੇ ਗਲੀਆਂ 'ਚ ਹੱਸਦਾ,
ਖ਼ੁਸ਼ੀ-ਚਾਵਾਂ ਨਾਲ ਬੱਚਾ-ਬੱਚਾ ਨੱਸਦਾ।

ਘਰ ਰੌਸ਼ਨੀ ਦੇ ਨਾਲ ਜਗ-ਮਗ ਕਰਦੇ,
ਵਿਹੜੇ ਸ਼ਗਨਾਂ ਤਿਓਹਾਰਾਂ ਨਾਲ ਰਹਿਣ ਭਰਦੇ।

ਦੀਪ-ਮਾਲਾ ਦੀ ਕਤਾਰ ਘਰਾਂ ਉੱਤੇ ਬਲਦੀ,
ਬੜਾ ਹੁੰਦਾ ਹੈ ਖੜਾਕ ਆਤਿਸ਼ਬਾਜ਼ੀ ਚਲਦੀ।

ਵਾਹਵਾ ਰੌਣਕਾਂ ਬਜ਼ਾਰਾਂ, ਸ਼ਹਿਰ, ਪਿੰਡ ਲੱਗੀਆਂ,
ਖ਼ੂਬ ਫਲਾਂ ਤੇ ਮਿਠਾਈ ਦੀਆਂ ਹੱਟਾਂ ਸੱਜੀਆਂ।

ਲਈਏ ਸੁੰਦਰ ਖਿਡੌਣੇ, ਤੋਹਫ਼ੇ ਅਤੇ ਮੂਰਤਾਂ,
ਮੇਰੇ ਰੰਗਲੇ ਪੰਜਾਬ ਦੀਆਂ ਜਿਊਣ ਸੂਰਤਾਂ।

ਕੋਠੇ, ਬਾਰੀਆਂ 'ਤੇ ਘਰਾਂ ਉੱਤੇ ਰੂਪ ਚੜ੍ਹਿਆ,
ਜਿਊਂ ਤਾਰਿਆਂ ਦਾ ਟੱਬ ਥੱਲੇ ਆਣ ਖੜ੍ਹਿਆ।

ਵਾਹਵਾ ਚਾਨਣ ਦਾ ਤਿਉਹਾਰ ਰਲ ਪਿਆਰ ਵੰਡੀਏ,
ਸਾਰੇ ਨਫ਼ਰਤਾਂ ਦੀ ਜੰਗ ਤਾਈਂ ਆਓ ਭੰਡੀਏ।

ਜਿੱਤਦਾ ਹੈ ਸੱਚ, ਝੂਠ ਸਦਾ ਹਾਰਦਾ,
ਦੀਵਾਲੀ ਦਾ ਤਿਉਹਾਰ ਗੱਲ ਨੂੰ ਨਿਤਾਰਦਾ।

ਕਰੀਏ ਦੁਆਵਾਂ ਖ਼ੈਰ ਸੁੱਖ ਮੰਗੀਏ,
ਦੀਵਾਲੀ ਵਾਲੀ ਰਾਤ ਖ਼ੁਸ਼ੀਆਂ 'ਚ ਰੰਗੀਏ।

## ਦਾਤੇ ਰੁੱਖ

ਰੁੱਖ ਬੂਟੇ ਇਸ ਧਰਤ ਦੇ
ਬਹੁਤ ਪਿਆਰੇ ਲੱਗਦੇ,
ਛਾਂਵਾਂ ਦੇਵਣ ਠੰਢੀਆਂ
ਫੁੱਲਾਂ ਦੇ ਸੰਗ ਫੱਬਦੇ।

ਝੂਮਣ ਪੌਣਾਂ ਨਾਲ ਜਦ
ਛਿੜੇ ਸੰਗੀਤ ਪਿਆਰੜਾ,
ਜਾਪਣ ਸੈਨਤਾਂ ਮਾਰਦੇ
ਮਿੱਤਰ ਲੱਗਣ ਸਭ ਦੇ।

ਪੱਤ ਸਾਵੇ, ਫੁੱਲ ਗੁੱਛੜੇ
ਕੁਦਰਤ ਪਿਆਰੀ ਜਾਪਦੀ,
ਤੱਕ ਕੇ ਰੂਪ ਵਿਭਿੰਨੜਾ
ਨੈਣ ਨਾ ਸਾਡੇ ਰੱਜਦੇ।

ਦਾਤਾਂ ਵੰਡਣ ਸਭ ਨੂੰ
ਫਲ ਦੇਵਣ ਵਡ-ਮੁੱਲੜੇ,
ਮੁੱਲ ਨਾ ਮੰਗਣ ਕਿਸੇ ਤੋਂ
ਖੜ੍ਹੇ ਚੁੱਪ-ਚੁਪੀਤੇ ਸੱਜਦੇ।

ਪੰਛੀ, ਜਾਨਵਰ, ਜੀਆਂ ਦਾ
ਰੁੱਖਾਂ ਨਾਲ ਗੁਜ਼ਰਾਨ ਹੈ,
ਇਹ ਦਾਤੇ ਦਾਨੀ ਦੇਵਤੇ
ਆਦਿ-ਕਾਲ ਤੋਂ ਜੱਗ ਦੇ।

ਕਰੋ ਸੰਭਾਲ ਇਹਨਾਂ ਦੀ,
ਕੰਮ ਇਹ ਚੰਗਾ ਜਾਣੀਏ,
ਦੇਵਣ ਇਹ ਖ਼ੁਸ਼ਹਾਲੀਆਂ
ਇਹ ਵਾਰਸ ਸਾਡੇ ਅੱਜ ਦੇ।।

## ਨੰਨੀ ਸੁਖ਼ਨ

ਸੁਥਕ ਸੁਹਲੜੀ ਸੁਖ਼ਨ
ਫੁੱਲ ਪੱਤੀਆਂ ਜਿਹੀ
ਮਾਸੂਮ ਮਲੂਕ ਜਿੰਦੜੀ
ਪਿਆਰੀ ਪਿਆਰੀ
ਅਣਭੋਲ ਮੂਰਤ।

ਕਦੇ ਖਿੜੇ ਗੁਲਾਬ ਵਾਂਗੂੰ
ਕਦੇ ਹੱਸੇ ਨਰਗਸ ਵਾਂਗੂੰ
ਕਦੇ ਕੇਰੇ ਕੋਰੇ-ਕੋਰੇ ਹੰਝੂ
ਤ੍ਰਿਪ-ਤ੍ਰਿਪ ਤ੍ਰੇਲ ਵਾਂਗੂੰ

ਕੂਲੀਆਂ-ਕੂਲੀਆਂ
ਲਸੂੜੇ ਰੰਗੀਆਂ
ਨਿੱਕੜੀਆਂ-ਨਿੱਕੜੀਆਂ
ਉਂਗਲਾਂ ਨਾਲ ਖੇਡੇ,
ਜਿਉਂ-ਤਰਬਾਂ
ਸੰਗੀਤ ਦੀਆਂ ਛੇੜੇ।

ਚੀਚੋ-ਚੀਚ ਚਿੱਤਰਕਾਰੀ ਕਰੇ
ਪੌਣਾਂ ਨੂੰ ਜਿਉਂ ਹੱਥੀਂ ਫੜੇ।
ਤੋਤਲੀਆਂ ਗੱਲਾਂ ਨਾਲ
ਹਾਸੇ ਵੰਡੇ, ਕਦੇ ਰੋਸਾ ਕਰੇ
ਰੁੱਠ ਜਾਵੇ, ਬੁਲ੍ਹ ਟੇਰੇ।

ਚੁਕੰਨੀ ਹੋ ਕੇ ਗੀਤ ਸੁਣੇ
ਬਾਹਾਂ ਨੂੰ ਉਲਾਰੇ।
ਨਿਕਾ ਜਿਹਾ ਹੱਥ ਹਿਲਾਏ
ਸੁਪਨਿਆਂ ਨੂੰ ਫੜਨਾ ਚਾਹੇ,
ਡੋਲ੍ਹੇ ਕਲਪਨਾ ਦੇ ਰੰਗ
ਨੂਰੀ ਕਿਰਨਾਂ ਦੇ ਸੰਗ,
ਕਦੇ ਮੁੱਠੀ ਕਰੇ ਬੰਦ
ਹੋਈਏ ਵੇਖ ਵੇਖ ਦੰਗ।

ਨਿੱਕੀ ਜਿਹੀ ਬੱਚੀ
ਕੀ ਸੋਚੇ, ਕੀ ਕਿਆਸੇ
ਕੁਝ ਸਮਝ ਨਾ ਆਏ।

## ਪਹੀਏ ਉਤੇ ਦੁਨੀਆਂ ਘੁੰਮੇ

ਪਹੀਏ ਦੀ ਹੈ ਕਾਢ ਨਿਆਰੀ,
ਜਿਸ 'ਤੇ ਘੁੰਮੇ ਦੁਨੀਆਂ ਸਾਰੀ।

ਪਹੀਆ ਘੁੰਮ-ਘੁੰਮ ਕਰੇ ਤਰੱਕੀ,
ਸੁਣ ਲਓ ਬੱਚਿਓ ਗੱਲ ਇਹ ਸੱਚੀ।

ਬੰਦਾ ਇਕ ਥਾਂ ਤੋਂ ਜਦ ਤੁਰਿਆ,
ਪਹੀਏ ਦਾ ਫਿਰ ਫੁਰਨਾ ਫੁਰਿਆ।

ਬੈਲ-ਗੱਡੀ ਉਸ ਜਦੋਂ ਬਣਾਈ,
ਸ਼ੁਰੂ ਹੋਈ ਫਿਰ ਆਵਾਜਾਈ।

ਭੱਜਣ ਲੱਗਿਆ ਬੰਦਾ ਥਾਂ-ਥਾਂ,
ਢੂੰਡਣ ਦੇ ਲਈ ਨਵੀਆਂ ਲੱਭਤਾਂ।

ਤਾਂਗੇ, ਰੱਥਾਂ, ਰੇੜ੍ਹੂ ਚੱਲੇ,
ਟਮ-ਟਮ ਦੌੜੇ ਬੱਲੇ-ਬੱਲੇ।

ਮੋਟਰ, ਕਾਰਾਂ ਦੌੜਨ ਲੱਗੀਆਂ,
ਬੱਸਾਂ, ਜੀਪਾਂ ਫਿਰਦੀਆਂ ਭੱਜੀਆਂ।

ਹਵਾਈ ਜਹਾਜ਼ ਉਡ ਅੰਬਰ ਚੜ੍ਹਿਆ,
ਘੁੰਮਦਾ ਪਹੀਆ ਕਦੇ ਨਾ ਖੜ੍ਹਿਆ।

ਰੇਲ-ਗੱਡੀ ਪਹੀਆਂ 'ਤੇ ਭੱਜਦੀ,
ਬੰਦੇ ਢੋਅ-ਢੋਅ ਇਹ ਨਾ ਰੱਜਦੀ।

ਚੱਲਣ ਮਸ਼ੀਨਾਂ ਪਹੀਏ ਸੰਗ,
ਵੇਖ-ਵੇਖ ਸਭ ਹੋਵਣ ਦੰਗ।

ਪਹੀਏ ਨਾਲ ਹੈ ਸਾਰੀ ਹਰਕਤ,
ਪਹੀਏ ਨਾਲ ਹੈ ਸਾਰੀ ਬਰਕਤ।

ਹੋਈ ਤਰੱਕੀ ਪਹੀਏ ਨਾਲ,
ਘੁੰਮ-ਘੁੰਮ ਦੱਸੇ ਇਸ ਦੀ ਚਾਲ।

## ਸ਼ਹਿਦ ਦੀਆਂ ਮੱਖੀਆਂ

ਮੱਖੀਆਂ ਔਹ ਮੱਖੀਆਂ
ਸ਼ਹਿਦ ਦੀਆਂ ਮੱਖੀਆਂ,
ਡੱਬਿਆਂ 'ਚ ਪਾਲ ਕੇ
ਬਾਗ਼ ਵਿਚ ਰੱਖੀਆਂ।

ਫੁੱਲਾਂ ਕੋਲ ਉਡ-ਉਡ
ਸਾਰੀਆਂ ਇਹ ਜਾਂਦੀਆਂ,
ਰਲ-ਮਿਲ ਸ਼ਹਿਦ ਇਹ
ਛੱਤੇ 'ਚ ਬਣਾਉਂਦੀਆਂ।

ਕਿੰਨਾ ਸੁਹਣਾ ਕੰਮ ਇਹ
ਸਾਡੇ ਲਈ ਕਰਦੀਆਂ,
ਫੁੱਲਾਂ ਕੋਲੋਂ ਰਸ ਚੂਸ
ਛੌਂਤਆਂ 'ਚ ਭਰਦੀਆਂ।

ਵੇਖੋ ਕਿਵੇਂ ਬੈਠ ਜਾਣ
ਛੱਤੇ 'ਤੇ ਇਕੱਠੀਆਂ,
ਦੂਰੋਂ-ਦੂਰੋਂ ਰਸ ਲਈ,
ਕਿਵੇਂ ਫਿਰਨ ਨੱਠੀਆਂ।

ਮਿੱਠਾ-ਮਿੱਠਾ ਸ਼ਹਿਦ ਅਸੀਂ
ਚੱਟ-ਚੱਟ ਖਾਵਾਂਗੇ
ਸ਼ਹਿਦ ਦੀਆਂ ਮੱਖੀਆਂ ਦੇ
ਗੀਤ ਮਿੱਠੇ ਗਾਵਾਂਗੇ।

* * * *

# ਸੁਪਨਿਆਂ ਵਾਲਾ ਬਚਪਨ

## ਚਾਨਣ ਦਾ ਰੱਥ

ਪੂਰਬ ਦੀ ਕੁੱਛੜ 'ਚੋਂ ਲਾਲੀ,
ਖਿੰਡ ਗਈ ਚਾਰ ਚੁਫ਼ੇਰੇ,
ਨਵੇਂ ਸਾਲ ਦਾ ਦਿਨ ਹੈ ਚੜ੍ਹਿਆ
ਭੱਜ ਗਏ ਦੂਰ ਹਨੇਰੇ।

ਸੂਰਜ ਨੇ ਮੋਢੇ 'ਤੇ ਚੁੱਕਿਆ
ਸੋਨ-ਕਿਰਨਾਂ ਦਾ ਭੱਥਾ,
ਅੰਬਰ ਦੇ ਵਿਹੜੇ 'ਚ ਵੇਖੋ
ਚਾਨਣ ਦਾ ਰੱਥ ਲੱਥਾ।

ਪੰਛੀ ਜਾਗੇ ਗੀਤ ਅਲਾਪਣ
ਉੱਡਣ-ਉੱਡਣ ਨੂੰ ਕਰਦੇ,
ਰੁੱਖ, ਬੂਟੇ ਤੇ ਫੁੱਲ ਬਹੁਰੰਗੇ
ਪੌਣੀਂ ਮਹਿਕਾਂ ਭਰਦੇ।

ਧਰਤੀ ਦਾ ਕਣ-ਕਣ ਵੀ ਜਗਿਆ
ਲੈ ਕੇ ਆਸ ਉਮੰਗਾਂ,
ਅਮਨ-ਸ਼ਾਂਤੀ ਸਾਰਾ ਜੱਗ ਲੋੜੇ
ਹੋਣ ਨਹੀਂ ਦੇਣੀਆਂ ਜੰਗਾਂ।

ਦਰਿਆਵਾਂ ਦਾ ਪਾਣੀ ਆਖੇ
ਹਰ ਪਲ ਵਗਦੇ ਰਹਿਣਾ,
ਜਦ ਤਕ ਮੰਜ਼ਿਲ ਹੋਏ ਨਾ ਪੂਰੀ
ਤਦ ਤਕ ਕੀ ਹੈ ਬਹਿਣਾ।

ਨਵੇਂ ਸਾਲ ਦਾ ਸੱਜਰਾ ਸੂਰਜ
ਸੱਧਰਾਂ ਲੈ ਕੇ ਆਵੇ,
ਪਿੰਡ, ਨਗਰ ਤੇ ਸ਼ਹਿਰਾਂ ਤਾਈਂ
ਚਾਨਣ ਵੰਡ ਰੁਸ਼ਨਾਵੇ।

## ਪਿਆਰੀ ਮਾਂ

ਨਿੱਕੇ ਹੁੰਦਿਆਂ
ਝੱਗੇ ਦਾ ਜਦ ਬਟਨ ਟੁੱਟਣਾ
ਦਿਲ ਘਬਰਾਉਣਾ
ਭੁਸ-ਭੁਸ ਕਰਨਾ।

'ਕਿੱਥੇ ਬਟਨ ਗੁਆਚਿਆ ਤੇਰਾ?'
ਮਾਂ ਨੇ ਪੁੱਛਣਾ।
ਆਪਣੇ ਝੱਗੇ ਦੇ ਵੱਲ ਤੱਕਣਾ
ਭੋਲੀ ਭਾਲੀ ਗਿਣਤੀ ਕਰਨੀ
ਗੁੰਮੇ ਬਟਨ ਨੂੰ ਲੱਭਦੇ ਫਿਰਨਾ।

ਪਰ ਮਾਂ ਨੇ
ਸੂਈ-ਧਾਗਾ ਲੈ ਕੇ
ਬਟਨ ਨੂੰ ਆਪਣੀ ਥਾਂ 'ਤੇ ਲਾਉਣਾ
ਪੱਕਾ ਕਰਨਾ
ਤੇ ਟਾਂਕਾ-ਟਾਂਕਾ ਭਰਨਾਂ।

ਕਦੇ-ਕਦੇ ਜਦ ਖੇਡ ਖੇਡਦਿਆਂ
ਪਹਿਨੇ ਵਸਤਰ ਦੀ
ਸੀਣ ਉਧੜਨੀ
ਜਾਂ ਕੋਈ ਲਾਂਗਰ ਲੱਥਣੀ
ਤਾਂ ਕਈ ਬਹਾਨੇ ਉਣਨੇ।

ਮਾਂ ਦੇ ਕੋਲ ਜਾਣ ਤੋਂ ਡਰਨਾ
ਸਜ਼ਾ ਤੋਂ ਡਰਦੇ
ਚਿਹਰਾ ਸੂਹਾ ਹੋਣਾ,
ਪਰ ਪਿਆਰੀ ਮਾਂ ਨੇ
ਕੁਝ ਨਾ ਕਹਿਣਾ

ਸਭ ਕੁਝ ਸਹਿਣਾ,
ਉਧੜਿਆ ਸੀਣਾ
ਤੋਪਾ-ਤੋਪਾ ਭਰ ਕੇ ਟਾਕੀ
ਲਾਉਣੀ
ਤੇ ਮੁੜ-
ਸੁੰਦਰ-ਸਜੀਲਾ ਵਸਤਰ ਕਰਨਾ।

ਮਾਂ-ਹੱਥਾਂ ਦੀ ਛੋਹ
ਜਦ ਵੀ ਚੇਤੇ ਆਏ
ਮੇਰਾ ਮਨ ਭਰ ਆਏ।

## ਬੱਚਿਆਂ ਨੂੰ ਦਿਲ ਦੇਵਾਂ

ਬੱਚੇ ਮੈਨੂੰ ਪਿਆਰੇ ਲਗਦੇ
ਬੱਚਿਆਂ ਨੂੰ ਮੈਂ ਕਰਾਂ ਪਿਆਰ,
ਬੱਚੇ ਮਿਲਣ ਤਾਂ ਖ਼ੁਸ਼ੀ ਹੈ ਮਿਲਦੀ,
ਬੱਚਿਆਂ ਤੋਂ ਜਾਵਾਂ ਬਲਿਹਾਰ।

ਭੋਲੇ, ਭਾਲੇ, ਸੁੰਦਰ ਮੁੱਖੜੇ,
ਫੁੱਲਾਂ ਵਾਂਗੂੰ ਖਿੜ-ਖਿੜ ਹੱਸਦੇ।
ਟੋਲੀਆਂ ਬੰਨ੍ਹ ਕੇ ਗੀਤ ਨੇ ਗਾਉਂਦੇ,
ਇੱਕ ਦੂਜੇ ਦੇ ਪਿੱਛੇ ਨੱਸਦੇ।

ਊਚ ਨੀਚ ਦਾ ਭੇਦ ਨਾ ਜਾਨਣ,
ਮਿਲ ਕੇ ਸਾਰੇ ਹਾਸੇ ਵੰਡਦੇ।
ਜਾਤ-ਪਾਤ ਤੇ ਧਰਮ ਨਾ ਪਰਖਣ,
ਹਾਣੀ ਬਣ-ਬਣ ਆੜੀ ਗੰਢਦੇ।

ਉੱਡਣਾ ਲੋਚਣ ਪੰਛੀ ਬਣ-ਬਣ,
ਛੂਹਣਾ ਚਾਹਣ ਚੰਨ-ਸਿਤਾਰੇ,
ਨੈਣੀਂ ਸੁਪਨੇ ਕੱਤਦੇ ਰਹਿੰਦੇ,
ਨੂਰ ਧਰਤ ਦੇ ਬਾਲ ਪਿਆਰੇ।

ਬੱਚਿਆਂ ਦੇ ਵਿੱਚ ਰੱਬ ਵਸੇਂਦਾ,
ਸੱਚੀ ਗੱਲ ਇਹ ਕਹਿਣ ਸਿਆਣੇ।
ਕਰੋ ਭਵਿੱਖ ਖ਼ੁਸ਼ਹਾਲ ਇਹਨਾਂ ਦਾ,
ਦੇਸ਼ ਦੀ ਦੌਲਤ ਅਸਲ ਨਿਆਣੇ।

ਬੱਚਿਆਂ ਬਾਝੋਂ ਘਰ ਸੁੰਨੇ ਨੇ,
ਫੁੱਲਾਂ ਬਾਝੋਂ ਬਾਗ ਅਧੂਰੇ,
ਬੱਚਿਆਂ ਨੂੰ ਦਿਲ ਦੇਵਾਂ ਆਪਣਾ,
ਸ਼ਾਲਾ! ਸੁਪਨੇ ਹੋਵਣ ਪੂਰੇ।

## ਦਾਨੀ ਮਿੱਟੀ

ਮਿੱਟੀ ਧਰਤੀ ਦੀ ਕੁੱਖ
ਦੇਵੇ ਸਾਨੂੰ ਸਾਰੇ ਸੁੱਖ,
ਉਪਜੇ ਬੂਟੇ ਅਤੇ ਰੁੱਖ
ਝੱਲੇ ਲੋਕਾਂ ਦੇ ਦੁੱਖ।

ਮਿੱਟੀ ਪਾਣੀ ਨੂੰ ਸਮਾਏ
ਸਾਵੀਆਂ ਫ਼ਸਲਾਂ ਉਗਾਏ,
ਸੋਹਣੇ ਫੁੱਲਾਂ ਨੂੰ ਖਿੜਾਏ
ਐਪਰ ਨਿਮਰਤਾ ਸਿਖਾਏ।

ਮਿੱਟੀ ਪੈਰਾਂ ਥੱਲੇ ਰਹੇ
ਕਦੇ ਮੰਦੜਾ ਨਾ ਕਹੇ;
ਚੁੱਪ ਚਾਪ ਭਾਰ ਸਹੇ
ਸੱਭੋ ਕੁਝ ਪਿਆ ਲਹੇ।

ਮਿੱਟੀ ਧਰਤੀ ਹੈ ਮਾਂ
ਸਭ ਦੇ ਰਹਿਣ ਵਾਲੀ ਥਾਂ
ਜੀਵੇ ਸਾਰਾ ਹੀ ਜਹਾਂ
ਇਸ 'ਤੇ ਰਹੇ ਠੰਢੀ ਛਾਂ।

ਮਿੱਟੀ ਅੰਨ ਉਪਜਾਏ
ਇਸ ਦਾ ਦਿੱਤਾ ਸਭ ਖਾਏ,
ਜੀਵ-ਜੰਤ ਇਸ ਦੇ ਜਾਏ
ਤਦੇ ਦਾਨੀ ਇਹ ਕਹਾਏ!!

## ਇੰਜ ਲੋਚੇ ਜੀਅ ਮੇਰਾ

ਜੀਅ ਲੋਚੇ ਮੈਂ ਪੰਛੀ ਹੋਵਾਂ
ਰਹਾਂ ਉੱਡਦਾ ਵਿੱਚ ਹਵਾਵਾਂ,
ਬੱਦਲ ਛੋਹਾਂ ਤਿੱਤਰ-ਖੰਭੜੇ
ਨੀਲਾ ਅੰਬਰ ਗਲੇ ਲਗਾਵਾਂ।

ਜੀਅ ਲੋਚੇ ਮੈਂ ਫੁੱਲਾਂ ਵਾਂਗੂੰ
ਖਿੜ-ਖਿੜ ਹੱਸਾਂ ਟਹਿਕਾਂ,
ਰੰਗ-ਬਰੰਗੜੀ ਝੋਲੀ ਵਿੱਚੋਂ
ਚਾਰ ਚੁਫੇਰੇ ਵੰਡਾਂ ਮਹਿਕਾਂ।

ਜੀਅ ਲੋਚੇ ਮੈਂ ਤਾਰਾ ਬਣਕੇ
ਰਾਤ ਹਨੇਰੀ ਝਿਲ-ਮਿਲ ਚਮਕਾਂ,
ਚਾਨਣ ਦੀ ਬਣ ਰਿਸ਼ਮ ਤੰਦੜੀ
ਪਾਂਧੀ ਦੇ ਰਾਹਾਂ ਵਿੱਚ ਦਮਕਾਂ।

ਜੀਅ ਲੋਚੇ ਮੈਂ ਝਰਨੇ ਵਾਂਗੂੰ
ਛਮ-ਛਮ ਕਰਦਾ ਲੱਗਾਂ,
ਚੀਰ ਪਹਾੜੀ ਪੈਂਡਾ ਔਖਾ
ਮੈਂ ਸਦਾ ਨਿਰੰਤਰ ਵੱਗਾਂ।

ਜੀਅ ਲੋਚੇ ਮੈਂ ਗੀਤ ਹੀ ਹੋਵਾਂ
ਧਰਤੀ ਤੋਂ ਅੰਬਰਾਂ ਤੱਕ ਲਰਜ਼ਾਂ,
ਪੌਣੀਂ ਵੰਡਕੇ ਬੋਲ ਸੁੱਚੜੇ
ਕੂੜ-ਕੁਸੱਤ ਨੂੰ ਵਰਜਾਂ।

## ਅੰਬਰ ਤਾਰਿਆਂ ਜੜਿਆ

ਕੋਠੇ ਚੜ੍ਹ ਕੇ ਜਦ ਮੈਂ ਰਾਤੀਂ
ਅੰਬਰ ਦੇ ਵਿੱਚ ਤੱਕਾਂ ਤਾਰੇ,
ਮੈਨੂੰ ਲੱਗਦੇ ਮੇਰੇ ਸਾਥੀ
ਝਮ-ਝਮ ਕਰਨ ਇਸ਼ਾਰੇ।

ਕਦੇ ਤਾਂ ਮੈਨੂੰ ਤਾਰੇ ਲੱਗਣ
ਜਿਉਂ ਚੰਬੇ ਦੀਆਂ ਕਲੀਆਂ,
ਅੰਬਰ ਦੀ ਥਾਲੀ ਵਿੱਚ ਖਿੰਡੀਆਂ
ਜਿਉਂ ਸੋਨੇ ਦੀਆਂ ਡਲੀਆਂ।

ਕਦੇ ਕਦੇ ਇਹ ਏਦਾਂ ਜਾਪਣ
ਜਿਉਂ ਸ਼ੀਸ਼ੇ ਦੇ ਟਿੱਕੇ,
ਜੀਅ ਲੋਚੇ ਮੈਂ ਤੋੜ ਲਿਆਵਾਂ
ਹੱਥ ਮੇਰੇ ਪਰ ਨਿੱਕੇ।

ਕਦੇ ਤਾਂ ਮੈਨੂੰ ਤਾਰੇ ਲੱਗਣ
ਜਿਉਂ ਬਲਬਾਂ ਦੀਆਂ ਲੜੀਆਂ,
ਟਿਮ-ਟਿਮ ਕਰਦੀਆਂ ਸੁੰਦਰ ਲੱਗਣ
ਰਾਤਾਂ ਤਾਰਿਆਂ ਜੜੀਆਂ।

ਕਦੇ-ਕਦੇ ਮੈਨੂੰ ਏਦਾਂ ਜਾਪਣ
ਜਿਉਂ ਖਿੱਲਰੇ ਮੋਤੀ ਚਿੱਟੇ,
ਰੁੱਗ ਭਰ ਕੇ ਅੰਬਰ ਨੂੰ ਜਿੱਦਾਂ
ਕੁਦਰਤ ਰਾਣੀ ਦਿੱਤੇ।

ਕਦੇ-ਕਦੇ ਮੈਨੂੰ ਏਦਾਂ ਲੱਗੇ,
ਜਿਉਂ ਤਾਰੇ ਬਾਤਾਂ ਪਾਉਂਦੇ,
ਜਾਂ ਮੇਰੇ ਹੀ ਆੜੀ ਮੈਨੂੰ
ਹਾਕਾਂ ਮਾਰ ਬੁਲਾਉਂਦੇ।

## ਚਾਨਣ ਦੇ ਵਣਜਾਰੇ

ਅਸੀਂ ਚਾਨਣ ਦੇ ਵਣਜਾਰੇ,
ਅਸੀਂ ਬਣੀਏ ਚੰਨ, ਸਿਤਾਰੇ।
ਅਸੀਂ ਨ੍ਹੇਰੇ ਦੇਣੇ ਢੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਚਾਨਣ ਸਭ ਨੂੰ ਵੰਡੀਏ,
ਅਸੀਂ ਬੁਰੀਆਂ ਰਸਮਾਂ ਛੰਡੀਏ।
ਅਸੀਂ ਬਣਨਾ ਵਿੱਦਿਆ ਲੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਦਿਲ ਦੇ ਸੱਚੇ ਸੁੱਚੇ,
ਅਸੀਂ ਜਾਣਾ ਉੱਚੇ ਉੱਚੇ।
ਸਾਡੇ ਵਰਗਾ ਹੋਰ ਨਾ ਕੋਅ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਰਲ ਮਿਲ ਸਾਰੇ ਰਹੀਏ,
ਅਸੀਂ ਮੰਦੜਾ ਬੋਲ ਨਾ ਕਹੀਏ।
ਸਾਡੀ ਫੁੱਲਾਂ ਜਿਹੀ ਖ਼ੁਸ਼ਬੋ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਹਰ ਔਕੜ ਨੂੰ ਤਰੀਏ,
ਅਸੀਂ ਮੁਸ਼ਕਲ ਤੋਂ ਨਾ ਡਰੀਏ।
ਅਸੀਂ ਇੱਕ ਹਾਂ, ਨਾਹੀਂ ਦੋ,
ਹੋ-ਹੋ-ਹੋ, ਹੋ-ਹੋ-ਹੋ।

ਅਸੀਂ ਗੀਤ ਅਮਨ ਦੇ ਗਾਈਏ,
ਅਸੀਂ ਪ੍ਰੀਤਾਂ ਸਭ ਨਾਲ ਪਾਈਏ।
ਸਾਨੂੰ ਧਰਤੀ ਦੇ ਨਾਲ ਮੋਹ,
ਹੋ-ਹੋ-ਹੋ, ਹੋ-ਹੋ-ਹੋ।

## ਪੁਸਤਕਾਂ ਨਾਲ ਦੋਸਤੀ

ਕਿੰਨਾ ਹੈ ਪਿਆਰਾ ਬੱਚਿਆਂ ਦਾ ਕਾਫ਼ਲਾ,
ਪੁਸਤਕਾਂ ਨੂੰ ਪੜ੍ਹੋ, ਕਹਿੰਦਾ ਫਿਰੇ ਕਾਫ਼ਲਾ।

ਬੱਚਿਆਂ ਤੇ ਪੁਸਤਕਾਂ ਦੀ ਸੱਚੀ ਦੋਸਤੀ,
ਹੋਕਾ ਦੇਵੇ ਕਿੰਨਾ ਸੁਹਣਾ ਲੱਗੇ ਕਾਫ਼ਲਾ।

ਲੈ ਲਵੋ ਕਿਤਾਬਾਂ ਵੰਨ ਤੇ ਸੁਵੰਨੀਆਂ,
ਚਾਨਣ ਖਿੰਡਾਉਣ ਲਈ ਆਇਆ ਕਾਫ਼ਲਾ।

ਪੁਸਤਕਾਂ ਗਿਆਨ ਦਾ ਭੰਡਾਰ ਹੁੰਦੀਆਂ,
ਬੱਚਿਓ! ਸੱਚੀ ਗੱਲ ਆਖਦਾ ਹੈ ਕਾਫ਼ਲਾ।

ਪੜ੍ਹ ਕੇ ਕਿਤਾਬਾਂ ਨਾਲ ਪਾਓ ਆੜੀਆਂ,
ਕਿੰਨੀ ਚੰਗੀ ਗੱਲ ਆਖਦਾ ਹੈ ਕਾਫ਼ਲਾ।

ਕਵਿਤਾ, ਕਹਾਣੀ, ਗੀਤ ਤੇ ਬੁਝਾਰਤਾਂ,
ਨਾਟਕਾਂ ਨੂੰ ਖੇਡਣਾ ਸਿਖਾਉਂਦਾ ਕਾਫ਼ਲਾ।

ਜ਼ਿੰਦਗੀ ਨੂੰ ਸੇਧ ਦੇਣ ਪੁਸਤਕਾਂ,
ਅਖ਼ਬਾਰ ਤੇ ਰਸਾਲੇ ਪੜ੍ਹੋ, ਕਹਿੰਦਾ ਕਾਫ਼ਲਾ।

ਫੁੱਲਾਂ ਤੇ ਕਿਤਾਬਾਂ ਨਾਲ ਘਰ ਫੱਬਦੇ,
ਪੌਣਾਂ 'ਚ ਸੰਗੀਤ ਘੋਲ ਜਾਵੇ ਕਾਫ਼ਲਾ।

ਹਸੂੰ-ਹਸੂੰ ਬਾਲ, ਫੁੱਲ ਸੁਹਣੇ ਰੰਗਲੇ,
ਪੁਸਤਕਾਂ ਨੂੰ ਪੜ੍ਹੋ, ਕਹਿੰਦਾ ਫਿਰੇ ਕਾਫ਼ਲਾ।

## ਰੰਗਾਂ ਦੇ ਦ੍ਰਿਸ਼

ਸੱਤ ਰੰਗ ਆਪਸ 'ਚ ਮਿਲ ਕੇ,
ਚਿੱਟਾ ਰੰਗ ਬਣ ਜਾਵੇ।
ਚਾਨਣ ਚਿੱਟਾ ਦਿਨ ਹੈ ਚੜ੍ਹਦਾ,
ਸਭ ਅੱਖੀਆਂ ਨੂੰ ਭਾਵੇ।

ਚਿੱਟੀ ਬਰਫ਼ ਤੇ ਚਿੱਟੇ ਬੱਦਲ,
ਚਿੱਟਾ ਅਮਨ ਦਾ ਝੰਡਾ।
ਦੁੱਧ, ਮਲਾਈ, ਮੱਖਣ ਚਿੱਟਾ,
ਚਿੱਟਾ ਰੂੰ ਦਾ ਫੰਬਾ।

ਫ਼ਸਲਾਂ ਦਾ ਰੰਗ ਸਾਵਾ ਗੂੜ੍ਹਾ,
ਘਾਹ ਮਾਰੇ ਹਰਿਆਲੀ।
ਹਰੇ-ਭਰੇ ਰੁੱਖ, ਬੂਟੇ, ਵੇਲਾਂ,
ਜੀਵਨ ਦੀ ਖੁਸ਼ਹਾਲੀ।

ਨੀਲਾ ਅੰਬਰ ਸਿਰ ਸਾਡੇ 'ਤੇ,
ਕੁਦਰਤ ਵਾਹਵਾ ਤਣਿਆ।
ਕਿਰਨਾਂ ਦਾ ਰੁੱਗ ਲੰਘ ਬੱਦਲਾਂ ਥੀਂ,
ਰੰਗ ਸੁਨਹਿਰੀ ਬਣਿਆ।

ਲਾਲ, ਗੁਲਾਬੀ ਅਤੇ ਉਨਾਭੀ,
ਫੁੱਲ ਖਿੜਦੇ ਤੇ ਸੋਂਹਦੇ।
ਖੰਭ ਮੋਰ ਦੇ ਨੀਲ ਫਿਰੋਜ਼ੀ,
ਜਦ ਤਣਦੇ ਮਨ-ਮੋਂਹਦੇ।

ਰੰਗਾਂ ਦੇ ਦ੍ਰਿਸ਼ ਵੱਖੋ ਵੱਖਰੇ,
ਸਭ ਦੇ ਮਨ ਨੂੰ ਭਾਉਂਦੇ।
ਪੀਂਘ ਸਤਰੰਗੀ ਤੱਕ ਕੇ ਬੱਚੇ,
ਮਾਰ ਤਾੜੀਆਂ ਗਾਉਂਦੇ।

## ਮੋਰੀ ਰੁਣ-ਝੁਣ ਲਾਇਆ

ਮੋਰੀ ਰੁਣ-ਝੁਣ ਲਾਇਆ
ਸਾਵਣ ਆਇਆ
ਮੀਂਹ ਵਰ੍ਹਾਇਆ
ਸਭਨਾਂ ਸ਼ੁਕਰ ਮਨਾਇਆ।

ਆਓ ਭਿੱਜ-ਭਿੱਜ ਭੱਜੀਏ
ਗਰਮੀ ਤੱਜੀਏ
ਰੱਜ ਗਿਆ ਪਿੰਡਾ ਤ੍ਰਿਹਾਇਆ
ਸਾਵਣ ਆਇਆ, ਮੀਂਹ ਵਰ੍ਹਾਇਆ।

ਔਹ ਬੱਦਲਾਂ ਨੇ ਅੰਬਰ ਭਰਿਆ
ਮੇਘ ਅਸਾਡੇ ਖੇਤੀਂ ਵਰ੍ਹਿਆ,
ਝੂਮ ਪਏ ਰੁੱਖ ਬੂਟੇ ਸਾਰੇ
ਪੰਛੀਂ ਚੀਂ-ਚੀਂ ਕਰਦੇ ਪਿਆਰੇ।
ਠੰਢੀ ਪੌਣ ਦਾ ਬੁੱਲਾ ਆਇਆ
ਸਾਵਣ ਆਇਆ, ਮੀਂਹ ਵਰ੍ਹਾਇਆ।

ਪੀਂਘਾਂ ਆਉਣ ਦੀ ਰੁੱਤ ਹੈ ਆਈ
ਕੁੜੀਆਂ ਰਲ ਕੇ ਖੁਸ਼ੀ ਮਨਾਈ,
ਰੁੱਖ-ਪੱਤਿਆਂ ਨੂੰ ਚੜ੍ਹਗੀ ਮਸਤੀ
ਖਿੜ ਉੱਠੀ ਹੈ ਬਸਤੀ-ਬਸਤੀ।
ਰੁੱਠੀ ਬਨੱਸਪਤ ਰੂਪ ਸਜਾਇਆ
ਸਾਵਣ ਆਇਆ, ਮੀਂਹ ਵਰ੍ਹਾਇਆ।

ਸਭ ਪਾਸੇ ਛਾਈ ਹਰਿਆਲੀ
ਹੱਸਣ ਹਾਲੀ, ਪਾਲੀ, ਮਾਲੀ,
ਬਾਗੀਂ ਮੋਰ ਨੇ ਪੈਲਾਂ ਪਾਉਂਦੇ
ਪੀਂਘ ਨੂੰ ਤੱਕ-ਤੱਕ ਬੱਚੇ ਗਾਉਂਦੇ
ਕਿੰਨਾ ਸੁਹਣਾ ਮੌਸਮ ਆਇਆ
ਸਾਵਣ ਆਇਆ, ਮੀਂਹ ਵਰ੍ਹਾਇਆ
ਮੋਰੀ ਰੁਣ-ਝੁਣ ਲਾਇਆ
ਸਾਵਣ ਆਇਆ!!

## ਗਹਿਣਾ ਵਿੱਦਿਆ ਦਾ

ਇੱਕ ਗਹਿਣਾ ਵਿੱਦਿਆ ਦਾ,
ਮਾਏ ਮੈਂ ਪਾਉਣਾ ਨੀਂ,
ਕਿੰਨਾਂ ਵਡਮੁੱਲਾ ਇਹ,
ਕੀ ਇਸ ਦਾ ਕਹਿਣਾ ਨੀਂ।
ਇਹ ਚਾਨਣ ਜੀਵਨ ਦਾ,
ਉਮਰਾਂ ਦਾ ਗਹਿਣਾ ਨੀਂ।

ਨਾ ਚੋਰ ਚੁਰਾ ਸਕੇ,
ਨਾ ਕੋਈ ਲਾਹ ਸਕੇ।
ਵਿੱਦਿਆ ਦੇ ਬਾਝੋਂ ਨੀਂ,
ਚਾਨਣ ਦੇ ਬਾਝੋਂ ਨੀਂ,
ਇਹ ਜੱਗ ਹਨੇਰਾ ਏ।
ਦੁੱਖਾਂ ਦਾ ਡੇਰਾ ਏ।

ਵਿੱਦਿਆ ਇੱਕ ਭਗਤੀ ਏ,
ਸੱਚੀ ਇੱਕ ਸ਼ਕਤੀ ਏ,
ਮਿਹਨਤ ਜੋ ਕਰ ਜਾਵੇ,
ਜੀਵਨ ਵਿੱਚ ਤਰ ਜਾਵੇ।

ਚਾਨਣ ਦਾ ਚਰਖਾ ਮੈਂ,
ਵਿਹੜੇ ਬਹਿ ਕੱਤਾਂ ਨੀਂ,
ਅੱਖਰਾਂ ਦੀ ਪੂਣੀ ਚੋਂ,
ਲੈਵਾਂ ਮੈਂ ਮੱਤਾਂ ਨੀਂ।

ਦਿਲ ਦੀਆਂ ਗੱਲਾਂ ਨੂੰ
ਸ਼ਬਦਾਂ ਵਿੱਚ ਬੰਨ੍ਹਾਂ ਨੀਂ
ਦਾਜ ਦੀਆਂ ਗੀਤਾਂ ਨੂੰ
ਘਰ-ਘਰ 'ਚੋਂ ਭੰਨਾਂ ਨੀਂ।

ਮੈਂ ਕੁਝ ਨਾ ਲੋੜਾਂ ਨੀਂ
ਵਿੱਦਿਆ ਬਿਨ ਥੋੜਾਂ ਨੀਂ,
ਮਾਏ ਬਸ ਚਾਨਣ ਦੇ
ਜੀਵਨ ਨੂੰ ਮਾਨਣ ਦੇ।

ਨਵੀਆਂ ਇਹ ਗੱਲਾਂ ਨੀਂ
ਰਿਸ਼ਮਾਂ ਦੀਆਂ ਛੱਲਾਂ ਨੀਂ,
ਲੋਕਾਂ ਨੂੰ ਦੱਸੀਏ ਨੀਂ
ਸੁਖੀ ਹੋ ਵੱਸੀਏ ਨੀਂ।

ਚਾਨਣ ਦੀਆਂ ਕਲੀਆਂ ਨੀਂ
ਸੋਨੇ ਦੀਆਂ ਡਲੀਆਂ ਨੀਂ।
ਗਹਿਣਾ ਪਾ ਵਿੱਦਿਆ ਦਾ
ਖਿੜੀਆਂ ਅੱਜ ਗਲੀਆਂ ਨੀਂ
ਇੱਕ ਗਹਿਣਾ ਵਿੱਦਿਆ ਦਾ
ਮਾਏ ਮੈਂ ਪਾਉਣਾ ਨੀਂ।

## ਮਾਂ ਅਤੇ ਝੁੰਮੀ

ਨਿੱਕੇ ਹੁੰਦਿਆਂ, ਠੰਢ ਲੱਗਦੀ ਜਦ
ਮਾਂ ਖੇਸੀ ਦੀ ਝੁੰਮੀ ਮਾਰ ਕੇ ਹੱਥੀਂ
ਮੇਰੇ ਸਿਰ 'ਤੇ ਦੇਂਦੀ
ਨਿੱਘ ਆ ਜਾਂਦਾ, ਝੁੰਮੀ ਦੇ ਨਾਲ
ਪਿੰਡਾ ਮਘ ਜਾਂਦਾ।
ਹਾਣੀਆਂ ਦੇ ਸੰਗ ਖੇਡਣ ਦੇ ਲਈ
ਘਰ ਤੋਂ ਬਾਹਰ ਨੂੰ ਭੱਜ ਜਾਂਦਾ
ਠੱਕਾ, ਸਰਦੀ ਸਭ ਭੁੱਲ ਜਾਂਦਾ।

ਮੀਂਹ ਪੈਂਦਾ, ਝੱਖੜ ਝੁਲਦਾ
ਕਣੀਆਂ ਵਰ੍ਹਦੀਆਂ,
ਮਾਂ ਖੇਸੀ ਦੀ ਝੁੰਮੀ ਦੇ ਕੇ
ਮੇਰਾ ਦਿਲ ਪਰਚਾਉਂਦੀ,
ਵਰ੍ਹਦੇ ਮੀਂਹ ਵਿੱਚ ਘਰ ਤੋਂ ਬਾਹਰ
ਕੰਮ ਕਰਨ ਨੂੰ ਘੱਲਦੀ,
ਚਾਵਾਂ-ਮੱਤਾ,

ਓਢ ਕੇ ਛੁੰਮੀ
ਮਾਂ ਦੇ ਕਹਿਣੇ ਮੈਂ ਲਗ ਜਾਂਦਾ।
ਕੰਮ ਕਰ ਆਉਂਦਾ
ਮਾਂ ਨੂੰ ਚੰਗਾ-ਚੰਗਾ ਲੱਗਦਾ।

ਕਦੇ-ਕਦੇ ਮਾਂ
ਛੁੰਮੀ ਮਾਰਨ ਦਾ, ਵੱਲ ਸਿਖਾਉਂਦੀ
ਨਿੱਕੜੇ ਹੱਥਾਂ ਨੂੰ ਜਾਚ ਨਾ ਆਉਂਦੀ
ਤੁੱਥ-ਮੁੱਥ ਖੇਸੀ ਹੀ ਰਹਿ ਜਾਂਦੀ
ਮਾਂ ਹੱਸਦੀ ਤੇ ਮੈਂ ਰੋ ਪੈਂਦਾ
ਛੁੰਮੀ ਦਾ ਮੈਨੂੰ ਵੱਲ ਨਾ ਆਉਂਦਾ।

ਵੱਡਾ ਹੋਇਆ, ਸਮਝ ਇਹ ਆਈ
ਨਿੱਕੀ ਗੱਲ ਵੀ ਸਿੱਖਣ ਦੇ ਲਈ
ਢੰਗ ਚਾਹੀਦਾ,
ਉਮਰਾਂ ਨਾਲ ਤਜਰਬਾ ਆਉਂਦਾ
ਸੂਝ ਹੈ ਆਉਂਦੀ,
ਫ਼ਰਜ਼ ਨਿਭਾਉਣ ਦੀ ਜਾਚ ਹੈ ਆਉਂਦੀ।

ਸਮਾਂ ਬਦਲਿਆ, ਦੌਰ ਬਦਲਿਆ
ਪੀੜ੍ਹੀ-ਦਰ-ਪੀੜ੍ਹੀ ਫ਼ਰਕ ਬਦਲਿਆ
ਤੇਜ਼ੀ ਨਾਲ ਵਿਹਾਰ ਬਦਲਿਆ।

ਹੁਣ ਪੋਤਰਾ ਮੈਥੋਂ
ਧੁੱਪਾਂ ਤੋਂ ਬਚਣੇ ਦੀ ਖਾਤਰ
ਗੋਗਲਜ਼ ਮੰਗੇ
ਰੰਗ-ਬਰੰਗੀ ਛਤਰੀ ਮੰਗੇ
ਬਟਨ ਦਬਾਇਆਂ ਜੋ ਖੁੱਲ੍ਹ ਜਾਵੇ,
ਛੁੰਮੀ ਹੁਣ ਪਸੰਦ ਨਾ ਉਸ ਨੂੰ
ਗਰਮ ਸੂਟ ਪਾ ਬਟਨ ਲਗਾਵੇ
ਪੈਰੀਂ ਮਹਿੰਗੇ ਬੂਟ ਸਜਾਏ।

ਵਰ੍ਹਦੀ ਵਰਖਾ ਤੱਕ ਕੇ ਆਖੇ
ਰੇਨਕੋਟ ਮੈਨੂੰ ਲੈ ਦੇਵੋ
ਮੈਂ ਸਕੂਲੇ ਪੜ੍ਹਨ ਹੈ ਜਾਣਾ
ਬੱਸ ਚੜ੍ਹਨ ਤੱਕ ਭਿੱਜ ਨਾ ਜਾਵਾਂ।

ਮੈਨੂੰ ਆਪਣਾ ਬਚਪਨ ਚੇਤੇ ਆਵੇ
ਮਾਂ ਦੀ ਮਿੱਠੀ ਯਾਦ ਸਤਾਵੇ,
ਇੱਕ ਰੰਗ ਆਵੇ, ਇੱਕ ਰੰਗ ਜਾਵੇ
ਪੋਤਰਾ ਮੇਰਾ
ਹੋਰ ਪੁਲਾਘਾਂ ਪੁੱਟਦਾ ਜਾਵੇ॥

## ਚਾਨਣ ਦੀ ਮਸਾਲ

ਚਾਨਣ ਦੀ ਮਸਾਲ
ਲੈ ਕੇ ਸਾਰੇ ਚੱਲੀਏ,
ਅਮਨ ਦਾ ਸੰਦੇਸ਼
ਸਭ ਥਾਂਈਂ ਘੱਲੀਏ।

ਪੰਛੀਆਂ ਦੀ ਡਾਰ
ਅੰਬਰਾਂ ਨੂੰ ਗੱਛਦੀ,
ਸਾਗਰਾਂ 'ਚ ਬੇੜੀਆਂ ਨੂੰ
ਉੱਠ ਠੱਲ੍ਹੀਏ।

ਖਿੜ ਰਹੇ ਨੇ ਫੁੱਲ
ਵੱਖੋ ਵੱਖ ਰੰਗਾਂ ਦੇ,
ਸੁਗੰਧੀਆਂ ਦੇ ਨਾਲ
ਬੋਲਾਂ ਨੂੰ ਘਚੱਲੀਏ।

ਨਵੇਂ-ਨਵੇਂ ਸੁਪਨਿਆਂ
ਦੀ ਤਾਂਘ ਵੱਖਰੀ,
ਨਵਾਂ ਯੁੱਗ ਸਿਰਜਣੇ
ਲਈ ਪਿੜ ਮੱਲੀਏ।

ਬੀਤ ਗਈਆਂ ਸਦੀਆਂ
ਤੇ ਰੁੱਤਾਂ ਲੰਘੀਆਂ,
ਜ਼ਬਰ ਅਤੇ ਜ਼ੁਲਮ
ਦੱਸੋ ਕਿਉਂ ਝੱਲੀਏ।

ਸ਼ਾਲਾ! ਇਸ ਧਰਤੀ ਦੇ ਉੱਤੇ
ਮੁੜ ਉੱਗਣ ਫੁੱਲ ਬਹੁ-ਰੰਗੇ,
ਕਿਤੇ ਕਰੋਪੀ ਕਦੇ ਨਾ ਵਰਤੇ
ਮੇਰੀ ਕਲਮ ਦੁਆਵਾਂ ਮੰਗੇ।

## ਕਿੱਥੇ ਗਏ ਉਹ ਫੁੱਲ ਪਿਆਰੇ

(ਗੁਜਰਾਤ ਦੇ ਭੁਚਾਲ ਗ੍ਰਸਤ ਬੱਚਿਆ ਦੇ ਨਾਂ)

ਹੁਣੇ ਹੁਣੇ ਸੀ ਮਹਿਕਾਂ ਇਥੇ
ਹੁਣੇ ਹੁਣੇ ਸੀ ਇਥੇ ਮੁਸਕਾਨਾਂ,
ਕਿਥੇ ਗਈਆਂ ਕੋਮਲ ਜਿੰਦਾਂ
ਕੁਦਰਤ ਨੇ ਲੈ ਲਈਆਂ ਜਾਨਾਂ।

ਸੱਜਰਾ ਸੱਜਰਾ ਦਿਨ ਸੀ ਚੜ੍ਹਿਆ
ਗੀਤ ਵਤਨ ਦੇ ਗਾਉਂਦੇ ਬੱਚੇ,
ਹੇਕਾਂ ਲਾਉਂਦੇ, ਖ਼ੁਸ਼ੀ ਮਨਾਉਂਦੇ
ਪਲ 'ਚ ਵਿਛੜੇ ਮੋਤੀ ਸੁੱਚੇ।

ਫੁੱਲਾਂ ਵਰਗੇ ਹਸਦੇ ਚਿਹਰੇ
ਸੀ ਧਰਤੀ ਦਾ ਜਸ ਗਾਉਂਦੇ,
ਗੁੰਮ ਗਏ ਉਹ ਬਾਲ ਪਿਆਰੇ
ਗਣ-ਤੰਤਰ ਦਿਵਸ ਮਨਾਉਂਦੇ।

ਨਾ ਉਹਨਾਂ ਕੱਤੇ ਸੁਪਨੇ ਪੂਰੇ
ਨਾ ਉਹ ਰੱਜ-ਰੱਜ ਖੇਡੇ,
ਬੱਚਿਆਂ ਦਾ ਦੁੱਖ ਸਹਿਣਾ ਔਖਾ
ਮਾਪੇ ਖਾਂਦੇ ਫਿਰਦੇ ਠੇਡੇ।

ਕੁਦਰਤ ਕੇਹੀ ਕਰੋਪੀ ਕੀਤੀ
ਸਭ ਕੁਝ ਖੰਡਰ ਹੋਇਆ,
ਮਾਪੇ, ਬੱਚੇ ਚੀਕਾਂ ਮਾਰਨ
ਸੁਣ-ਸੁਣ ਜੱਗ ਹੈ ਰੋਇਆ।

## ਪੰਛੀਆਂ ਨਾਲ ਸੁਹੰਦੀ ਧਰਤੀ

ਬਾਗ਼ਾਂ ਦੇ ਵਿੱਚ ਮੋਰ ਕੂਕਦੇ,
ਅੰਬ 'ਤੇ ਕੂਕਣ ਕੋਇਲਾਂ।
ਤਿਲੀਆਰ ਹਾਜ਼ਰੀ ਭਰਦੇ ਰੋਹੀਂ,
ਕਬੂਤਰ ਕਰਨ ਕਲੋਲਾਂ।

ਚਿੜੀਆਂ ਕੋਠੇ ਚੀਂ-ਚੀਂ ਲਾਈ,
ਸ਼ੋਰ ਮਚਾਇਆ ਕਾਂਵਾਂ।
ਬਾਜ਼ ਉਡਾਰੀ ਭਰਦਾ ਆਖੇ,
ਚੁੰਝ ਅੰਬਰਾਂ ਨੂੰ ਲਾਵਾਂ।

ਕੱਤਕ ਕੂੰਜਾਂ ਆਈਆਂ ਚੱਲ ਕੇ,
ਸਰਵਰ ਵਿੱਚ ਮੁਰਗਾਈਆਂ।
ਰੜੇ ਮੈਦਾਨ ਟਟੀਹਰੀ ਗਾਵੇ,
ਇੱਲਾਂ ਉਡਾਰੀਆਂ ਲਾਈਆਂ।

ਤੋਤੇ ਖੇਤੋਂ ਦਾਣੇ ਠੂੰਗਦੇ,
ਬਿਜੜਾ ਉਣੇ ਸਲਾਈਆਂ।
ਘੁੱਗੀ ਸਿਖਰ ਦੁਪਹਿਰੇ ਗੁਟਕੇ,
ਤਿੱਤਰ ਦੇਣ ਗੁਆਹੀਆਂ।

ਬਗਲਾ ਛੱਪੜ ਕੰਢੇ ਖਲੋਤਾ,
ਮੱਛੀਆਂ ਪਾਣ ਦੁਹਾਈਆਂ।
ਪੰਛੀਆਂ ਨਾਲ ਸੁਹੰਦੀ ਧਰਤੀ,
ਚੱਕੀਰਾਹਾ ਦਵੇ ਵਧਾਈਆਂ।

## ਏਕੇ ਦੀ ਤੰਦ

ਇੱਕ ਤੰਦ ਵਿੱਚ ਫੁੱਲ ਪਰੋਈਏ
ਇੱਕ ਤੰਦ ਵਿੱਚ ਮਣਕੇ,
ਇੱਕ ਹੇਕ ਬਣ ਸਾਰੇ ਗਾਈਏ
ਸਾਡੇ ਪੈਰੀਂ ਘੁੰਗਰੂ ਛਣਕੇ।

ਇੱਕ ਅੰਬਰ ਹੈ ਸਾਡਾ ਸਾਂਝਾ
ਇੱਕ ਸਾਂਝੀ ਧਰਤੀ ਮਾਈ,
ਇੱਕ ਸੂਰਜ ਸਾਨੂੰ ਚਾਨਣ ਵੰਡੇ
ਜਿਸ ਦੁਨੀਆ ਕੁੱਲ ਰੁਸ਼ਨਾਈ।

ਇੱਕ ਨੂਰ ਤੋਂ ਜਨਮੇ ਸਾਰੇ
ਇੱਕ ਕੁਦਰਤ ਹੈ ਬਲਿਹਾਰੀ,
ਇੱਕ ਲਹੂ ਦੀ ਰੰਗਤ ਸਾਂਝੀ
ਸਾਂਝੀ ਵਿਰਸੇ ਦੀ ਫੁਲਕਾਰੀ।

ਇੱਕੋ ਤਿੱਥ-ਤਿਉਹਾਰ ਅਸਾਡੇ
ਸਾਡੇ ਰਿਸ਼ਤੇ ਨਾਤੇ ਸਾਂਝੇ,
ਵਾਰਿਸ ਗਾਈਏ, ਨਾਨਕ ਜਪੀਏ
ਸਾਡੇ ਸਾਂਝੇ ਹੀਰਾਂ-ਰਾਂਝੇ।

ਇੱਕ ਤੰਦ ਵਿੱਚ 'ਕੱਠੇ ਹੋ ਕੇ
ਰਲ-ਮਿਲ ਸਿੱਖੀਏ ਰਹਿਣਾ,
ਏਕੇ ਦਾ ਰੰਗ ਗੂੜ੍ਹਾ ਪੱਕਾ
ਪੱਕਾ ਰੰਗ ਨੀ ਲਹਿਣਾ।

## ਸੁੰਦਰ ਸੰਸਾਰ ਬਣਾਈਏ

ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

ਰੱਜਵਾਂ ਸਾਨੂੰ ਪਿਆਰ ਮਿਲੇ,
ਘਰ ਦਾ ਨਿੱਘ ਅਪਾਰ ਮਿਲੇ,
ਖ਼ੁਸ਼ੀਆਂ ਦਾ ਸੰਸਾਰ ਮਿਲੇ।
ਅਸੀਂ ਹਾਂ ਦੁਨੀਆ ਭਰ ਕੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

ਮਿੱਠੇ-ਮਿੱਠੇ ਗਾਈਏ ਗੀਤ,
ਨੱਚੀਏ, ਟੱਪੀਏ ਨਾਲ ਸੰਗੀਤ,
ਹੋਵੇ ਅਮਨਾਂ ਨਾਲ ਪ੍ਰੀਤ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

ਵਿੱਦਿਆ ਹਾਸਲ ਕਰੀਏ ਸਾਰੇ,
ਮਨ ਤੋਂ ਤਕੜੇ, ਤਨ ਤੋਂ ਪਿਆਰੇ,
ਹੱਕ ਨਿਆਂ ਦੇ ਸਾਡੇ ਨਾਅਰੇ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

ਅਸੀਂ ਹਾਂ ਰੰਗ-ਬਰੰਗੇ ਫੁੱਲ,
ਸਾਡੇ ਸੁਪਨੇ ਲੋੜਨ ਖੁੱਲ੍ਹ,
ਕਿਹੜਾ ਬਚਪਨ ਦੇ ਹੈ ਤੁੱਲ।
ਅਸੀਂ ਹਾਂ ਦੁਨੀਆ ਭਰ ਦੇ ਬਾਲ
ਸਾਰੇ ਰੱਖਣ ਸਾਡਾ ਖ਼ਿਆਲ।

## ਫੁੱਲਾਂ ਵਾਂਗੂੰ ਹੱਸੀਏ

ਆਓ ਨੀ ਕੁੜੀਓ
ਉਡੋ ਨੀਂ ਚਿੜੀਓ
ਸੂਰਜ ਚੜ੍ਹਿਆ ਲਾਲ
ਸੋਨ ਸੁਨਹਿਰੀ ਕਿਰਨਾਂ ਵੰਡੇ
ਜਿਉਂ ਸੋਨੇ ਦਾ ਥਾਲ।

ਆਓ ਨੀਂ ਕੁੜੀਓ
ਸੁਣੋਂ ਨੀਂ ਚਿੜੀਓ
ਉਡੀਏ ਬੱਦਲਾਂ ਨਾਲ
ਗਿੱਧਾ ਪਾਈਏ, ਹੇਕਾਂ ਲਾਈਏ
ਘੁੰਗਰੂ ਦੇਵਣ ਤਾਲ।

ਆਓ ਨੀਂ ਕੁੜੀਓ
ਉਡੋ ਨੀਂ ਚਿੜੀਓ
ਵਗੀਏ ਪੌਣਾਂ ਸੰਗ
ਮਾਰ ਉਡਾਰੀ ਉੱਚੇ ਉੱਡੀਏ
ਅੰਬਰ ਜਾਈਏ ਲੰਘ।

ਆਓ ਨੀ ਕੁੜੀਓ
ਬਹਿ ਜੋ ਚਿੜੀਓ
ਨੈਣੀਂ ਸੁਪਨੇ ਲਈਏ
ਮਿੱਠੜੇ-ਮਿੱਠੜੇ ਬੋਲਾਂ ਤਾਈਂ
ਗੱਲ ਸੱਚੜੀ ਕਹੀਏ।

ਆਓ ਨੀ ਕੁੜੀਓ
ਸੁਣੋ ਨੀਂ ਚਿੜੀਓ
ਮਿੱਟੀ ਬੀਜੀਏ ਦਾਣੇ
ਧਰਤੀ ਉਪਜੇ ਭੁੱਖ ਮਿਟੇਗੀ
ਕਹਿੰਦੇ ਲੋਕ ਸਿਆਣੇ

ਆਓ ਨੀਂ ਕੁੜੀਓ
ਸੁਣੋ ਨੀਂ ਚਿੜੀਓ
ਫੁੱਲਾਂ ਵਾਂਗੂੰ ਹੱਸੀਏ
ਮਹਿਕਾਂ ਵੰਡੀਏ ਚਾਰ ਚੁਫੇਰੇ
ਲੋਕ-ਦਿਲਾਂ ਵਿੱਚ ਵੱਸੀਏ।

## ਬੱਦਲ ਚੰਗੇ ਲਗਦੇ

ਸਾਉਣ ਮਹੀਨੇ ਉੱਡਦੇ ਫਿਰਦੇ
ਮੈਨੂੰ ਬੱਦਲ ਚੰਗੇ ਲਗਦੇ,
ਵਿੱਚ ਅੰਬਰਾਂ ਦੇ ਏਦਾਂ ਜਾਪਣ
ਜਿਉਂ ਘੋੜੇ, ਹਾਥੀ ਭੱਜਦੇ।

ਕਦੇ ਕਦੇ ਇਹ ਬੱਦਲ ਚਿੱਟੇ
ਰੂੰ ਦੀਆਂ ਪੰਡਾਂ ਦਿਸਣ,
ਤੱਕਦਿਆਂ-ਤੱਕਦਿਆਂ ਨਜ਼ਰਾਂ ਅੱਗੋਂ
ਝਾਈਂ-ਮਾਈਂ ਹੋ ਖਿਸਕਣ।

ਕਦੇ-ਕਦੇ ਇਹ ਬੱਦਲ ਕਾਲੇ
ਰੇਲ-ਗੱਡੀ ਦੇ ਇੰਜਣ ਲੱਗਣ,
ਅੱਗੜ-ਪਿੱਛੜ ਡੱਬਿਆਂ ਵਾਂਗੂੰ
ਪਾਣੀ ਡੋਲ੍ਹ ਕੇ ਭੱਜਣ।

ਕਦੇ-ਕਦੇ ਇਹ ਬਲਦਾਂ ਵਾਂਗੂੰ
ਚਾਲ ਮਸਤੀ ਦੀ ਤੁਰਦੇ,
ਪਾਣੀ ਵਿੱਚ ਪਤਾਸਿਆਂ ਵਾਂਗੂੰ
ਔਹ ਦੇਖੋ ਝੱਟ ਖੁਰਗੇ।

ਕਦੇ-ਕਦੇ ਕੋਈ ਤਿੱਤਰ-ਖੰਭਾ
ਬੱਦਲ ਥੱਕਿਆ-ਥੱਕਿਆ ਲਗਦਾ,
ਪਾਣੀ ਬਾਝੋਂ ਖਾਲਮ-ਖਾਲੀ
ਹੌਲੀ ਹੌਲੀ ਭੱਜਦਾ।

ਕਦੇ-ਕਦੇ ਕੋਈ ਬੱਦਲ ਭਾਰੀ
ਪਰਬਤ ਤੁਰਦਾ ਜਾਪੇ,
ਵਾਹ, ਬੱਦਲਾਂ ਦੀ ਚਾਲ ਨਿਰਾਲੀ
ਰੰਗ ਬਦਲਦੇ ਆਪੇ।।

## ਕੁਦਰਤ ਦੀ ਸੁੰਦਰਤਾ

ਵਗਦੀ ਏ ਪੌਣ
ਤਾਂ ਟਾਹਣੀਆਂ ਨੇ ਲਹਿਰਾਈਆਂ
ਤੇ ਪੱਤਰਾਂ ਨੂੰ ਚੜ੍ਹਿਆ ਏ ਚਾਅ
ਖਿਤਜਾਂ 'ਤੇ ਛਿੜ ਆਉਂਦੀਆਂ ਰੁਸ਼ਨਾਈਆਂ।

ਫੁੱਲਾਂ ਉੱਤੇ
ਜੋਬਨੇ ਦੀ ਰੁੱਤ ਅੰਗੜਾਈ ਲਵੇ
ਸੋਖ-ਸੋਖ ਨਿਖਰਨ ਕਿਆਰੀਆਂ।

ਸੋਨੇ ਰੰਗੀ ਧੁੱਪ ਜੋ
ਸੂਰਜੇ ਤੋਂ ਬੁੱਕਾਂ ਭਰ,
ਦਿਨ ਦਾ ਸਜੀਲਾ ਜੁੱਸਾ
ਕੰਮਾਂ ਨੂੰ ਨਜਿੱਠਣ ਲਈ
ਗੁੱਛਾ-ਗੁੱਛਾ ਕਰਦਾ ਤਿਆਰੀਆਂ।

ਮਿੱਟੀ 'ਚੋਂ ਸੁਗੰਧੀ ਜਾਗੇ
ਫ਼ਸਲਾਂ ਦੇ ਦਾਣਿਆਂ 'ਚ
ਵੇਖੋ ਕਿਵੇਂ ਹੱਸਦੀਆਂ
ਮਿਹਨਤਾਂ ਪਿਆਰੀਆਂ।

ਪਾਣੀ ਦੇ ਸਰੋਵਰਾਂ 'ਚ
ਕਾਦਰ ਦੀ ਲੀਲ੍ਹਾ ਨਿਆਰੀ,
ਤਰੰਗਾਂ ਤੇ ਉਮੰਗਾਂ ਸੰਗ
ਲਾਉਂਦੀਆਂ ਮੁਰਗ਼ਾਬੀਆਂ ਤਾਰੀਆਂ।

ਬੱਦਲਾਂ ਦੇ ਪੱਲਿਆਂ ਨੂੰ
ਕਿਰਨਾਂ ਦਾ ਗੋਟਾ ਸੁੱਚਾ
ਅੰਬਰ ਦੀ ਫੁਲਕਾਰੀ ਉੱਤੇ
ਹੁੱਨਰ ਦੇ ਕਰਤਾਰੀ ਹੱਥਾਂ
ਕਿੰਨੀਆਂ ਰੰਗੀਨ ਲੀਕਾਂ ਮਾਰੀਆਂ॥

## ਹਨੇਰੀ

ਹਨੇਰੀ ਆਈ, ਹਨੇਰੀ ਆਈ,
ਮਿੱਟੀ ਘੱਟਾ ਨਾਲ ਲਿਆਈ।

ਕਿਰਕਲ ਕਿਰਕਲ ਹੋ ਗਏ ਸਾਰੇ,
ਉੱਖੜ ਗਏ ਕਈ ਰੁੱਖ ਵੀ ਭਾਰੇ।

ਬਿਰਖਾਂ ਦੇ ਪੱਤਰ ਨੇ ਝੜ ਗਏ,
ਟਾਹਣੀ ਝੁਰਦੇ ਵੀ ਕਈ ਪਜੜੇ।

ਚੌਖਟ ਖਾਬੇ ਤੋਂ ਡਰ ਲੱਗੇ,
ਸੱਭੇ ਆਉਣ ਘਰਾਂ ਨੂੰ ਭੱਜੇ।

ਧੂੜ ਦੇ ਕਣ ਅੰਬਰ 'ਤੇ ਛਾਏ
ਪੰਛੀ ਆਲ੍ਹਣਿਆਂ ਵਿੱਚ ਆਏ।

ਕਈ ਰੁੱਖਾਂ ਦੇ ਟੁੱਟ ਗਏ ਟਹਿਣ,
ਫ਼ਲ ਵੀ ਝੜ ਗਏ ਲੋਕੀਂ ਕਹਿਣ।

ਲੋਕਾਂ ਘਰਾਂ ਦੇ ਬੂਹੇ ਢੋਏ,
ਧੂੜ ਦੇ ਬੱਦਲ ਭਾਰੀ ਹੋਏ।

ਲੰਘੀ ਹਨੇਰੀ, ਸ਼ੁਕਰ ਮਨਾਇਆ,
ਸਭ ਨੂੰ ਸੁੱਖ ਦਾ ਸਾਹ ਹੈ ਆਇਆ।

ਬਦਲਿਆ ਮੌਸਮ ਹੋਇਆ ਉਜਾਲਾ,
ਚੰਗਾ ਲੱਗੇ ਮੁੜ ਆਲਾ-ਦੁਆਲਾ।

ਹਨੇਰੀ ਤੋਂ ਜਿਹੜੇ ਨਾ ਡਰਦੇ,
ਉਹੀਓ ਜਿੱਤ ਨੂੰ ਹਾਸਲ ਕਰਦੇ।

## ਵਰਖਾ ਨੂੰ ਜੀ ਆਇਆਂ

ਆਓ ਵੇ ਬੱਦਲੋ, ਪਿਆਰੇ ਬੱਦਲੋ,
ਛਾ ਜਾਓ ਰਲ ਅੰਬਰ ਉੱਤੇ,
ਅਸੀਂ ਧਰਤੀ ਦੇ ਬਾਲ ਨਿਆਣੇ
ਸਾਡੇ ਰੁੱਖ, ਬੂਟੇ ਨੇ ਸੁੱਕੇ।

ਸਾਨੂੰ ਗਰਮੀ ਬੜੀ ਹੈ ਲਗਦੀ,
ਲੂਆਂ ਵਗਣ, ਤ੍ਰੇਹਾਂ ਲੱਗਣ।
ਸਾਡੇ ਨੰਗੇ ਪੈਰ ਨੇ ਸੜਦੇ,
ਗਰਮ-ਤੱਤੀਆਂ ਪੌਣਾਂ ਵੱਗਣ।

ਗੱਲ ਸੁਣ, ਬੱਦਲ ਗੂੜ੍ਹੇ ਹੋਏ,
ਰਿੰਮ-ਝਿੰਮ ਵਰਖਾ ਹੋਵੇਗੀ।
ਕਣੀਆਂ ਦੀ ਫ਼ੁਆਰ ਠੰਢੜੀ,
ਸਭ ਦੇ ਪਿੰਡੇ ਧੋਵੇਗੀ।

ਰੁੱਖ-ਬੂਟੇ ਤੇ ਜੀਵ ਪਿਆਰੇ,
ਪੰਛੀ ਖ਼ੁਸ਼ੀ ਮਨਾਵਣਗੇ।
ਅਸੀਂ ਵੀ ਨੰਗੇ ਪਿੰਡੇ ਕਰ ਕੇ,
ਵਰਖਾ ਦੇ ਵਿੱਚ ਨਹਾਂਵਾਂਗੇ।

ਛਮ-ਛਮ ਵਰ੍ਹਦੀ ਵਰਖਾ ਸਾਨੂੰ,
ਬਹੁਤ ਪਿਆਰੀ ਲਗਦੀ ਹੈ।
ਵਰਖਾ ਰੁੱਤੇ ਅੰਬਰ ਉੱਤੇ,
ਪੀਂਘ ਸਤਰੰਗੀ ਸਜਦੀ ਹੈ।

ਵਰਖਾ ਤੈਨੂੰ ਜੀ ਆਇਆਂ ਨੂੰ,
ਫ਼ਸਲਾਂ 'ਤੇ ਰੌਣਕ ਆਈ ਏ।
ਪਸ਼ੂ, ਪੰਛੀ ਤੇ ਜੀਵ-ਜੰਤ ਨੇ,
ਰੱਜ ਕੇ ਖ਼ੁਸ਼ੀ ਮਨਾਈ ਏ।

ਰੱਬਾ-ਰੱਬਾ ਮੀਂਹ ਵਸਾ ਦੇ,
ਸਾਰੇ ਰਲ-ਮਿਲ ਗਾਵ੍ਹਾਂਗੇ।
ਲੈ ਕੇ ਛਤਰੀਆਂ ਰੰਗ-ਬਰੰਗੀਆਂ,
ਪੜ੍ਹਨ ਸਕੂਲੇ ਜਾਵਾਂਗੇ।

## ਲੁਹਾਰ ਦੀ ਭੱਠੀ

ਲੁਹਾਰ ਦੀ ਭੱਠੀ
ਤਪਦੀ ਪਈ
ਲਾਲ ਸੁਰਖ਼ ਕੋਲੇ
ਦਗ਼ ਦਗ਼ ਕਰਦੇ,
ਅੱਗ ਦਾ ਸੇਕ
ਪੂਰੇ ਤਾਅ 'ਤੇ
ਲੁਹਾਰ ਸੰਨ੍ਹੀ ਨਾਲ
ਲੋਹੇ ਦਾ ਟੁਕੜਾ
ਭੱਠੀ 'ਚ ਰਖਦਾ।

ਕੁਝ ਪਲ ਪਿੱਛੋਂ
ਉਹੀ ਟੁਕੜਾ
ਅੱਗ ਵਰਗਾ
ਲਾਲ ਸੂਹਾ
ਭੱਠੀ 'ਚੋਂ ਚੁੱਕ
ਮੱਥੇ ਦਾ ਪਸੀਨਾ
ਪੂੰਝਣ ਲੱਗਦਾ।

ਘਣ ਚੁੱਕੀ ਕਾਮਾ
ਆਪਣੇ ਡੌਲੇ ਪਰਖਦਾ
ਤੇ ਲੁਹਾਰ ਦੇ ਇਸ਼ਾਰੇ 'ਤੇ
ਘਣ ਨਾਲ ਟੁਕੜੇ ਉੱਤੇ
ਸੱਟਾ ਲਾਉਣ ਲੱਗਦਾ,
ਲੋਹੇ 'ਤੇ ਲੋਹਾ ਖੜਕਦਾ।

ਠਾਹ-ਠਾਹ, ਛੰਨ-ਛੰਨ
ਚੁਫ਼ੇਰੇ ਆਵਾਜ਼ ਗੂੰਜਦੀ
ਸੂਰਜ ਦੇ ਹਾਸੇ ਵਾਂਗ
ਲੋਹੇ 'ਚੋਂ ਅੱਗ ਤਿੜਕਦੀ।

ਲੁਹਾਰ ਦਾ ਹੁੱਨਰ
ਲੋਹੇ ਨਾਲ ਲੋਹਾ ਹੁੰਦਾ
ਅੱਗ ਨਾਲ ਖੇਡਦਾ
ਸਮੇਂ ਦੀ ਮੰਗ 'ਤੇ
ਲਾਲ ਸੁਰਖ ਲੋਹਾ
ਵੱਖੋ ਵੱਖਰੇ ਰੂਪ ਧਾਰਦਾ।

ਕਦੇ ਕੁਹਾੜੀ, ਕਦੇ ਰੰਦਾ।
ਕਦੇ ਬਰਛੀ, ਕਦੇ ਨੇਜ਼ਾ
ਜਾਂ ਕਿਰਤੀ ਦਾ
ਕੋਈ ਹੋਰ ਸੰਦ
ਕਦੇ ਕੁਝ, ਕਦੇ ਕੁਝ
ਲੋਹਾ ਰੂਪ ਧਾਰਦਾ।

## ਮੌਨਸੂਨ ਪੌਣਾਂ

ਵਾਹਵਾ, ਮੌਨਸੂਨ ਨੇ ਆਈਆਂ,
ਠੰਢੀਆਂ ਪੌਣਾਂ ਨਾਲ ਲਿਆਈਆਂ।

ਹਿੰਦ-ਮਹਾਂ ਸਾਗਰ ਘਰ ਇਹਨਾਂ ਦਾ
ਸਾਂਝ ਇਹਨਾਂ ਦੀ ਸੂਰਜ ਨਾਲ,
ਭਾਰਤ ਨਾਲ ਹੈ ਡੂੰਘਾ ਰਿਸ਼ਤਾ
ਵੱਸ ਕੇ ਕਰਦੀਆਂ ਮਾਲਾ-ਮਾਲ।

ਸੁੱਕੇ ਥਲਾਂ ਨੂੰ ਸਿੰਜਣ ਖਾਤਰ
ਕਿਣ-ਮਿਣ ਕਰਕੇ ਛਹਿਬਰ ਲਾਵਣ,
ਰੁੱਖ, ਬੂਟੇ, ਫੁੱਲ, ਬੇਲਾਂ, ਫ਼ਸਲਾਂ
ਆਪਣੀ-ਆਪਣੀ ਤ੍ਰੇਹ ਬੁਝਾਵਣ।

ਇੱਕ ਪੂਰ ਚੱਲ ਖਾੜੀ ਬੰਗਾਲੋਂ
ਹਿਮਾਲਾ ਦੇ ਸੰਗ ਦੋਸਤੀ ਪਾਵੇ।
ਇੱਕ ਪੂਰ ਤੁਰ ਅਰਬ ਸਾਗਰੋਂ
ਅਰਾਵਲੀ ਦੇ ਸੰਗ ਦਿਲ ਪਰਚਾਵੇ।

ਬੰਨ੍ਹ ਟੋਲੀਆਂ ਬੱਦਲਾਂ ਦੇ ਵਿਹੜੇ
ਕੱਠੀਆਂ ਹੋ ਕੇ ਘੁਲ-ਮਿਲ ਜਾਵਣ,
ਮਸਤੀ ਦੇ ਨਾਲ ਝੂਮ-ਝੂਮ ਕੇ
ਅੰਬਰਾਂ ਦੇ ਵਿੱਚ ਤਾਰੀਆਂ ਲਾਵਣ।

ਪੂਰਾ ਸਾਲ ਉਡੀਕ 'ਚ ਲੰਘੇ
ਇਹਨਾਂ ਪੌਣਾਂ ਦੀ ਆਮਦ ਖਾਤਰ,
ਹਰ ਕੋਈ ਕਰੇ ਉਡੀਕ ਇਹਨਾਂ ਦੀ
ਘਰ ਆਵੇ ਜਿਵੇਂ ਪਿਆਰਾ ਪਾਤਰ।

ਦੇਸ ਪੰਜਾਬ ਜਦੋਂ ਇਹ ਆਵਣ
ਸਭ ਦੇ ਮਨਾਂ ਨੂੰ ਚਾਅ ਚੜ੍ਹਾਵਣ,
ਬੱਚੇ, ਬੁੱਢੇ, ਗੱਭਰੂ, ਨੱਢੀਆਂ
ਕਿਰਤੀ, ਕਾਮੇ ਸਭ ਖ਼ੁਸ਼ੀ ਮਨਾਵਣ।

ਖੇਤਾਂ ਦੀ ਹਰਿਆਲੀ ਖ਼ਾਤਰ
ਬਣ ਬਦਲੋਟੀਆਂ ਭਾਗ ਜਗਾਵਣ
ਰੱਬਾ-ਰੱਬਾ ਮੀਂਹ ਵਰਸਾਅ
ਕੁੜੀਆਂ ਪਿਪਲੀਂ ਪੀਂਘਾਂ ਪਾਵਣ।

ਪੌਣੋਂ ਨੀਂ ਕੋਈ ਦਿਓ ਸੁਨੇਹੜਾ
ਮੋਰੀ ਰੁਣ-ਝੁਣ, ਪੰਛੀ-ਗਾਵਣ,
ਸਾਉਣ ਮਹੀਨੇ ਛਮ-ਛਮ ਕਰ ਕੇ
ਸ਼ਾਲਾ! ਸਭ ਦੇ ਦਿਲ ਨੂੰ ਭਾਵਣ।

## ਪਾਣੀ ਵਿੱਚ ਪਤਾਸਾ

ਮੰਮੀ, ਮੰਮੀ
ਤੂੰ ਹੈਂ ਬੜੀ ਪਿਆਰੀ
ਤ੍ਰੇਹ ਲੱਗੀ ਹੈ
ਮੇਰੀ ਗਲਾਸੀ ਪਾ ਦੇ ਪਾਣੀ।
ਮਾਂ ਨੇ ਸੁੱਚੇ ਘੜੇ 'ਚੋਂ ਪਾਣੀ
ਵਿੱਚ ਗਲਾਸੀ ਡੁਲਣੋ ਪਾਇਆ।

ਭਰੀ ਗਲਾਸੀ ਤੱਕ ਕੇ
ਬੱਚਾ ਖਿਲ-ਖਿਲ
ਚਾਂਗਰ ਮਾਰ ਕੇ ਹੱਸਿਆ।
ਮੰਮੀ, ਫਿੱਕਾ ਪਾਣੀ
ਮਿੱਠਾ ਕਰ ਦੇ
ਮਿੱਠਾ ਮੈਨੂੰ ਚੰਗਾ ਲੱਗੇ
ਮਾਂ ਨੂੰ ਅੱਗੋਂ ਹੁਕਮ ਸੁਣਾਇਆ।

ਮਾਂ ਨੇ ਇੱਕ ਪਤਾਸਾ ਲੈ ਕੇ
ਵਿੱਚ ਗਲਾਸੀ ਘੋਲ ਘੁਮਾਇਆ
ਪਾਣੀ ਮਿੱਠਾ-ਮਿੱਠਾ ਹੋਇਆ।

ਬਾਲ ਇਆਣੇ ਸਭ ਕੁਝ ਤੱਕਿਆ
ਮਿੱਠੀ-ਮਿੱਠੀ ਹਾਸੀ ਹੱਸਿਆ,
ਬਾਲ ਨੇ ਐਪਰ
ਪਾਣੀ ਦਾ ਪਰ ਘੁਟ ਨਾ ਪੀਤਾ।

ਮਾਂ ਨੇ ਆਖਿਆ
ਪੁੱਤਰ, ਪਾਣੀ ਪੀ ਲੈ
ਮਿੱਠਾ ਹੋਇਆ।
ਮੰਮੀ, ਤੈਨੂੰ ਤੱਕ ਕੇ
ਤ੍ਰੇਹ ਬੁਝੀ ਹੈ
ਰੱਜ ਹੈ ਆਇਆ।

ਮੰਮੀ, ਮੰਮੀ
ਮੈਨੂੰ ਉਹੀ ਪਤਾਸਾ ਦੇ ਦੇ
ਘੋਲਿਆ ਵਿੱਚ ਗਲਾਸੀ ਜਿਹੜਾ।

ਮਾਂ, ਖੀਵੀ ਕੀ ਉੱਤਰ ਦੇਵੇ
ਸਮਝ ਨਾ ਆਵੇ?
ਕਿੰਝ ਪਤਾਸਾ ਪਾਣੀ ਘੁਲਿਆ
ਤਲੀ ਟਿਕਾਵੇ,
ਸੋਚਾਂ ਸੋਚੇ।

ਮਾਂ ਨੇ ਆਖ਼ਿਰ-
ਪਿਆਰ ਦਾ ਮਿੱਠਾ ਚੁੰਮਣ ਦੇ ਕੇ
ਬੱਚੇ ਦਾ ਮੁੜ ਦਿਲ ਪਰਚਾਇਆ
ਮਨ ਬਹਿਲਾਇਆ।

## ਕਣਕਾਂ ਦਾ ਗੀਤ

ਕਣਕਾਂ ਬੀਜੀਆਂ
ਮਿਹਨਤਾਂ ਕਰ ਕੇ
ਧਰਤੀ ਦੇ ਪੁੱਤਰਾਂ ਨੇ
ਬੱਲੇ ਬੇਲੀਆ।
ਕਣਕਾਂ ਜੰਮੀਆਂ,
ਤੇ ਹੋਈਆਂ ਲੰਮੀਆਂ,
ਖੇਤਾਂ 'ਚ ਬਹਾਰ ਆ ਗਈ
ਬੱਲੇ ਬੇਲੀਆ।

ਪੁੱਤ ਸੂਰਮੇ,
ਮਨਾਉਂਦੇ ਖ਼ੁਸ਼ੀਆਂ
ਦੇਸ਼ ਦੇ ਭੰਡਾਰ ਭਰ ਕੇ
ਬੱਲੇ ਬੇਲੀਆ।

ਨੰਗ ਭੁੱਖ ਨੂੰ
ਭਜਾਉਣਾ ਦੇਸੋਂ
ਮਿਹਨਤਾਂ ਦੇ ਸਿੱਟਿਆਂ ਨੇ
ਬੱਲੇ ਬੇਲੀਆ।

ਤੱਕ ਬੱਲੀਆਂ
ਤੇ ਗੁੰਦਵੇਂ ਦਾਣੇ
ਖ਼ੁਸ਼ੀਆਂ ਦਾ ਚਾਅ ਚੜ੍ਹਿਆ
ਬੱਲੇ ਬੇਲੀਆ।

ਪਾਈਏ ਭੰਗੜਾ
ਮਿਹਨਤਾਂ ਫ਼ਲੀਆਂ,
ਕਿਰਤੀ ਕਿਸਾਨ ਨੱਚਦੇ
ਬੱਲੇ ਬੇਲੀਆ।

ਸੁਹਣੇ ਗੱਭਰੂ
ਬਾਂਕੀਆਂ ਨੱਢੀਆਂ
ਦੇਸ਼ ਹੈ ਪੰਜਾਬ ਰੰਗਲਾ,
ਬੱਲੇ ਬੇਲੀਆ
ਬੱਲੇ ਬੇਲੀਆ।

## ਦੀਵੇ ਤੋਂ ਦੀਵਾ ਜਗਦਾ

ਦੀਵਾ ਜਦੋਂ ਹੈ ਬਲਦਾ
ਹਨੇਰਾ ਦੂਰ ਹੁੰਦਾ
ਤੇ ਚਾਨਣ ਚੁਫ਼ੇਰੇ ਖਿੰਡਦਾ।

ਇੱਕ ਚੇਤਨਾ ਦਾ ਦੀਵਾ
ਅਧਿਆਪਕ ਬਾਲਦਾ ਹੈ
ਕੋਮਲ, ਮਾਸੂਮ ਜਿੰਦੜੀ
ਬੱਚੇ ਦੀ ਰੌਸ਼ਨ ਹੁੰਦੀ
ਜਗਦਾ ਹਰੇਕ ਵਿਹੜਾ
ਚਾਨਣ ਨੂੰ ਜਾਗ ਆਉਂਦੀ।

ਇੱਕ ਅੱਖਰਾਂ ਦਾ ਦੀਵਾ
ਜਦ ਖ਼ਿਆਲਾਂ ਨੂੰ ਫੜ ਉਲੀਕੇ
ਚੇਤੇ 'ਚ ਚਿੱਤਰ ਬਣਦੇ
ਰੰਗਾਂ 'ਚ ਹੋਣੀ ਢਲਦੀ
ਤੇ ਸੱਭਿਅਤਾ ਸੁਰਜੀਤ ਹੁੰਦੀ।

ਇੱਕ ਦੀਵਾ ਗਿਆਨ ਵਾਲਾ
ਮੱਥੇ 'ਚ ਜਦ ਹੈ ਬਲਦਾ
ਧਰਤੀ 'ਤੇ ਅੰਬਰ ਗਾਹੁੰਦਾ
ਬਣ ਕੇ ਪੁਲਾੜ ਪਾਂਧੀ
ਚੰਨ 'ਤੇ ਹੈ ਝਾਤ ਪਾਉਂਦਾ।

ਇੱਕ ਨੇਕੀ ਦਾ ਦੀਵਾ ਸੁੱਚਾ
ਮਨੁੱਖਤਾ ਦਾ ਪਿਆਰ ਲੋਚੇ
ਤੇ ਕਿਰਨਾਂ ਦੀ ਕਲਮ ਫੜ ਕੇ
ਵਹਿਮਾਂ ਦੇ ਬੰਨ੍ਹ ਤੋੜੇ।

ਕਿਰਤੀ ਦੀ ਰੱਤ ਦਾ ਦੀਵਾ
ਹੱਕ-ਸੱਚ ਲਈ ਹੈ ਬਲਦਾ,
ਤੇ ਤਵਾਰੀਖ਼ ਨੂੰ ਬਦਲ ਕੇ
ਕੌਮਾਂ ਦੀ ਕਿਸਮਤ ਘੜਦਾ।

ਇਸ ਦੀਵੇ ਦੀ ਲਾਟ ਸ਼ਕਤੀ
ਰੁਤਬੇ ਪ੍ਰਦਾਨ ਕਰਦੀ,
ਦੁਨੀਆਂ 'ਚ ਨਾਮ ਹੁੰਦਾ
ਤੇ ਲੋਕਾਈ ਜੱਸ ਗਾਉਂਦੀ।

ਦੀਵੇ ਤੋਂ ਦੀਵਾ ਜਗਦਾ
ਕਹਿੰਦੇ ਨੇ ਸੱਚ ਸਿਆਣੇ
ਇਸ ਕੀਰਤੀ ਦੀ ਮਹਿਮਾ
ਕੋਈ ਪਾਰਖੂ ਹੀ ਜਾਣੇ।

ਦੀਵਾ ਜਦੋਂ ਹੈ ਬਲਦਾ
ਹਨੇਰਾ ਦੂਰ ਹੁੰਦਾ
ਤੇ ਚਾਨਣ ਚੁਫ਼ੇਰੇ ਖਿੰਡਦਾ!!

## ਬੱਚਿਆਂ ਦੇ ਜਜ਼ਬਾਤ ਦੀ ਗੱਲ

ਬੱਚਿਆਂ ਨੂੰ ਖੇਡਣ ਲਈ
ਖੁੱਲ੍ਹਾ ਜਿਹਾ ਮੈਦਾਨ ਦਿਓ
ਹੱਥ ਉਨ੍ਹਾਂ ਦੇ ਵੰਨ-ਸੁਵੰਨੇ
ਮਹਿਕਾਂ ਵੰਡਦੇ ਫੁੱਲਦਾਨ ਦਿਓ।

ਉੱਡਣ ਤਿਤਲੀਆਂ ਵਾਂਗੂੰ
ਫੜਨ ਬੱਦਲਾਂ ਨੂੰ ਹੱਥੀਂ
ਰੰਗ-ਬਰੰਗੇ ਪਤੰਗਾਂ ਨੂੰ
ਅੰਬਰਾਂ ਵਿੱਚ ਉਡਾਣ ਦਿਓ।

ਹਵਾ ਵਿੱਚ ਗੁਬਾਰਿਆਂ ਨੂੰ
ਖ਼ੁਸ਼ੀ 'ਚ ਚਾਂਗਰਾਂ ਮਾਰ ਕੇ
ਨੱਸਦੇ, ਭੱਜਦੇ ਇੱਕ-ਦੂਜੇ ਸੰਗ
ਉਤਾਹੀਂ ਫੜ-ਫੜਾਣ ਜਿਓ।

ਹਾਣੀਆਂ ਦੀ ਟੋਲੀ 'ਚ
ਕੰਗੜੀ ਪਾ ਕੇ
ਪਿਆਰ ਭਰਿਆ ਕੋਈ ਗੀਤ
ਗਾਉਣ ਦਿਓ।

ਐਵੇਂ ਨਾ ਬੰਨ੍ਹੋ
ਬੰਦਸ਼ਾਂ ਦੇ ਪੱਥਰ ਪੈਰੀਂ
ਮਾਸੂਮੀਅਤ ਦੀ ਪੌੜੀ 'ਤੇ
ਚੜ੍ਹਨ ਦਾ ਵਰਦਾਨ ਦਿਓ।

ਬਣਨ ਦਿਓ ਸਮੇਂ ਦੇ ਹਾਣੀ
ਪਿੰਜਰੇ ਪਾਓ ਨਾ ਬੁਲਬੁਲਾਂ ਐਵੇਂ
ਇਨ੍ਹਾਂ ਦੇ ਪਰਾਂ ਨੂੰ
ਖੁੱਲਮ-ਖੁੱਲ੍ਹੇ ਅਰਮਾਨ ਦਿਓ।

ਜਾਣ ਦਿਓ ਅੱਗੇ ਹੋਰ ਅੱਗੇ
ਨਵੇਂ ਦਿਸਹੱਦੇ ਛੂਹਣ ਦੀ ਖ਼ਾਤਰ
ਪਰ, ਆਪਣੇ ਘਰਾਂ ਦੇ ਬਿਰਖਾਂ ਦੀ
ਪਹਿਚਾਣ ਦਿਓ।

ਦਿਓ ਹੱਥਾਂ 'ਚ ਰੰਗ ਤੇ ਬੁਰਸ਼ ਸੁਹਣੇ
ਕੋਰੇ ਨਿਛੁਹ ਕਾਗ਼ਜ਼ਾਂ ਉੱਤੇ
ਕਲਪਨਾ ਤੇ ਰੀਝਾਂ ਦੀਆਂ
ਲੀਕਾਂ ਵਾਹਣ ਦਿਓ।

ਕਿਉਂ ਕਰਦੇ ਹੋ ਕਤਲ
ਸਜੀਲੇ ਸੁਪਨਿਆਂ ਦੀ ਦੁਨੀਆ
ਗੇਂਦ-ਗੀਟਿਆਂ ਦੀ ਉਮਰੇ
ਖ਼ੂਬਸੂਰਤ ਜਿਹਾ ਰੁਝਾਨ ਦਿਓ।

ਰੁੱਖਾਂ ਦੀਆਂ ਲਿਫ਼-ਲਿਫ਼ ਕਰਦੀਆਂ
ਹਰੀਆਂ ਕਚੂਰ ਟਹਿਣੀਆਂ ਸੰਗ
ਨਰਮ-ਕੂਲੀਆਂ ਬਾਹਵਾਂ ਨੂੰ
ਗਲਵਕੜੀਆਂ ਪਾਉਣ ਦਿਓ।
ਮਿੱਟੀ ਦੀ ਮਮਤਾ
ਤੇ ਧਰਤ ਦੀ ਛੂਹ ਲਈ

ਮੋਹ ਦੇ ਅਹਿਸਾਸ ਦੀਆਂ
ਖੇਡਾਂ ਖੇਡਣ ਦਿਓ।

ਭੁੱਲ ਨਾ ਜਾਣ ਕਿਤੇ
ਖੰਮਣੀ ਵਿਰਸੇ ਦੀ
ਬੱਚਿਆਂ ਨੂੰ ਘਰ ਦਾ
ਰੱਜਵਾਂ ਪਿਆਰ ਦਿਓ।

ਦਿਓ ਮੁਹੱਬਤ ਦੀ ਕੋਈ ਸਰਗਮ
ਹੱਥੀਂ ਸਾਜ਼ਾਂ ਨੂੰ
ਸੂਖ਼ਮ ਬੁੱਲ੍ਹੀਆਂ ਨੂੰ
ਟੁਣਕਾਣ ਦਿਓ।

ਛੰਡ ਕੇ ਵਿਤਕਰੇ
ਰੰਗ-ਨਸਲ, ਵਰਨਾਂ-ਧਰਮਾਂ ਦੇ
ਇੱਕ ਨੂਰ ਇਲਾਹੀ ਦਾ
ਸੁੱਚੜਾ ਜਿਹਾ ਪੈਗ਼ਾਮ ਦਿਓ।

ਜਗਾਓ ਹੱਥਾਂ 'ਚ
ਚਾਨਣ ਦੇ ਅੱਖਰ
ਕਿਤਾਬਾਂ ਪੜ੍ਹਨ ਦੀ
ਮਨਭਾਉਂਦੀ ਮੁਸਕਾਨ ਦਿਓ।

* * * *

# ਗਾਥਾ ਗੜ੍ਹੀ ਚਮਕੌਰ

## ਨੂਰੀ ਮੁਖੜਿਆਂ ਨੂੰ ਬੰਦਨਾ !

ਦਸਮ ਗੁਰੂ ਦੇ ਪੁੱਤਰ ਚਾਰ,
ਉਨ੍ਹਾਂ ਤੋਂ ਜਾਈਏ ਬਲਿਹਾਰ।

ਵੱਡਾ ਅਜੀਤ , ਛੋਟਾ ਜੁਝਾਰ,
ਜੰਗ ਲੜਨ ਨੂੰ ਹੋਏ ਤਿਆਰ।

ਦੋਵੇਂ ਵੀਰ ਹੋਏ ਕੁਰਬਾਨ,
ਚਮਕੌਰ ਗੜ੍ਹੀ ਵਿੱਚ ਦਿੱਤੀ ਜਾਨ।

ਜ਼ੋਰਾਵਰ ਅਤੇ ਫ਼ਤਿਹ ਦੁਲਾਰੇ,
ਦੋਵਾਂ ਕੀਤੇ ਕੰਮ ਨਿਆਰੇ।

ਚਿਣੇ ਗਏ ਨੀਹਾਂ ਵਿਚਕਾਰ,
ਜੱਗ ਵਿੱਚ ਹੋਈ ਜੈ-ਜੈ ਕਾਰ।

ਮਾਤਾ ਗੁਜਰੀ ਨੇ ਸਿਖਿਆ ਦਿੱਤੀ,
ਧਰਮ ਦੀ ਰਾਖੀ ਕਰਨੀ ਸਿੱਖੀ।

ਨੂਰੀ ਮੁਖੜਿਆਂ ਦੀ ਕੁਰਬਾਨੀ,
ਦੁਨੀਆਂ ਦੇ ਵਿਚ ਹੈ ਲਾਸਾਨੀ।

## ਗਾਥਾ-ਗੜ੍ਹੀ ਚਮਕੌਰ

ਕੱਚੀ ਗੜ੍ਹੀ ਚਮਕੌਰ ਦੀ
ਸੀ ਕੱਕਰੀ ਪੋਹ ਦੀ ਰਾਤ,
ਕਲਗੀਧਰ ਦਸਮੇਸ਼ ਨੇ
ਕੀਤੀ ਨ੍ਹੇਰੇ ਦੇ ਸੰਗ ਬਾਤ।

ਸੀ ਦਨਦਨਾਉਂਦਾ ਫਿਰ ਰਿਹਾ
ਔਰੰਗਜ਼ੇਬ ਦਾ ਕਹਿਰ,
ਚਾਲੀ ਕੁ ਸਿੰਘ ਬਸ ਚੋਣਵੇਂ
ਗੁਰਾਂ ਗੜ੍ਹੀ 'ਚ ਕੀਤੀ ਠਹਿਰ।

ਬਾਹਰ ਗੜ੍ਹੀ ਦੇ ਨ੍ਹੇਰ ਸੀ
ਅੰਦਰ ਨੂਰੋ-ਨੂਰ ਪ੍ਰਕਾਸ਼,
ਜ਼ੁਲਮ ਨੂੰ ਠੱਲ੍ਹਣ ਵਾਸਤੇ
ਗੁਰਾਂ ਕੀਤੀ ਪ੍ਰਭ ਅਰਦਾਸ।

ਘੇਰਾ ਦੁਸ਼ਮਣਾਂ ਪਾ ਲਿਆ
ਦਸ ਲੱਖ ਗਿਣਤੀ ਘੱਤ,
ਸਿੰਘ ਭੁੱਖੇ, ਸਿਰੜੀ ਬੜੇ
ਪੱਲੇ ਧਰਮ ਦੀ ਪੱਤ।

ਮੁਗ਼ਲੀ ਫ਼ੌਜਾਂ ਧਮਕੀਆਂ
ਤੰਬੂ ਦਿੱਤੇ ਤਾਣ,
ਗੁਰਾਂ ਦੀ ਟੇਕ ਅਕਾਲ 'ਤੇ
ਜਾਂ ਸਿਘਾਂ ਉਤੇ ਮਾਣ।

ਹਮਲਾ ਕੀਤਾ ਵੈਰੀਆਂ
ਹੋਣ ਲੱਗੀ ਫਿਰ ਜੰਗ,
ਕੱਚੀ ਗੜ੍ਹੀ ਦੇ ਤੀਰਾਂ ਨੇ
ਧਰਤੀ ਦਿੱਤੀ ਰੰਗ।

ਸ਼ਕਤੀ ਗੜ੍ਹੀ ਦੀ ਤੱਕ ਕੇ
ਦੁਸ਼ਮਣ ਹੋਇਆ ਲਾਚਾਰ,
ਗੁਰ ਤੀਰਾਂ ਨਾਲ ਪਰੁੰਨਿਆ
ਜੋ ਟੱਪਣ ਆਇਆ ਦੀਵਾਰ।

ਤੀਰ ਜਦੋਂ ਸੀ ਸ਼ੂਕਦੇ
ਸਿਰ ਲੱਥ-ਲੱਥ ਡਿਗਦੇ ਕੰਬ,
ਜਿਉਂ ਹਨੇਰੀ ਰੁੱਖਾਂ ਦੇ
ਪੱਤਰ ਦੇਵੇ ਝੰਬ
ਇਕ ਪਾਸੇ ਸੈਨਾ ਦਸ ਲੱਖੀ
ਦੂਜੇ ਪਾਸੇ ਚਾਲੀ ਸਿੰਘ,
ਬੇਮੇਚੀ ਇਸ ਜਗ ਦਾ
ਬਿਆਨ ਸੁਣਾਵਾਂ ਕਿੰਜ।

ਸਵਾ ਲੱਖ ਨਾਲ ਜੂਝਿਆ
ਇੱਕ-ਇੱਕ ਸਿੰਘ ਦਲੇਰ,
ਜੰਗ ਅਜਿਹੀ ਧਰਤ 'ਤੇ
ਡਿੱਠੀ ਨਾ ਕਿਸੇ ਫੇਰ।

ਘੇਰਾ ਏਨਾ ਸੰਘਣਾ
ਟਿੱਡੀ ਦਲ ਜਿਉਂ ਖੇਤ,
ਵਾਹ, ਗੁਰੂ ਗੋਬਿੰਦ ਸਿੰਘ
ਤੇਰੀ ਸ਼ਕਤੀ ਦਾ ਨਾ ਭੇਤ।

ਆਖਰ ਗੁਰਾਂ ਨੇ ਸੋਚ ਕੇ
ਪੰਜ-ਪੰਜ ਤੋਰੇ ਸ਼ੇਰ,
ਆਹੂ ਲਾਹ-ਲਾਹ ਸਿੰਘਾਂ ਨੇ
ਦਿੱਤਾ ਵੈਰੀ ਦਾ ਮੂੰਹ ਫੇਰ।

ਐਸਾ ਜਾਦੂ ਧੂੜਿਆ
ਗੁਰਾਂ ਅੰਮ੍ਰਿਤ ਦੀ ਦੇ ਪਾਣ,
ਪੁਰਜਾ ਪੁਰਜਾ ਕਟ ਮਰੇ
ਸਿੰਘਾਂ ਰੱਖ ਵਿਖਾਈ ਆਣ।

ਗੁਰਾਂ ਦੇ ਲਾਲਾਂ ਤੱਕਿਆ
ਸਿੰਘਾਂ ਦਾ ਬਲੀਦਾਨ,
ਅਜੀਤ ਸਿੰਘ ਨੇ ਆਖਿਆ
ਪਿਤਾ, ਦੇਵੋ ਨੇਜ਼ਾ ਤੇ ਕਿਰਪਾਨ।

ਉਸ ਚਿਹਰੇ ਲਾਲੀ ਚਮਕਦੀ
ਦਿਲ ਠਾਠਾਂ ਮਾਰੇ ਬੇਰੋਕ,
ਸਿੰਘ ਮਰਾਏ, ਪੁਤ ਬਚਾਏ
ਕੀ ਆਖਣਗੇ ਲੋਕ।

ਥਾਪੜਾ ਦੇ ਕੇ ਗੁਰਾਂ ਨੇ
ਲਾ ਪੁੱਤ ਨੂੰ ਛਾਤੀ ਨਾਲ,
ਮੌਤ ਵਿਆਹੁਣ ਤੋਰਿਆ
ਦੇ ਕੇ ਅਸੀਸ ਕਮਾਲ।

ਉਮਰ ਜੁਅਨੀ ਵਾਲੜੀ
ਸਿਰੜ, ਸਿਦਕ ਦੀ ਪੁੱਠ,
ਕਰ-ਕਰ ਵਾਰ ਜੋਸ਼ੀਲੜੇ
ਉਸ ਵੈਰੀ ਲਾਇਆ ਗੁੱਠ।

ਜੋ ਵੀ ਆਇਆ ਸਾਮਣੇ
ਵੱਢ-ਵੱਢ ਕੀਤਾ ਚਿੱਤ,
ਲੜੇ ਅਸੰਖਾਂ ਨਾਲ ਭਲਾਂ
ਆਖਰ 'ਕੱਲਾ ਕੋਈ ਕਿੱਤ।

ਉਸ ਭਾਜੜ ਪਾਈ ਵੈਰੀਆਂ
ਜਦ ਲਿਸ਼ਕੀ ਹੱਥ ਤਲਵਾਰ,
ਜੋ ਵੀ ਆਇਆ ਸੋਧਿਆ
ਗਿਆ ਨਾ ਖਾਲੀ ਵਾਰ।

ਤੇਗ਼ ਟੁੱਟੀ, ਫੜ ਨੇਜੜਾ
ਕੀਤਾ 'ਅਜੀਤ' ਕਮਾਲ,
ਗੁਰਾਂ ਦੇ ਮੂੰਹੋਂ ਨਿਕਲਿਆ
ਵਾਹ ਉਏ ਮੇਰੇ ਲਾਲ ।

ਹੋ ਜ਼ਖ਼ਮੀ ਘੋੜਿਓਂ ਡਿੱਗਿਆ
ਪਰ 'ਅਜੀਤ' ਕਰੇਂਦਾ ਵਾਰ,
ਜਾਮ ਸ਼ਹੀਦੀ ਪੀ ਗਿਆ
ਮੰਨੀ ਨਾ ਉਸ ਹਾਰ।

'ਗੋਬਿੰਦ' ਸ਼ੁਕਰ ਮਨਾਇਆ
ਪ੍ਰਭ 'ਤੇ ਰੱਖ ਵਿਸ਼ਵਾਸ,
ਕਰਜ਼ਾ ਸਿਰੋਂ ਹੈ ਲੱਥਿਆ
ਮੇਰਾ ਜੀਵੇ ਪੰਥ ਸ਼ਾਬਾਸ਼।

ਜੂਝਣ ਲਈ 'ਜੁਝਾਰ' ਫਿਰ
ਹੋਇਆ ਉੱਠ ਤਿਆਰ,
ਬਖ਼ਸ਼ੋ ਪਿਤਾ ਜੀ ਥਾਪੜਾ
ਜਾਵਾਂ ਰਣ ਵਿਚਕਾਰ।

ਨੱਢੜਾ ਬੇਟਾ ਗੁਰੂ ਦਾ
ਜਾ ਧਮਕਿਆ ਵਿੱਚ ਮੈਦਾਨ,
ਜੋਸ਼ ਜੁਆਨੀ, ਰੋਹ ਤ੍ਰਿਖੜਾ
ਹੋਇਆ ਵੈਰੀ ਤੱਕ ਹੈਰਾਨ।

ਲੜਿਆ ਵੈਰੀ ਸੰਗ ਉਹ
ਆਖਰੀ ਦਮਾਂ ਤੀਕ,
ਤ੍ਰੇਹ ਬੁਝਾਈ ਰੱਤ ਨਾਲ
ਉਸ ਅੱਡਰੀ ਪਾਈ ਲੀਕ।

ਅੰਮ੍ਰਿਤ ਪੀਤਾ ਸਿਦਕ ਦਾ
ਕੀਤੀ ਉਮਰੋਂ ਵੱਡੀ ਗੱਲ,
ਲਾਜ ਰੱਖਣ ਲਈ ਪੰਥ ਦੀ
ਉਸ ਵੈਰੀ ਦਿਤਾ ਠੱਲ੍ਹ।

ਤੱਕ ਕੇ ਸੂਰਜ ਅੰਬਰੀਂ
ਉਸ ਓਡਣ ਕੀਤੀ ਛਾਂ,
ਧਰਤੀ ਗੋਦੀ ਲੈ ਲਿਆ
ਧੰਨ ਜਣੇਂਦੀ ਮਾਂ।

ਨਾਲ ਲਹੂ ਦੇ ਭਿੱਜਗੀ
ਰਣ-ਖੇਤਰ ਦੀ ਹਿੱਕ,
ਸੋਚੀਂ ਸੋਚਣ ਬੈਠ ਕੇ
ਹੋ ਗੁਰ-ਚੇਲੇ ਇੱਕ-ਮਿੱਕ।

ਹੋਈਆਂ ਜੰਗਾਂ ਜੱਗ ਵਿੱਚ
ਪਰ ਵੱਖਰਾ ਇਹ ਇਤਿਹਾਸ,
ਕੇਡਾ ਜੇਰਾ ਪਿਤਾ ਦਾ
ਰੱਖਿਆ ਜਿਸ ਧਰਵਾਸ।

ਦਾਤਾ, ਤੇਰੇ ਗੁਣਾਂ ਦਾ
ਹੋ ਨਾ ਸਕੇ ਬਿਆਨ,
ਵਾਰ ਕੇ ਪੁੱਤਰ ਸਲੋਨੜੇ
ਪੰਥ ਦੀ ਰੱਖੀ ਸ਼ਾਨ।

ਹੁਕਮ ਮੰਨ ਗੁਰੂ ਸਿੰਘਾਂ ਦਾ
ਸੌਂਪੀ ਕਲਗੀ, ਸ਼ਾਹੀ ਵੇਸ,
ਗੜ੍ਹੀਓਂ ਤੁਰੇ ਵੰਗਾਰ ਕੇ
ਧਾਰ ਕੇ ਵੱਖਰਾ ਭੇਸ।

ਲਾਸ਼ਾਂ ਦੇ ਅੰਬਾਰ ਸਨ
ਕਹਿਰਾਂ ਠਰਦੀ ਰਾਤ,
ਪੰਧ ਨਵਾਂ, ਬਿਖੜਾ ਬੜਾ
ਕਦ ਹੋਣੀ ਪ੍ਰਭਾਤ।

ਸੁਣ ਨੀਂ ਧਰਤ ਪਿਆਰੀਏ
ਸੀ ਜ਼ੁਲਮ ਧਰਮ ਦੀ ਜੰਗ,
ਕਿੰਜ ਗੁਰਾਂ ਨੇ ਜਿੱਤਿਆ
ਹਰ ਕੋਈ ਹੋਇਆ ਦੰਗ।

ਸ਼ਾਇਰ ਕੋਈ ਕਿੰਜ ਚਿੱਤਰੇ
ਅਨੂਠੇ ਜੰਗ ਦਾ ਸਾਰ,
ਚਮਕੀ ਗੜ੍ਹੀ ਚਮਕੌਰ ਦੀ
ਮੇਰਾ ਕਣ-ਕਣ ਨੂੰ ਨਮਸਕਾਰ।

* * * *

# ਲੋਕ ਰੰਗਲਾ ਪਿੱਪਲ

## ਰੁੱਖਾਂ ਦੀ ਵਫ਼ਾਦਾਰੀ

ਰੁੱਖਾਂ ਦੀ ਵੀ ਅੱਖ ਹੁੰਦੀ ਹੈ,
ਰੁੱਖਾਂ ਦੀ ਵੀ ਪੱਤ ਹੁੰਦੀ ਹੈ।
ਰੁੱਖਾਂ ਦੇ ਸੀਨੇ ਵਿੱਚ
ਦਰਦ ਸੁਣਨ ਲਈ
ਦਿਲ ਹੁੰਦਾ ਹੈ।

ਰੁੱਖਾਂ ਦੀ ਜੜ੍ਹ ਵਿੱਚ
ਮਿੱਟੀ ਲਈ ਵਫ਼ਾ ਹੁੰਦੀ ਹੈ।
ਰੁੱਖਾਂ ਦੇ ਵੀ ਕੰਨ ਹੁੰਦੇ ਹਨ
ਪੌਣਾਂ ਵਿੱਚੋਂ ਜੋ ਬੋਲਾਂ ਨੂੰ ਸੁਣ ਲੈਂਦੇ ਨੇ।
ਰੁੱਖਾਂ ਦੇ ਤਾਂ ਹੱਥ ਹੁੰਦੇ ਨੇ
ਜੋ ਲੋੜਬੰਦਾਂ ਲਈ ਵੱਥ ਹੁੰਦੇ ਨੇ।
ਰੁੱਖਾਂ ਦੀਆਂ ਸਬਜ਼ ਭੁਜਾਵਾਂ
ਛਤਰੀ ਵਾਂਗੂ ਛਾਂ ਦਿੰਦੀਆਂ ਨੇ,
ਛਾਂਵਾਂ ਤਾਂ ਮਾਵਾਂ ਹੁੰਦੀਆਂ ਨੇ
ਪਗਡੰਡੀਆਂ ਤੇ ਰਾਹਾਂ ਨੂੰ ਜੋ
ਥਾਂ ਦਿੰਦੀਆਂ ਨੇ-
ਰਾਹੀਆਂ ਨੂੰ ਉਤਸ਼ਾਹ ਦਿੰਦੀਆਂ ਨੇ।

ਰੁੱਖ ਵੀ ਯਾਰੋ ਹਾਸਾ ਹੱਸਦੇ
ਫੁੱਲਾਂ ਦਾ ਜਦ ਵੇਸ ਪਹਿਨਦੇ।
ਰੁੱਖ ਵੀ ਰੋਂਦੇ ਜਦ ਕੋਈ ਕਾਰਾ ਹੁੰਦਾ
ਜਾਂ ਧਰਤੀ 'ਤੇ ਕੋਈ ਕਹਿਰ ਵਰਤਦਾ।

ਰੁੱਖਾਂ ਵਿੱਚ ਸੰਗੀਤ ਹੁੰਦਾ ਹੈ
ਸਾਜ਼ਾਂ ਦਾ ਜੋ ਗੀਤ ਹੁੰਦਾ ਹੈ
ਪਾ ਖੜਾਵਾਂ ਤੁਰ ਜਾਂਦਾ ਜੋ
ਹੱਦਾਂ ਤੇ ਸਰਹੱਦਾਂ ਗੱਛਦਾ
ਆਲਮ ਦੇ ਲਈ ਬਾਣੀ ਗਾਉਂਦੇ
ਰੁੱਖਾਂ ਦੀ ਕੁੱਖ ਕਦੇ ਨਾ ਖਾਲੀ ਹੁੰਦੀ
ਚੁੱਪ-ਚੁਪੀਤੇ ਰੁੱਤਾਂ ਨੂੰ ਹਰਿਆਲੀ ਦੇਂਦੀ,
ਰੁੱਖ ਤਾਂ ਮਿੱਤਰੋ ਪੌਣਾਂ ਨਿਰਮਲ ਕਰਦੇ
ਬੁੱਧ-ਵਿਵੇਕ ਰਿਸ਼ੀਆਂ ਦੇ ਵਾਂਗੂ।

ਰੁੱਖਾਂ ਦੀ ਵੀ ਕਾਇਆ ਹੁੰਦੀ,
ਦੁੱਖ-ਸੁੱਖ ਜਰਦੀ ਰੁਦਨ ਨਾ ਕਰਦੀ,
ਰੁੱਖ ਵੀ ਸਾਹ ਲੈਂਦੇ ਨੇ
ਗੱਲਾਂ ਕਰਦੇ, ਗੱਲਾਂ ਸੁਣਦੇ,
ਜੀਵਾਂ ਖਾਤਰ ਸਵਾਸ ਵੰਡਦੇ।

ਰੁੱਖਾਂ ਸੰਗ ਦੋਸਤੀ ਪਾਈਏ
ਮੁਹੱਬਤਨਾਮਾ ਅਹਿਦ ਕਰਾਈਏ
ਰੁੱਖ ਤਾਂ ਮਿੱਤਰੋ ਜਨਮ-ਮਰਨ ਤੱਕ
ਸਾਥ ਨਿਭਾਉਂਦੇ, ਸੜ ਜਾਂਦੇ ਨੇ
ਸਾਡੇ ਖ਼ਾਤਰ ਮੁੜ ਜੰਮਣ ਲਈ
ਸਾਹ ਦੇਵਣ ਲਈ!!

## ਲੋਕ ਰਾਂਗਲਾ- ਪਿੱਪਲ

ਸਦੀਆਂ ਲੰਮੀ ਉਮਰਾਂ ਵਾਲਾ
ਦੱਸਿਓ ਵੇ ਲੋਕੋ ਕਿੱਥੇ ਗਿਆ
ਮੇਰੇ ਪਿੰਡ ਦਾ ਪਿੱਪਲ,
ਪਿੰਡ ਪਛਾਣ ਦਾ
ਚਿੰਨ੍ਹ ਸੀ ਜਿਹੜਾ।

ਘਣ ਛਾਵਾਂ ਸੀ ਟਾਹਣਾ ਵਾਲਾ
ਸਾਵੇ ਸਾਵੇ ਪੱਤਰਾਂ ਵਾਲਾ
ਜਿਸ ਦੇ ਥੱਲੇ
ਪਿੰਡ ਸੱਥ ਦੀ
ਰੌਣਕ ਸੀ ਜੁੜਦੀ।

ਛਾਂਵਾਂ ਨੂੰ ਗਲਵਕੜੀ ਪਾਉਂਦਾ
ਰਿਸ਼ੀਆਂ ਵਰਗੀ
ਹੋਂਦ ਜਤਾਉਂਦਾ,
ਬੋਧੀ ਜਿਉਂ ਕੋਈ
ਭਗਤੀ ਕਰਦਾ,
ਪਿੱਪਲ ਪਿਆਰਾ
ਪਿਆਰਾ ਲੱਗਦਾ।

ਮਹਿਫ਼ਲਾਂ ਦਾ ਵਣਜਾਰਾ ਪਿੱਪਲ
ਪਿੰਡ ਦੀ ਰੂਹ
ਤ੍ਰਿਪਤਾਉਂਦਾ ਰਹਿੰਦਾ
ਬ੍ਰਹਮਾ ਦੀ ਸੀ ਪਦਵੀ ਪਾਉਂਦਾ

ਲੋਕੀਂ ਨਿੱਤ
ਸਵੇਰੇ ਉੱਠ ਕੇ
ਸੁੱਚਾ ਜਲ
ਅਰਪਿਤ ਕਰ ਕੇ
ਨਗਰ-ਖੇੜੇ ਦੀ
ਸੁੱਖ ਮਨਾਉਂਦੇ।

ਵਰਖਾ ਹੁੰਦੀ
ਤਾਂ ਪਿੱਪਲ-ਪੱਤੇ
ਹੱਸਣ ਲੱਗਦੇ।
ਛਿੱਟਮ-ਛਿੱਟੀ
ਖੇਡ ਰਚਾਉਂਦੇ
ਖੁਸ਼ੀ ਮਨਾਉਂਦੇ।

ਰੁਣ-ਝੁਣ ਹੁੰਦੀ
ਟਹਿਣੀਆਂ ਉੱਤੇ
ਜੋਬਨ ਆਉਂਦਾ।
ਲੰਮ-ਸਲੰਮ ਟਾਹਣਾਂ ਨੂੰ
ਸਰੂਰ ਚੜ੍ਹ ਜਾਂਦਾ।

ਭਿੱਜਿਆ ਭਿੱਜਿਆ ਪਿੱਪਲ
ਝੂਮਦਾ ਹੋਇਆ
ਮੇਘ ਜਿਹਾ ਬਣ ਜਾਂਦਾ
ਤੇ ਮੁਸਕਾਉਂਦਾ।

ਹਾੜ੍ਹ, ਔੜ ਜਾਂ ਸੋਕਾ
ਜਦ ਲੱਗਦਾ
ਆਪਣੀਆਂ ਡੂੰਘੀਆਂ ਜੜ੍ਹਾਂ ਸਹਾਰੇ
ਹੱਸਦਾ ਤੇ ਮੁਸਕਾਉਂਦਾ ਰਹਿੰਦਾ।
ਚੜ੍ਹਦੀ ਕਲਾ
ਅਡੋਲ ਰਹਿਣ ਦਾ
ਸਬਕ ਸਿਖਾਉਂਦਾ।

ਸਾਉਣ ਮਹੀਨੇ-
ਪੀਂਘਾਂ ਪਾ ਮੁਟਿਆਰਾਂ-ਨੱਢੀਆਂ
ਹੁਸਨ ਇਸ਼ਕ ਦੇ
ਗੀਤ ਗਾਉਂਦੀਆਂ
ਜੋਬਨ ਮੱਤੀਆਂ
ਡੁੱਲ੍ਹ-ਡੁੱਲ੍ਹ ਹੱਸਦੀਆਂ,
ਖੇੜਾ, ਰੂਪ ਦੀਆਂ
ਬੋਲਾਂ ਰਾਹੀਂ
ਪ੍ਰੀਤ - ਸੁਨੇਹੜੇ ਦੇਂਦੀਆਂ
ਪੱਤਰਾਂ ਉੱਤੇ
ਚਿੱਠੀਆਂ ਲਿਖਦੀਆਂ।

ਬਾਬਲ ਘਰ ਦੀ
ਸੁੱਖ ਮੰਗਦੀਆਂ,
ਅੰਮੜੀ ਦੀਆਂ
ਅਸੀਸਾਂ ਲੈਂਦੀਆਂ
ਵੀਰੇ ਹੱਥੀਂ ਰੱਖੜੀ ਬੰਨ੍ਹਦੀਆਂ।

ਗੀਤਾਂ ਵਰਗੀਆਂ
ਲਗਰਾਂ ਵਰਗੀਆਂ ਕੁੜੀਆਂ
ਪੀਂਘ ਚੜ੍ਹਾਉਂਦੀਆਂ
ਅੰਬਰੀਂ ਹੱਥ ਲਾਉਂਦੀਆਂ
ਕਦੇ ਨਾ ਥੱਕਦੀਆਂ
ਕਦੇ ਨਾ ਅੱਕਦੀਆਂ।

ਪਿੱਪਲ ਨੂੰ
ਗਲਵਕੜੀ ਪਾਉਂਦੀਆਂ
ਇੱਕ ਦੂਜੀ ਨੂੰ
ਚੁੰਮ-ਚੁੰਮ ਨੱਸਦੀਆਂ
ਇੱਕ ਦੂਜੀ ਨੂੰ
ਕੁੱਝ-ਕੁੱਝ ਦੱਸਦੀਆਂ।

ਪਿੱਪਲ ਤੱਕ-ਤੱਕ ਅੱਖੀਂ
ਸੁਣ-ਸੁਣ ਕੰਨੀਂ
ਗਦ-ਗਦ ਹੁੰਦਾ
ਉੱਚੇ ਤੋਂ ਉੱਚਾ ਹੋ ਜਾਂਦਾ।

ਜੇਠ ਮਹੀਨੇ
ਗਰਮੀ ਰੁੱਤੇ
ਤਿੱਖੜ ਦੁਪਹਿਰੇ
ਪਿੰਡ ਦੇ ਲੋਕੀਂ
ਸਭ ਵਰਨਾ ਦੇ ਸਾਂਝੇ
ਮਨ-ਮਸਤੀ
ਮਨੋਰੰਜਨ ਦੇ ਲਈ
ਮੰਜੇ ਡਾਹ ਕੇ
ਪਿੱਪਲ ਥੱਲੇ
ਜੁੜ-ਜੁੜ ਬਹਿੰਦੇ।

ਮਾਰ ਠਹਾਕੇ ਹੱਸਦੇ
ਦੁੱਖ-ਸੁੱਖ ਸਾਂਝਾ ਕਰਦੇ
ਸਿਆਣੇ-ਨਿਆਣੇ
ਬੁੱਢ-ਵਰੇਸੇ ਗੱਲਾਂ ਕਰਦੇ
ਪੜ੍ਹ ਅਖ਼ਬਾਰ
ਇੱਕ ਦੂਜੇ ਨੂੰ
ਖ਼ਬਰਾਂ ਦੱਸਦੇ।

ਪਿੱਪਲ ਬੁੱਢਾ
ਸਭ ਕੁਝ ਸੁਣਦਾ ਰਹਿੰਦਾ
ਦਰਵੇਸੀ ਦਾ
ਪਹਿਨ ਕੇ ਓਡਣ
ਸਭ ਨੂੰ-
ਠੰਢੜੀ ਛਾਵਾਂ ਦੇਂਦਾ
ਐਪਰ ਕਿਸੇ ਤੋਂ
ਕੁਝ ਨਾ ਲੈਂਦਾ।

ਪਿੰਡ ਵਿੱਚ ਕੋਈ
ਜਦ ਸੋਗ ਵਰਤਦਾ
ਪਿੱਪਲ ਥੱਲੇ
ਸੱਥਰ ਵਿਛਦਾ
ਲੋਕੀਂ ਗ਼ਮ ਵਿੱਚ
ਡੁੱਬੇ ਹੁੰਦੇ
ਪਿੱਪਲ ਚੁੱਪ-ਚੁਪੀਤਾ
ਹਟਕੋਰੇ ਭਰਦਾ
ਵਿਛੜ ਗਏ ਦਾ
ਸੋਗ ਮਨਾਉਂਦਾ।

ਪਿੱਪਲ ਦੇ ਟਹਿਣੇ ਸੰਗ
ਜਦ ਕੁੰਭ ਲਟਕਦਾ
ਤ੍ਰਿਪ-ਤ੍ਰਿਪ ਥੱਲੇ
ਪਾਣੀ ਡਿੱਗਦਾ
ਜਿਉਂ ਪਿੱਪਲ ਰੋਂਦਾ
ਮੋਈ ਰੂਹ ਨੂੰ
ਚੁੱਪ ਕਰਾਉਂਦਾ
ਸਬਰ-ਸੰਤੋਖ ਦੀ
ਗੱਲ ਸਮਝਾਉਂਦਾ
ਸੁੱਕੇ ਪੱਤਰ ਝੜਨੇ
ਨਵੇਂ ਨੇ ਆਉਣੇ
ਜੀਵਨ ਤੁਰਦੇ ਰਹਿਣ ਦੀ
ਗਾਥਾ ਗਾਉਂਦਾ।

ਕੁਝ ਦਿਨਾਂ ਪਿੱਛੋਂ
ਸਭ ਭੁੱਲ ਜਾਂਦਾ,
ਪਹਿਲਾਂ ਵਰਗਾ
ਹੀ ਹੋ ਜਾਂਦਾ।
ਲੋਕ-ਅਖਾੜੇ
ਪਿੱਪਲ ਥੱਲੇ ਜੁੜਦੇ ਰਹਿੰਦੇ
ਸਾਜ਼ ਟੁਣਕਦੇ
ਗੀਤਾਂ ਦੇ ਦਰਿਆ ਪਏ ਵਹਿੰਦੇ।
ਵਾਰਾਂ, ਸੱਦਾਂ, ਕਲੀਆਂ
ਹੀਰ ਤੇ ਮਿਰਜ਼ਾ ਗਾਏ ਜਾਂਦੇ
ਬੋਲੀਆਂ ਪਾ-ਪਾ
ਗਾਇਕ ਪਿਆਰੇ
ਹੇਕਾਂ ਲਾਉਂਦੇ।

ਢੱਡ, ਸਾਰੰਗੀ, ਤੂੰਬਾ
ਚਿਮਟਾ, ਢੋਲਕ
ਸੁਣ ਅਲਗੋਜ਼ੇ
ਪੱਤਰ ਵਿੱਚ ਨਸ਼ੇ ਦੇ
ਖੜਤਾਲਾਂ ਬਣ ਜਾਂਦੇ।

ਟਹਿਣੀਆਂ ਬਾਹਾਂ ਬਣ ਕੇ
ਨ੍ਰਿਤ-ਕਲਾ ਦੀ ਮੁਦਰਾ ਵਾਂਗੂ
ਪਾਠ ਪੜ੍ਹਾਉਂਦੀਆਂ।
ਭੋਲੀਆਂ ਕੰਜਕਾਂ
ਕਿੱਕਲੀ ਪਾਉਣ ਲਈ
ਜਦ ਆਉਂਦੀਆਂ
ਪਿੱਪਲ-ਰਿਸ਼ੀ ਦੀ
ਰੂਹ ਨੂੰ ਬਹੁਤ ਭਾਉਂਦੀਆਂ।

ਪਿੰਡ ਦੇ ਬੱਚੇ
ਟੋਲੀਆਂ ਬੰਨ੍ਹ ਕੇ
ਪਿੱਪਲ ਥੱਲੇ
ਖੇਡਣ ਆਉਂਦੇ
ਪਿੱਪਲ-ਪੱਤੇ
ਜੋੜ-ਜੋੜ ਕੇ
ਰੇਲ ਬਣਾਉਂਦੇ,
ਜਿੱਦਮ-ਜਿੱਦੀ
ਪੀਂਘ-ਪਲਾਂਘੜਾ
ਖੇਡਣ ਲੱਗਦੇ।
ਪਿੱਪਲ ਕਹਿੰਦਾ
ਬੱਚੇ ਸਭ ਦੇ ਸਾਂਝੇ ਲੱਗਦੇ।

ਪਿੱਪਲ ਉੱਤੇ
ਪੰਛੀ ਚਹਿ-ਚਹਾਉਂਦੇ ਰਹਿੰਦੇ
ਕਾਂ, ਕਬੂਤਰ, ਤੋਤੇ, ਚਿੜੀਆਂ
ਮਨ ਪਰਚਾਉਂਦੇ
ਡਾਰਾਂ ਬੰਨ੍ਹ ਗੁਟਾਰਾਂ
ਘੁੱਗੀਆਂ, ਇੱਲਾਂ

ਬਗਲੇ ਬਹਿੰਦੇ
ਆਪਣਾ-ਆਪਣਾ
ਰਾਗ ਸੁਣਾਉਂਦੇ
ਗੋਲ੍ਹਾਂ ਖਾਂਦੇ।

ਕਠਫੋੜੇ ਦੀ ਚੁੰਝ ਲੰਮੇਰੀ
ਕੀੜੇ ਕੱਢ-ਕੱਢ ਖਾਂਦੀ
ਪਿੱਪਲ ਉੱਤੇ
ਠੱਕ-ਠੱਕ ਦੀ
ਆਵਾਜ਼ ਸੀ ਆਉਂਦੀ,
ਚੱਕੀਰਾਹਾ, ਨੀਲਕੰਠ
ਅਤੇ ਬੰਬੋਲਾ ਕਲੋਲਾਂ ਕਰਦੇ।

ਨਰਮ ਕੂਲੀਆਂ-
ਪਿੱਪਲ ਦੀਅ ਪਪੀਸੀਆਂ
ਠੂੰਗਣ ਲੱਗਦੇ
ਬੱਚੇ ਤੱਕ-ਤੱਕ
ਮਨ ਬਹਿਲਾਉਂਦੇ।

ਜੀਵਾਂ ਦਾ ਸੰਸਾਰ
ਪਿੱਪਲ 'ਤੇ ਆਉਂਦਾ-ਜਾਂਦਾ
ਕਾਟੋਆਂ, ਕਿਰਲੇ
ਚੜ੍ਹਨ ਉਤਰਨ ਵਿੱਚ
ਲੱਗੇ ਰਹਿੰਦੇ।

ਪੰਛੀ ਆਪਣੇ ਆਲ੍ਹਣੇ
ਗੁੰਦ ਕੇ, ਵਾਸਾ ਕਰਦੇ
ਗਰਮੀ, ਸਰਦੀ
ਝਾਂਜਾ, ਝੱਖੜ
ਪਿੰਡੇ ਜਰਦੇ
ਸਭ ਲਈ ਪਿੱਪਲ
ਸਹਾਰਾ ਹੁੰਦਾ।

ਹਾੜੀ ਕੱਟਣ ਦੀ
ਜਦ ਰੁੱਤ ਆਉਂਦੀ
ਕਣਕ ਦੀਆਂ ਭਰੀਆਂ
ਬੰਨ੍ਹਣ ਦੇ ਲਈ
ਪਿੱਪਲ, ਥੱਲੇ-
ਕਿਰਤੀ ਬੰਦੇ
ਬੇੜਾਂ, ਤੰਦੇ
ਵੱਟਣ ਲੱਗਦੇ।

ਕਦੇ ਕਦੇ ਕੋਈ
ਨਾਟ ਮੰਡਲੀ
ਇਸ ਦੇ ਥੜ੍ਹੇ ਨੂੰ
ਮੰਚ ਬਣਾ ਕੇ
ਲੋਕ-ਚੇਤਨਾ
ਪੈਦਾ ਕਰਨ ਲਈ,
ਮਨੋਰੰਜਨ ਕਰ ਕੇ
ਕਲਾ ਵਿਖਾਉਂਦੀ
ਮਨ ਪਰਚਾਉਂਦੀ।

ਵੋਟਾਂ ਦੇ ਦਿਨ
ਜਦ ਵੀ ਆਉਂਦੇ
ਲੋਕੀਂ ਇੱਥੇ
ਆ ਕੇ ਜੁੜਦੇ,
ਨੇਤਾ ਉੱਚੀਆਂ
ਬਾਹਵਾਂ ਕਰ ਕੇ
ਲੋਕਾਂ ਤਾਈਂ
ਭਰਮਾਉਣ ਨੂੰ ਆਉਂਦੇ
ਪਿੱਪਲ ਵਾਂਗ ਬਜ਼ੁਰਗਾਂ
ਸੁਣਦਾ ਰਹਿੰਦਾ,
ਫੋਕੇ ਨਾਅਰੇ
ਪੱਤਿਆਂ ਸੰਗ ਟਕਰਾ ਕੇ

ਚੁੱਪ ਹੋ ਜਾਂਦੇ
ਪੰਛੀ ਉੱਡ ਜਾਂਦੇ।

ਪਿੰਡ ਦੇ ਪਾਤਰ
ਪਿੱਪਲ ਥੱਲੇ ਗੱਲਾਂ ਕਰਦੇ
ਚੁੰਝ-ਚਰਚਾ ਨੂੰ
ਤਿੱਖਾ ਕਰਦੇ।
ਕਦੇ-ਕਦੇ ਫਿਰ
ਹਾਲੀ, ਪਾਲੀ, ਕਿਰਤੀ
ਪਿੱਪਲ ਥੱਲੇ
ਆਪਣੀਆਂ ਗਊਆਂ, ਮੱਝਾਂ
ਬਲਦ ਬੰਨ੍ਹਦੇ,
ਘੁੰਗਰੂ, ਟੱਲੀਆਂ
ਟੁਣਕਣ ਲੱਗਦੀਆਂ
ਇਉਂ ਲੱਗਦਾ ਜਿਉਂ
ਪਿੰਡ ਦਾ ਟੱਬਰ-ਕਬੀਲਾ
ਲਾਣਾ-ਬਾਣਾ
ਇਸ ਦੇ ਸਰਨੀਂ
ਆ ਜੁੜਿਆ ਹੋਵੇ।
ਰੌਣਕ ਲਗਦੀ
ਸ਼ਗਨ ਮਨਾਏ ਜਾਂਦੇ
ਸਿਆਲ ਦੀ ਰੁੱਤੇ
ਧੂਣੀ ਧੁਖਦੀ
ਠਰਦੇ ਪਿੰਡੇ
ਨਿੱਘ ਮਾਣਦੇ।

ਪ੍ਰਕਿਰਤੀ ਦੀ ਲੀਲ੍ਹਾ
ਬੜੀ ਨਿਆਰੀ
ਪਿੱਪਲ ਤਾਂ ਇੱਕ
ਬਿਰਖ਼ ਅਜਿਹਾ
ਦਿਨ-ਰਾਤੀਂ ਜੋ
ਆਕਸੀਜਨ ਖਲੇਰੇ,
ਦਾਨੀ ਬਣ ਕੇ
ਤਾਜ਼ੀ ਪੌਣ
ਵੰਡੇ ਚੁਫੇਰੇ।
ਭਲਿਓ ਲੋਕੋ ! ਕਿਉਂ ਤੁਸਾਂ ਨੇ
ਪਿੱਪਲ ਪੁੱਟ ਕੇ
ਪਾਪ ਕਮਾਇਆ,
ਪਿੰਡ ਦਾ ਗੁਆਚ
ਗਿਆ ਸਰਮਾਇਆ।

ਪਿੰਡ ਹੋਇਆ ਸੁੰਨਾ
ਗੁੰਮੀ ਵਿਰਾਸਤ।
ਆਓ ਇਸ ਨੂੰ
ਸਾਂਭਣ ਦੀ ਕੋਈ ਵਿਉਂਤ ਬਣਾਈਏ,
ਮੁੜ ਪਿੱਪਲ ਤੇ ਬੋਹੜ ਲਗਾਈਏ !!
ਆਪਣਾ ਸਭਿਆਚਾਰ ਬਚਾਈਏ!!

* * * *

## ਸੱਜਰਾ ਦਿਨ

ਕਿਰਨਾ ਦੀ ਬੁੱਕ ਲੈ ਕੇ ਸੂਰਜ
ਸਾਡੇ ਵਿਹੜੇ ਆਇਆ,
ਮੰਮੀ ਨੇ ਜਦ ਦਰ ਖੋਲ੍ਹਿਆ
ਸੱਜਰਾ ਦਿਨ ਮੁਸਕਾਇਆ।

ਉੱਠ ਵੇ ਪੁੱਤਰਾ ਮੰਮੀ ਆਖੇ
ਚਾਨਣ ਤੈਨੂੰ ਵਾਜਾਂ ਮਾਰੇ,
ਰਾਤ ਪਿਆਰੀ ਦੀ ਗੋਦੀ 'ਚੋਂ
ਰੁਸ-ਰੁਸ ਸੌਂ ਗਏ ਤਾਰੇ।

ਤ੍ਰੇਲ ਦੇ ਤੁਪਕੇ ਫੁੱਲਾਂ ਉੱਤੋਂ
ਹੁਣ ਪੜ੍ਹਨ ਸਕੂਲੇ ਚੱਲੇ,
ਪੰਛੀ ਆਲ੍ਹਣਿਆਂ 'ਚੋਂ ਜਾਗੇ
ਰਾਹੀਆਂ ਨੇ ਪੰਧ ਮੱਲੇ।

ਪੌਣ ਨੇ ਲੈ ਕੇ ਧੁੱਪ ਦੀ ਚਾਦਰ
ਹਰ ਇੱਕ ਨੂੰ ਗਲ ਲਾਇਆ,
ਰੁੱਠੇ ਬਿਰਖਾਂ ਦੇ ਪੱਤਰਾਂ ਨੂੰ
ਬੁੱਕਲੀਂ ਲੈ ਮਨਾਇਆ।

ਤੱਕ ਕੇ ਸੱਜਰਾ ਦਿਨ ਮੈਨੂੰ ਤਾਂ
ਚੜ੍ਹਿਆ ਚਾਅ ਘਨੇਰਾ,
ਮੰਮੀ ਆਖੇ ਚਾਨਣ ਅੱਗੇ,
ਭੱਜ ਜਾਂਦਾ ਏ ਨ੍ਹੇਰਾ।

## ਪ੍ਰਕਿਰਤੀ ਨਾਲ ਗੱਲਾਂ

ਜਦ ਮੈਂ ਤੱਕਾਂ ਉੱਚੇ ਪਹਾੜ,
ਮੇਰਾ ਵੀ ਉੱਚਾ ਹੋਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਮੇਘ ਸਾਂਵਲਾ,
ਮੇਰੀ ਕਣੀਆਂ ਬਣਨ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਵਗਦਾ ਦਰਿਆ,
ਮੇਰਾ ਰਾਹੀ ਬਣਨ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਬਿਰਖ ਖੜੋਤਾ,
ਮੇਰਾ ਗੀਤ ਲਿਖਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਉੱਡਦਾ ਪੰਛੀ,
ਮੇਰਾ ਅੰਬਰ ਗਾਹਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਖਿੜੇ ਫੁੱਲ ਨੂੰ
ਮੇਰਾ ਖੁਸ਼ੀ ਵੰਡਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਧੁੱਪ ਸੰਦਲੀ,
ਮੇਰਾ ਖਿੜਨ-ਖਿੜਨ ਨੂੰ
ਜੀਅ ਕਰਦਾ।

## ਮਾਂ-ਬੋਲੀ ਪੰਜਾਬੀ

ਮਾਂ ਬੋਲੀ ਤੋਂ ਸਦਕੇ ਜਾਈਏ,
ਇਸ ਦੀ ਮਹਿਮਾ ਦੇ ਗੁਣ ਗਾਈਏ।

ਮਾਂ-ਬੋਲੀ ਨੂੰ ਕਰੋ ਪਿਆਰ,
ਮਾਂ ਵਾਂਗੂ ਕਰੀਏ ਸਤਿਕਾਰ।

ਇਸ ਦਾ ਅੱਖਰ-ਅੱਖਰ ਸਿੱਖੀਏ,
ਸ਼ਬਦ-ਸ਼ਬਦ ਪੜ੍ਹ ਸੁੰਦਰ ਲਿਖੀਏ।

ਇਸ ਵਿੱਚ ਬਚਪਨ ਮੌਜਾਂ ਮਾਣੇ,
ਮਾਂ ਦੀ ਮਮਤਾ ਕੋਈ ਨਾ ਜਾਣੇ।

ਇਹ ਕਰਦੀ ਸੁਪਨੇ ਸਾਕਾਰ,
ਇਸ ਵਿੱਚ ਜਿਉਂਦਾ ਸਭਿਆਚਾਰ।

ਫ਼ਰੀਦ, ਨਾਨਕ, ਭਗਤਾਂ ਦੀ ਬਾਣੀ,
ਵਾਰਿਸਸ਼ਾਹ ਲਿਖੀ ਪ੍ਰੀਤ-ਕਹਾਣੀ।

ਸੂਫ਼ੀ, ਕਿੱਸਾਕਾਰਾਂ ਦੀ ਇਹ ਬੋਲੀ,
ਲਿਖਤਾਂ ਵਿੱਚ ਜਿਨ੍ਹਾਂ ਮਿਸਰੀ ਘੋਲੀ।

'ਅੰਮ੍ਰਿਤਾ', 'ਮੋਹਨ ਸਿੰਘ' ਕਵਿਤਾ ਦੇ ਤਾਰੇ,
'ਸ਼ਿਵ', 'ਪਾਤਰ' ਲੋਕਾਂ ਨੂੰ ਪਿਆਰੇ।

ਸਾਨੂੰ ਜਿੰਦ ਜਾਨ ਤੋਂ ਪਿਆਰੀ,
ਸਾਰੇ ਜੱਗ ਵਿੱਚ ਜਾਏ ਸ਼ਿੰਗਾਰੀ।

ਮਾਂ ਤੋਂ ਜਿਹੜਾ ਲਵੇ ਅਸੀਸਾਂ,
ਕੌਣ ਕਰੇਗਾ ਉਸ ਦੀਆਂ ਰੀਸਾਂ।

## ਅੱਖਰਾਂ ਦੀ ਪੌੜੀ

ਆਓ, ਅੱਖਰਾਂ ਦੀ ਪੌੜੀ 'ਤੇ ਚੜ੍ਹੀਏ,
ਚੰਗੀਆਂ ਗੱਲਾਂ ਸਿੱਖੀਏ, ਪੜ੍ਹੀਏ।

ਨਵੇਂ ਯੁੱਗ ਦਾ ਹੋਕਾ ਸੁਣ ਲਵੋ,
ਵਹਿਮਾਂ-ਭਰਮਾਂ ਵਿੱਚ ਨਾ ਰੁੜ੍ਹੀਏ।

ਅੱਖਰ-ਅੱਖਰ ਲਿਖਣਾ ਸਿੱਖ ਕੇ,
ਚਿੱਠੀ ਦੇ ਵਿੱਚ ਮੋਤੀ ਜੜੀਏ।

ਸਿਆਣੇ ਬੰਦੇ ਇਹੋ ਕਹਿੰਦੇ,
ਆਪਸ ਵਿੱਚ ਕਦੇ ਨਾ ਲੜੀਏ।

ਪੜ੍ਹਨਾ, ਲਿਖਣਾ, ਚਾਨਣ ਵੰਡਣਾ,
ਨੇਰ੍ਹਾ ਪੈਰਾਂ ਥੱਲੇ ਦੜੀਏ।

ਹੱਥੀਂ ਕਿਰਤ ਹੈ ਕਰਨੀ ਚੰਗੀ,
ਆਪਣੀ ਕਿਸਮਤ ਆਪੀਂ ਘੜੀਏ।

ਖੇਤ ਦੀ ਮਿੱਟੀ ਹਾਕਾਂ ਮਾਰੇ,
ਨਵੇਂ ਬੀਜ ਫ਼ਸਲਾਂ ਦੇ ਖੜੀਏ।

ਚੰਗੀ ਸੋਚ, ਕਰੇ ਉਜਿਆਲਾ,
ਅੱਖਰਾਂ ਦੀ ਜੇ ਪੌੜੀ ਚੜ੍ਹੀਏ।

## ਅੰਬਰ ਦੇ ਰੰਗ

ਭਰਿਆ-ਭਰਿਅ ਅੰਬਰ
ਵਿੱਚ ਬੱਦਲਾਂ ਦੀਆਂ ਪੈੜਾਂ,
ਵੇਖੋ ਲਾਡਲਿਓ।

ਖਿੜਿਆ-ਖਿੜਿਆ ਅੰਬਰ
ਵਿੱਚ ਪੰਛੀਆਂ ਦੀਆਂ ਡਾਰਾਂ,
ਮਾਰੋ ਉਡਾਰੀਆਂ।

ਸੁਹਣਾ-ਸੁਹਣਾ ਅੰਬਰ
ਵਿੱਚ ਧੁੱਪਾਂ ਦੀਆਂ ਚੁੰਨੀਆਂ,
ਕੁੜੀਓ ਲੈ ਲਵੋ।

ਕਾਲਾ-ਕਾਲਾ ਅੰਬਰ
ਮੀਂਹ ਦਾ ਡੋਲਾ ਲਿਆਇਆ,
ਲੈ ਲਵੋ ਛਤਰੀਆਂ।

ਨੀਲਾ-ਲੀਲਾ ਅੰਬਰ
ਵਿੱਚ ਸੁਨਹਿਰੀ ਕਿਰਨਾਂ,
ਚਾਨਣ ਲੈ ਲਵੋ।

ਸੀਤਲ-ਸੀਤਲ ਅੰਬਰ
ਵਿੱਚ ਰਿਸ਼ਮਾਂ ਦੀਆਂ ਤੰਦਾਂ
ਝੋਲੀ ਭਰ ਲਵੋ।

ਪਿਆਰਾ-ਪਿਆਰਾ ਅੰਬਰ
ਵਿੱਚ ਰੰਗਾਂ ਦੇ ਥਾਲ,
ਚਿੱਤਰ ਬਣਾ ਲਵੋ।

## ਰੁਣਝੁਣ ਦਾ ਗੀਤ

ਰੁਣਝੁਣ-ਰੁਣਝੁਣ
ਗਾਈਏ ਗੀਤ,
ਪੌਣ ਹੈ ਵਗਦੀ
ਠੰਢੜੀ ਸੀਤ।

ਝੂਮ ਰਹੇ
ਹਰਿਆਲੇ ਰੁੱਖ,
ਕਿੰਨਾ ਸਾਨੂੰ
ਦੇਂਦੇ ਸੁੱਖ।

ਉੱਡ ਰਹੇ ਨੇ
ਪੰਛੀ ਸੁਹਣੇ,
ਚੀਂ-ਚੀਂ ਕਰਦੇ
ਮਨ ਨੂੰ ਮੁਹਣੇ।

ਫੁੱਲ ਖਿੜੇ ਨੇ
ਮਹਿਕਾਂ ਵੰਡਦੇ,
ਰੰਗ-ਬਿਰੰਗੇ
ਧਰਤੀ ਰੰਗਦੇ।

ਔਹ ਬੱਦਲ ਹੈ
ਭੱਜਿਆ ਜਾਂਦਾ,
ਘੁੱਗੂ-ਘੋੜੇ
ਊਠ ਦੌੜਾਂਦਾ।

ਕਿਣਮਿਣ-ਕਿਣਮਿਣ
ਲਗਦੀ ਨਿਆਰੀ,
ਛਿੱਟਮ-ਛਿੱਟੀ
ਖੇਡ ਪਿਆਰੀ।

ਮੈਂ ਲੋਚਾਂ
ਤਾਰਾ ਬਣ ਜਾਵਾਂ,
ਕਾਲੀਆਂ ਰਾਤਾਂ ਨੂੰ ਰੁਸ਼ਨਾਵਾਂ

## ਗੰਨੇ ਦੀਆਂ ਗਨੇਰੀਆਂ

ਗੰਨੇ ਦੀਆਂ ਗਨੇਰੀਆਂ
ਦੋ ਤੇਰੀਆਂ, ਦੋ ਮੇਰੀਆਂ
ਨਿੱਕੀਆਂ ਤੇ ਮਿੱਠੀਆਂ
ਅੰਮੀ ਲਾਈਆਂ ਢੇਰੀਆਂ।

ਦਾਦਾ ਮੇਰੇ ਖੇਤਾਂ ਵਿੱਚੋਂ
ਗੰਨੇ ਪੁੱਟ ਕੇ ਲਿਆਏ ਨੇ,
ਦਾਦੀ-ਮਾਂ ਨੇ ਬੈਠ ਪੀੜ੍ਹੀ 'ਤੇ
ਛਿਲਕੇ ਉੱਤੋਂ ਲਾਹੇ ਨੇ।

ਦਾਤੜੇ ਨਾਲ ਦਾਦੀ ਜੀ ਨੇ
ਖ਼ੂਬ ਬਣਾਈਆਂ ਪੋਰੀਆਂ,
ਸਾਨੂੰ ਮਿੱਠੀਆਂ ਲੱਗਣ
ਜਿਵੇਂ ਮਾਂ ਦੀਆਂ ਲੋਰੀਆਂ।

ਚੂਪਣ-ਚੂਸਣ ਸਾਰੇ ਰਲ ਕੇ
ਗੰਨੇ ਦੀਆਂ ਗਨੇਰੀਆਂ,
ਮਿੱਠਾ ਰਸ ਇਨ੍ਹਾਂ ਦਾ ਦਾਦੀ
ਜਿਉਂ ਮਿੱਠੀਆਂ ਬਾਤਾਂ ਤੇਰੀਆਂ।

ਚੂਪ-ਚੂਪ ਕੇ ਛਿਲਕੇ
ਟੋਕਰੀ ਦੇ ਵਿੱਚ ਸੁੱਟਾਂਗੇ,
ਗੰਨੇ ਦੀਆਂ ਗਨੇਰੀਆਂ ਦਾ
ਖ਼ੂਬ ਮਜ਼ਾ ਅਸੀਂ ਲੁੱਟਾਂਗੇ।

## ਰੁੱਖ ਲਗਾਈਏ

ਆਓ ਸਾਰੇ ਲਾਈਏ ਰੁੱਖ,
ਰੁੱਖ ਤੋਂ ਸੌ ਮਿਲਦੇ ਸੁੱਖ।

ਬੋਹੜ, ਪਿਲਕਣ ਦੀ ਗੂੜ੍ਹੀ ਛਾਂ,
ਟਾਹਲੀ ਲਾਉਣਾ ਭੁੱਲੀਏ ਨਾ।

ਪਿੱਪਲ, ਅੰਬ ਅਤੇ ਜਮੋਏ,
ਸਾਡੇ ਗੀਤਾਂ ਵਿੱਚ ਸਮੋਏ।

ਅਮਲਤਾਸ, ਗੁਲਮੁਹਰ ਦੇ ਫੁੱਲ,
ਜਦ ਖਿੜਦੇ ਦੁੱਖ ਜਾਂਦੇ ਭੁੱਲ।

ਅਰਜਨ, ਔਲਾ, ਨਿੰਮ ਲਗਾਈਏ,
ਇਨ੍ਹਾਂ ਦੇ ਨਾਲ ਰੋਗ ਭਜਾਈਏ।

ਜਾਮਣ, ਅਮਰੂਦ ਲਾਓ ਫ਼ਲਦਾਰ,
ਅਨਾਰ ਬਿਮਾਰਾਂ ਲਈ ਗੁਣਕਾਰ।

ਸਿੰਬਲ, ਸਰੀਂਹ ਦੇ ਫੁੱਲ ਪਿਆਰੇ,
ਜਦ ਖਿੜਦੇ ਤਾਂ ਦੇਣ ਨਜ਼ਾਰੇ।

ਰੁੱਖਾਂ ਨਾਲ ਹੀ ਜੀਵਨ ਚਾਲ,
ਵਾਤਾਵਰਣ ਦੀ ਕਰੋ ਸੰਭਾਲ।

## ਪੰਛੀ ਪਿਆਰੇ ਲੱਗਦੇ

ਆਓ ਪਿਆਰਿਓ ਪੰਛੀਓ ਆਓ,
ਸਾਨੂੰ ਆਪਣੇ ਗੀਤ ਸੁਣਾਓ।

ਤੁਹਾਡੇ ਬਿਨ ਜੀਅ ਨਹੀਂ ਲਗਦਾ,
ਨਾਹੀਂ ਆਲਾ-ਦੁਆਲਾ ਫਬਦਾ।

ਅਸੀਂ ਲੋੜੀਏ ਠੰਢੀਆਂ ਛਾਵਾਂ,
ਸੁੰਨੀਆਂ ਹੋਈਆਂ ਰੱਕੜ ਥਾਵਾਂ।

ਪੰਛੀਆਂ ਨਾਲ ਹੀ ਬਿਰਖ਼ ਸੁਹੰਦੇ,
ਚੀਂ-ਚੀਂ ਸੁਣ ਕੇ ਜਾਗਣ ਬੰਦੇ।

ਸਾਡੀ ਤੁਹਾਡੀ ਸਾਂਝ ਪੁਰਾਣੀ,
ਦਾਦੀ ਤੋਂ ਇਹ ਸੁਣੀ ਕਹਾਣੀ।

ਤੁਸੀਂ ਨਾ ਰੁੱਸਿਓ ਸਾਡੇ ਨਾਲ,
ਕੋਈ ਨਾ ਲਾਊ ਤੁਹਾਨੂੰ ਜਾਲ।

ਉੱਡਣ ਦੀ ਸਾਨੂੰ ਜਾਚ ਸਿਖਾਓ,
ਜਾਂ ਕੋਈ ਸੁਹਣਾ ਗੀਤ ਲਿਖਾਓ।

ਸਾਡੇ ਖੇਤੀਂ ਚੁਗਣੇ ਦਾਣੇ,
ਨਾ ਮਾਰੋ ਪੰਛੀ, ਕਹਿਣ ਸਿਆਣੇ।

ਪੰਛੀ, ਜੀਵ, ਜਾਨਵਰ ਪਿਆਰੇ,
ਇਨ੍ਹਾਂ ਤੋਂ ਜਾਈਏ ਬਲਿਹਾਰੇ।

## ਪੌਣ

ਪੌਣ ਵਗੇਂਦੀ ਲਗਦੀ ਚੰਗੀ,
ਠੁਮਕਾ ਮਾਰ ਕੇ ਕੋਲੋਂ ਲੰਘੀ।

ਝੁਮਕਣ ਲੱਗੇ ਬਿਰਖਾਂ ਦੇ ਪੱਤੇ,
ਹਰੇ ਕਚੂਰ ਰੰਗਾਂ ਦੇ ਪੱਕੇ।

ਫੁੱਲ ਵੀ ਖਿੜ ਕੇ ਲੱਗੇ ਹੱਸਣ,
ਪੌਣ ਹੈ ਵਗਦੀ ਸਾਨੂੰ ਦੱਸਣ।

ਬਾਗ਼ਾਂ ਦੇ ਵਿੱਚ ਮਹਿਕਾਂ ਉੱਠੀਆਂ,
ਖ਼ੁਸ਼ ਹੋ ਗਈਆਂ ਤਿਤਲੀਆਂ ਰੁੱਠੀਆਂ।

ਪੰਛੀ ਪੌਣਾਂ ਦੇ ਸੰਗ ਉਡਦੇ,
ਪਤੰਗ ਪੌਣਾਂ 'ਚ ਚੜ੍ਹਦੇ ਮੁੜਦੇ।

ਪਾਣੀ ਵਿੱਚ ਵੀ ਉੱਠੀਆਂ ਲਹਿਰਾਂ,
ਨਿੱਕੀਆਂ-ਨਿੱਕੀਆਂ ਲੱਗਣ ਨਹਿਰਾਂ।

ਵਿਹਲ ਨਾ ਮੈਨੂੰ ਪੌਣ ਹੈ ਕਹਿੰਦੀ,
ਦਿਨੇ-ਰਾਤ ਪਈ ਵਗਦੀ ਰਹਿੰਦੀ।

ਪੌਣ ਹੈ ਸਭਨਾਂ ਦੀ ਜਿੰਦ ਜਾਨ,
ਬਿਨਾਂ ਭੇਦ ਤੋਂ ਕਰਦੀ ਦਾਨ।

ਧੁੱਪ, ਪੌਣ, ਪਾਣੀ ਨੇ ਦਾਤਾਂ,
ਸੰਭਾਲ ਕੇ ਰੱਖੋ ਅਨਮੋਲ ਸੁਗਾਤਾਂ।

ਪੌਣ ਤੋਂ ਇਕ ਗੱਲ ਆਪਾਂ ਸਿੱਖੀਏ,
ਸ਼ੁੱਧ ਵਾਤਾਵਰਣ ਲਈ ਕਵਿਤਾ ਲਿਖੀਏ।

## ਦੀਵਾ ਤੇ ਪੁਸਤਕ

ਮਾਂ ਮੇਰੀ ਨੇ
ਦੀਵਾ ਬਾਲ ਕੇ
ਡਿਊਟ ਦੇ ਉੱਤੇ
ਆਣ ਟਿਕਾਇਆ।
ਚਾਨਣ ਨੇ ਖਿੰਡ ਪੋਲੇ-ਪੋਲੇ
ਘਰ ਸਾਡਾ ਰੁਸ਼ਨਾਇਆ।

ਰਾਤ ਪਿਆਰੀ-ਪਿਆਰੀ ਲੱਗੇ,
ਚਾਨਣ ਅੱਗੇ ਹਨੇਰਾ ਭੱਜੇ।

ਦੀਵੇ ਨੇੜੇ ਮੈਂ ਬਹਿ ਜਾਵਾਂ,
ਖੋਲ੍ਹ ਕਿਤਾਬ 'ਚੋਂ ਕਵਿਤਾ ਗਾਵਾਂ।

ਇੱਕ ਚਾਨਣ ਮੈਨੂੰ ਦੀਵਾ ਦੇਵੇ,
ਇੱਕ ਚਾਨਣ ਮੈਨੂੰ ਪੁਸਤਕ ਦੇਵੇ।

ਚਾਨਣ ਨਾਲ ਦੋਸਤੀ ਚੰਗੀ,
ਪੁਸਤਕ ਹੁੰਦੀ ਸਾਥੀ ਸੰਗੀ।

ਮੈਂ ਦੀਵੇ ਨੂੰ ਤੱਕੀ ਜਾਵਾਂ
ਨਾਲੇ ਮਾਂ ਨੂੰ ਪਾਠ ਸੁਣਾਵਾਂ।

ਦੀਵਾ-ਪੁਸਤਕ, ਚਾਨਣ-ਗਿਆਨ,
ਵਿੱਦਿਆ ਕਰਦੀ ਉੱਚੀ ਸ਼ਾਨ।

## ਪੰਛੀ ਕਰਨ ਕਲੋਲਾਂ

ਆਓ ਨੀਂ ਚਿੜੀਓ,
ਬੈਠੋ ਘਰ ਦੀਆਂ ਕੰਧਾਂ ਉੱਤੇ
ਤੁਹਾਡੀ ਚੀਂ-ਚੀਂ ਬਾਝੋਂ
ਸੁੰਨੇ ਲਗਦੇ ਵਿਹੜੇ,
ਮੁੱਠੀਆਂ ਭਰ-ਭਰ ਚੋਗਾ ਪਾਵਾਂ
ਤੁਹਾਡੀਆਂ ਖੈਰ ਮਨਾਵਾਂ।

ਆ ਨੀਂ ਕੋਇਲੇ-
ਸਾਡੇ ਬਾਗੀਂ ਅੰਬਾਂ ਦੀ ਰੁੱਤ ਆਈ
ਤੇਰੀ ਮਿੱਠੀ ਕੂ-ਕੂ ਸੁਣਨ ਲਈ
ਤਰਸ ਗਏ ਕੰਨ ਸਾਡੇ
ਤੇਰਾ ਗੀਤ ਲਿਖਣ ਲਈ ਲੋਚਾਂ।

ਆ ਨੀ ਘੁੱਗੀਏ-
ਸਿਖਰ ਦੁਪਹਿਰੇ ਬਿਰਖ ਉਡੀਕੇ ਤੈਨੂੰ
ਤੇਰੀ ਘੁੱਗੂ-ਘੂੰ ਸੁਣਨ ਲਈ
ਅਮਨ ਸੁਨੇਹਾ ਦੇਵਣ ਖਾਤਰ
ਮੈਂ ਕਵਿਤਾ ਲਿਖਣਾ ਚਾਹਾਂ।

ਆ ਵੇ ਮੋਰ ਕਲਹਿਰੀ ਪਿਆਰੇ-
ਰੁਣ-ਝੁਣ ਦੀ ਰੁੱਤ ਆਈ
ਤੇਰੀ ਸੁੰਦਰਤਾ ਮਨ ਮੋਂਹਦੀ
ਖੰਭ ਤੇਰੇ ਤੱਕ ਚਿਤਰੇ-ਮਿਤਰੇ
ਮੈਂ ਰੰਗ-ਬੁਰਸ਼ ਲੈ ਛੋਹੇ।

ਆ ਕਬੂਤਰ ਚੀਨੇ ਪਿਆਰੇ-
ਗਟਰ-ਗੂੰ ਤੇਰੀ ਚੰਗੀ ਲਗਦੀ
ਅੰਬਰੀਂ ਤੇਰੀ ਉਡਾਰੀ ਪਿਆਰੀ
ਸੁਪਨਿਆਂ ਨੂੰ ਖੰਭ ਤਦ ਹੀ ਲਗਦੇ
ਮਨ ਜੇ ਕਰੇ ਤਿਆਗੀ।

## ਵਰ੍ਹ ਨੀਂ ਬੱਦਲੀਏ

ਵਰ੍ਹ-ਵਰ੍ਹ ਨੀ ਬੱਦਲੀਏ
ਸਾਡੇ ਖੇਤੀ ਵਰ੍ਹ ਨੀਂ,
ਸਾਡੀ ਸੁੱਕੀ ਖੇਤੀ ਨੂੰ
ਰੱਜ-ਰੱਜ ਕੇ ਭਰ ਨੀਂ।

ਵਰ੍ਹ-ਵਰ੍ਹ ਨੀਂ ਬੱਦਲੀਏ
ਸਾਡੇ ਬਾਗੀਂ ਵਰ੍ਹ ਨੀਂ,
ਮੁਰਝਾਏ ਬਿਰਖ਼ਾਂ ਨੂੰ
ਤੂੰ ਹਰਿਆ ਕਰ ਨੀਂ।

ਵਰ੍ਹ-ਵਰ੍ਹ ਨੀਂ ਬੱਦਲੀਏ
ਸਾਡੇ ਪਿੰਡੀਂ ਵਰ੍ਹ ਨੀਂ,
ਤਪਸ਼ਾਂ ਨੇ ਸਹਿ ਲਈਆਂ
ਪੌਣਾਂ ਨੂੰ ਕਰ ਤਰ ਨੀਂ।
ਵਰ੍ਹ-ਵਰ੍ਹ ਨੀਂ ਬੱਦਲੀਏ
ਤੂੰ ਸ਼ਹਿਰੀਂ ਵਰ੍ਹ ਨੀਂ,
ਗਰਮੀ ਤੋਂ ਅੱਕ ਗਏ
ਲਾ ਕਣੀਆਂ ਦੀ ਛਹਿਬਰ ਨੀਂ।

ਵਰ੍ਹ-ਵਰ੍ਹ ਨੀਂ ਬੱਦਲੀਏ
ਵਰਖਾ ਦੀ ਰੁੱਤ ਵਰ੍ਹ ਨੀਂ,
ਠੰਢਕ ਵਰਤਾ ਦੇ ਤੂੰ
ਸਭਨਾਂ ਦੇ ਘਰ-ਘਰ ਨੀਂ।

ਵਰ੍ਹ-ਵਰ੍ਹ ਨੀਂ ਬੱਦਲੀਏ
ਸਾਵਣ ਹੈ ਵਰ੍ਹ ਨੀਂ,
ਪੀਂਘਾਂ ਪਾ ਝੂਟ ਲਈਏ
ਸੁਣ ਪੱਤਰਾਂ ਦੀ ਸਰ-ਸਰ ਨੀਂ।

## ਨਵਾਂ ਸਾਲ

ਨਵੇਂ ਸਾਲ ਦਾ ਸੂਰਜ ਸੱਜਰਾ
ਲੈ ਅੰਗੜਾਈ ਵੇਖੋ ਚੜ੍ਹਿਆ,
ਕਿਰਨਾਂ ਦਾ ਰੱਥ ਤੇਜ਼ ਦੌੜਦਾ
ਬੂਹੇ ਉੱਤੇ ਆਣ ਹੈ ਖੜ੍ਹਿਆ।

ਨਵਾਂ ਸਵੇਰਾ, ਨਵਾਂ ਸੁਨੇਹੜਾ
ਧੁੱਪ ਸੰਦਲੀ ਵੰਡਣ ਆਇਆ,
ਫੁੱਲਾਂ ਦੀ ਚੰਗੇਰ ਲੈ ਹੱਥੀਂ
ਮਿੱਤਰ ਵਾਂਗੂ ਹੈ ਮੁਸਕਾਇਆ।

ਲੰਘਿਆ ਸਮਾਂ ਕਦੇ ਨਾ ਮੁੜਿਆ
ਆਦਿ-ਕਾਲ ਤੋਂ ਇਹੋ ਕਹਾਣੀ,
ਵਰਤਮਾਨ ਵੀ ਕਦ ਹੈ ਰੁਕਣਾ,
ਹਰ ਵਸਤ ਹੋ ਜਾਏ ਪੁਰਾਣੀ।

ਜੋ ਹੱਥ ਹੋਵੇ ਸਾਂਭ ਰੱਖੀਏ
ਤੁਰਦੇ ਰਹਿਣਾ ਵਾਂਗ ਦਰਿਆਵਾਂ,
ਧਰਤ ਸੁਹਾਵੀ ਜੱਗ ਦੀ ਜਣਨੀ
ਬੱਚਿਆਂ ਦੀ ਸੁੱਖ ਮੰਗਣ ਮਾਂਵਾਂ।

ਭੁੱਖਾਂ, ਵਿੱਥਾਂ, ਵੰਡੀਆਂ ਮਿਟਣ
ਪੂਰੇ ਹੋਵਣ ਸੁਪਨ-ਸੁਨਹਿਰੀ,
ਬੱਚੇ ਹੱਸਣ ਫੁੱਲਾਂ ਵਾਂਗੂ
ਬਾਗੀਂ ਨੱਚਣ ਮੋਰ ਕਲਹਿਰੀ।

ਲੰਘੀਆਂ ਰਾਤਾਂ ਬਣਨ ਪ੍ਰਭਾਤਾਂ
ਹਰ ਦਿਨ ਬਣ ਜਾਵੇ ਉਜਿਆਰਾ,
ਨਵਾਂ ਸਾਲ ਮੁਬਾਰਕ ਹੋਵੇ
ਇਹ ਜੱਗ ਲੱਗੇ ਪਿਆਰਾ।

## ਚਾਨਣ ਦੇ ਦੀਵੇ-ਕਿਤਾਬਾਂ

ਗਿਆਨ ਦਾ ਭੰਡਾਰ ਕਿਤਾਬਾਂ,
ਖੋਲ੍ਹੋ ਤਾਂ ਬੋਲਦੀਆਂ ਕਿਤਾਬਾਂ।

ਜ਼ਿੰਦਗੀ ਭਰ ਦੇ ਸਾਥ ਲਈ,
ਦੋਸਤੀ ਪਾਉਂਦੀਆਂ ਕਿਤਾਬਾਂ।

ਗੀਤ, ਸੰਗੀਤ ਘੋਲਦੀਆਂ,
ਸਾਡੇ ਦਿਲਾਂ ਵਿੱਚ ਕਿਤਾਬਾਂ।

ਜਦੋਂ ਕਹੋ ਜਾਗ ਪੈਂਦੀਆਂ
ਗੱਲ ਕਰਨ ਲਈ ਕਿਤਾਬਾਂ।

ਕੌਣ ਝੂਠਾ, ਕੌਣ ਸੱਚਾ,
ਪਰਖ ਕਰਦੀਆਂ ਕਿਤਾਬਾਂ।

ਦਰਦ ਦੁਨੀਆਂ ਦਾ ਘਟਾਉਣ
ਬਾਣੀ ਰਚਦੀਆਂ ਕਿਤਾਬਾਂ।

ਰਹੇ ਸ਼ਾਂਤੀ, ਹੋਵੇ ਭਲਾ
ਕਰਨ ਦੁਆਵਾਂ ਕਿਤਾਬਾਂ।

ਕਿੱਥੋਂ ਤੁਰਿਆ, ਕਿੱਥੇ ਪੁੱਜਿਆ,
ਇਤਿਹਾਸ ਬਣਦੀਆਂ ਕਿਤਾਬਾਂ।

ਮਿੱਟੀ-ਮੋਹ, ਜੜ੍ਹ-ਜੀਵਨ,
ਸਭਿਆਚਾਰ ਹੁੰਦੀਆਂ ਕਿਤਾਬਾਂ।

ਚਾਨਣ ਦੇ ਦੀਵੇ ਜਗਣ,
ਜਦੋਂ ਵੀ ਪੜ੍ਹੀਏ ਕਿਤਾਬਾਂ।

## ਪੁਸਤਕਾਂ ਨਾਲ ਦੋਸਤੀ

ਆਓ ਬੈਠ ਪੁਸਤਕਾਂ ਪੜ੍ਹੀਏ
ਗਿਆਨ ਦੀ ਉੱਚੀ ਪੌੜੀ ਚੜ੍ਹੀਏ।

ਪੰਨਿਆਂ ਉੱਤੇ ਸ਼ਬਦ ਬੋਲਦੇ,
ਪੁਸਤਕ ਖੋਲ੍ਹ ਜਦੋਂ ਵੀ ਪੜ੍ਹੀਏ।

ਅੱਖਰ ਬਣ ਜਾਂਦੇ ਨੇ ਦੀਵੇ,
ਨੀਝ ਲਗਾ ਕੇ ਜਦ ਵੀ ਪੜ੍ਹੀਏ।

ਮਨ ਵਿੱਚ ਸੂਰਜ ਉਦੈ ਹੋਂਵਦਾ,
ਲਗਨ ਨਾਲ ਜਦੋਂ ਵੀ ਪੜ੍ਹੀਏ।

ਮਾਂ-ਬੋਲੀ ਦੀ ਮਹਿਮਾ ਨਿਆਰੀ,
ਮਾਂ ਪਿਆਰੀ ਦੇ ਕੋਲੋਂ ਪੜ੍ਹੀਏ।

ਕਿੰਨਾ ਕੁਝ ਪ੍ਰਾਪਤ ਹੁੰਦਾ,
ਕਹਿਣ ਸਿਆਣੇ ਪੁਸਤਕਾਂ ਪੜ੍ਹੀਏ।

ਚੱਜ-ਅਚਾਰ ਸਿੱਖਣ ਖ਼ਾਤਰ,
ਸੁੱਚੇ ਹੱਥੀਂ ਪੁਸਤਕ ਪੜ੍ਹੀਏ।

ਸਾਗਰ ਮੋਤੀ, ਅੰਬਰੋਂ ਤਾਰੇ,
ਢੂੰਡਣ ਲਈ ਕਿਤਾਬਾਂ ਪੜ੍ਹੀਏ।

ਸੱਜਰਾ-ਸੱਜਰਾ ਗਿਆਨ ਜੇ ਲੈਣਾ,
ਨਵੀਆਂ ਨਿੱਤ ਪੁਸਤਕਾਂ ਪੜ੍ਹੀਏ।

ਪੁਸਤਕਾਂ ਨਾਲ ਦੋਸਤੀ ਚੰਗੀ,
ਨਾਲ ਅਦਬ ਦੇ ਪੁਸਤਕ ਪੜ੍ਹੀਏ।

## ਵਿੱਦਿਆ ਫੈਲੇ, ਚਾਨਣ ਹੋਏ

ਆਓ ਬੱਦਲਾਂ 'ਤੇ
ਉੜਾ ਲਿਖੀਏ
ਉਡੀਏ ਹੋਰ ਉਚੇਰੇ।
ਅੱਖਰ ਪੜ੍ਹੀਏ
ਗਿਆਨ ਵਧਾਈਏ
ਹੋਵਣ ਦੂਰ ਹਨੇਰੇ।

ਆਓ ਪੌਣਾਂ 'ਤੇ
ਆੜਾ ਪਾਈਏ
ਮਾਣੀਏ ਠੰਢੀਆਂ ਛਾਵਾਂ।
ਮਾਂ-ਬੋਲੀ ਤੋਂ
ਸਦਕੇ ਜਾਈਏ
ਦੇਣ ਅਸੀਸਾਂ ਮਾਵਾਂ।

ਆਓ ਫੁੱਲਾਂ 'ਤੇ
ਸ਼ਿਅਰ ਲਿਖੀਏ
ਕੁਦਰਤ ਨਿੱਤਰ ਜਾਵੇ।
ਤਿੱਤਲੀਆਂ ਸੰਗ
ਨੱਚਣ ਖਿੜ
ਹਰ ਕਲੀ ਮੁਸਕਾਏ।

ਆਓ ਫੱਟੀ 'ਤੇ
ਲੀਕਾਂ ਵਾਹੀਏ
ਸੁੰਦਰ ਹੋਏ ਲਿਖਾਈ।
ਸ਼ੁੱਧ ਬੋਲੀਏ
ਸ਼ੁੱਧ ਲਿਖ ਵੇਖ
ਗੱਲ ਸਮਝ ਹੈ ਆਈ।

ਆਓ ਧਰਤੀ 'ਤੇ
ਅੱਖਰ ਪਾਈਏ
ਮਿੱਟੀ ਉਪਜੇ ਦਾਣੇ।
ਮਿਹਨਤ ਦਾ ਫਲ
ਮਿੱਠਾ ਹੁੰਦਾ
ਕਹਿੰਦੇ ਸੱਭ ਸਿਆਣੇ।

ਆਓ ਪਾਣੀ ਵਿੱਚ
ਰੰਗ ਘੋਲੀਏ
ਚਿੱਤਰ ਵਾਹੀਏ ਪਿਆਰੇ।
ਪੰਛੀ ਉਡਦੇ
ਅੰਬਰ ਤੱਕੀਏ
ਸੁੰਦਰ ਵੇਖ ਨਜ਼ਾਰੇ।

ਆਓ ਸੂਰਜ ਨਾਲ
ਆੜੀ ਪਾਈਏ
ਜੋ ਚਾਨਣ ਦਾ ਵਣਜਾਰਾ।
ਘਰ-ਘਰ ਖੇੜਾ
ਖ਼ੁਸ਼ੀਆਂ ਨੱਚਣ
ਜੱਗ ਇਹ ਬੜਾ ਪਿਆਰਾ।

ਆਓ ਫੁੱਲਾਂ ਨੂੰ
ਗੀਤ ਸੁਣਾਈਏ
ਖਿੰਡ ਜਾਵਣ ਖੁਸ਼ਬੋਈਆਂ।
ਵਿੱਦਿਆ ਫੈਲੇ
ਚਾਨਣ ਹੋਏ
ਸੋਚਾਂ ਹੋਣ ਨਰੋਈਆਂ।

## ਖੇਤ ਅਸਾਡੇ

ਖੇਤ ਅਸਾਡੇ ਖੁੱਲ੍ਹੇ-ਖੁੱਲ੍ਹੇ,
ਅੰਬਰ ਦੇ ਵੱਲ ਤੱਕਦੇ,
ਬੱਦਲਾਂ ਨਾਲ ਦੋਸਤੀ ਗੰਢਦੇ
ਫ਼ਸਲਾਂ ਉਪਜਣ ਤੋਂ ਨਾ ਅੱਕਦੇ।

ਖੇਤ ਅਸਾਡੇ ਮਿੱਟੀ ਰੰਗੇ
ਸਿਆੜਾਂ ਰਾਹੀਂ ਚਿੱਤਰ ਬਣਾਉਂਦੇ,
ਹਾਲੀ ਪਾਲੀ ਦੀ ਸੁੱਖ ਮੰਗਦੇ
ਸਭ ਦੀ ਭੁੱਖ ਮਿਟਾਉਂਦੇ।

ਖੇਤ ਅਸਾਡੇ ਹਰਿਆਲੀ ਵੰਡਦੇ
ਪਾਣੀ ਦੇ ਘੁੱਟ ਪੀ-ਪੀ ਹੱਸਦੇ,
ਗਿੱਲੀ ਮਿੱਟੀ ਬੀਜ ਉਗਾਉਂਦੀ
ਸਿਆਣੇ ਬੰਦੇ ਗੱਲ ਇਹ ਦੱਸਦੇ।

ਖੇਤ ਅਸਾਡੇ ਮਿੱਤਰਾਂ ਵਰਗੇ
ਦੁੱਖ-ਸੁੱਖ ਸਾਂਝਾ ਕਰਦੇ,
ਖਲਵਾਨਾਂ ਵਿੱਚ ਬੋਹਲ ਸਜਾ ਕੇ
ਦਾਣਿਆਂ ਨਾਲ ਭੜੋਲੇ ਭਰਦੇ।

ਖੇਤ ਅਸਾਡੇ ਮਿੱਤਰਾਂ ਵਰਗੇ
ਸਬਜ਼ੀਆਂ ਦੇਂਦੇ ਤੇ ਮੁਸਕਾਉਂਦੇ,
ਪੰਛੀ ਚੋਗਾ ਚੁਗਣ ਦੀ ਖਾਤਰ
ਆੜੀ ਪਾਉਂਦੇ, ਚੀਂ-ਚੀਂ ਗਾਉਂਦੇ।

ਖੇਤ ਅਸਾਡੇ ਸੋਨਾ ਉਗਲਣ
ਸਭ ਨੂੰ ਵੰਡਦੇ ਦਾਤਾਂ,
ਖੇਤਾਂ ਨਾਲ ਖੁਸ਼ਹਾਲੀ ਹੁੰਦੀ
ਕੀ ਕਹਿਣੇ ਦੀਆਂ ਬਾਤਾਂ।

ਖੇਤ ਅਸਾਡੇ ਬੜੇ ਸੰਤੋਖੀ
ਮਾਵਾਂ ਦੀ ਕੁੱਖ ਵਰਗੇ,
ਜਿਨ੍ਹਾਂ ਮਿਹਨਤਾਂ ਕੀਤੀਆਂ ਡੱਟ ਕੇ
ਲਾਲ ਕਮਾਈਆਂ ਪੱਲੇ ਭਰਗੇ।

## ਪਾਣੀ

ਪਾਣੀ ਸਾਡਾ ਜੀਵਣ ਦਾਤਾ,
ਪਾਣੀ ਪਿਤਾ ਹੈ, ਧਰਤੀ ਮਾਤਾ।

ਉੱਚੇ 'ਤੇ ਨੀਵੇਂ ਵੱਲ ਵਹਿੰਦਾ,
ਨਿਮਰਤਾ ਦੀ ਸਿੱਖਿਆ ਕਹਿੰਦਾ।

ਜੀਵ, ਜਾਨਵਰ, ਪੰਛੀ ਸਭ ਪੀਂਦੇ,
ਰੁੱਖ, ਪੌਦੇ ਵੀ ਪਾਣੀ ਨਾਲ ਜੀਂਦੇ।

ਪਾਣੀ ਦੇਂਦਾ ਸਭਨਾਂ ਨੂੰ ਜਾਨ,
ਕਹਿੰਦੇ ਸਿਆਣੇ ਤੇ ਵਿਦਵਾਨ।

ਨਦੀਆਂ, ਦਰਿਆ ਰੱਖੀਏ ਸਾਫ਼,
ਭਗਤੀ ਵਰਗਾ ਹੈ ਇਹ ਜਾਪ।

ਸ਼ੁੱਧ ਤੇ ਨਿਰਮਲ ਪਾਣੀ ਪੀਵੋ,
ਚੰਗੀ ਸਿਹਤ, ਖੁਸ਼ੀ ਨਾਲ ਜੀਵੋ।

ਪਾਣੀ ਹੈ ਅਮੋਲਕ ਦਾਤ,
ਸਾਂਭੀਏ ਇਸ ਨੂੰ ਵਾਂਗ ਸੁਗ਼ਾਤ।

## ਹੱਸਣ ਨਿਆਣੇ

ਖੇਤੀਂ ਬੀਜੀਏ ਦਾਣੇ
ਫ਼ਸਲਾਂ ਉੱਗਣ
ਭਰਾਂਗੇ ਬੋਰੀਆਂ।

ਦਈਏ ਕਿਆਰੀ ਬੀਜ
ਫੁੱਲ ਖਿੜਨਗੇ
ਮਹਿਕਾਂ ਫੈਲਣੀਆਂ।

ਮਿੱਟੀ ਲਾਈਏ ਕਲਮਾਂ
ਬੂਟੇ ਝੂਮਣ
ਪੌਣਾਂ ਰੁਮਕਣੀਆਂ।

ਜੜ੍ਹਾਂ ਸਿੰਜੀਏ
ਬਿਰਖ਼ ਬਣਨਗੇ
ਛਾਂਵਾਂ ਮਾਨਣੀਆਂ।

ਪੈਲੀ ਲਾਓ ਪਨੀਰੀ
ਹੱਸੇ ਹਰਿਆਲੀ
ਆਸਾਂ ਪੂਰਨੀਆਂ।
ਸਾਂਭੋ ਇੱਕ-ਇੱਕ ਦਾਣਾ
ਬਣਨ ਹਜ਼ਾਰਾਂ
ਬਰਕਤਾਂ ਹੋਵਣੀਆਂ।

ਭਰ ਲਵੋ ਪੱਲੇ
ਹੋਏ ਬੱਲੇ ਬੱਲੇ
ਮਿਹਨਤਾਂ ਮੁਸਕਾਣੀਆਂ।

ਉੱਗਣ ਦਾਣੇ
ਹੱਸਣ ਨਿਆਣੇ
ਖ਼ੁਸ਼ੀਆਂ ਨੱਚਣੀਆਂ।

## ਰੁੱਖ ਮਨੁੱਖ ਦੀ ਦੋਸਤੀ

ਰੁੱਖਾਂ ਨੂੰ ਤੱਕਣਾ ਚੰਗਾ ਲੱਗਦਾ,
ਰੁੱਖਾਂ ਵਿੱਚ ਮੈਨੂੰ ਕਾਦਰ ਲਗਦਾ।
ਹਰ ਰੁੱਖ ਦੀ ਹੈ ਆਪਣੀ ਸੂਰਤ,
ਰੁੱਖ ਜਿਉਂ ਲੱਗੇ ਰੱਬ ਦੀ ਮੂਰਤ।

ਹਰ ਰੁੱਖ ਉੱਗ ਕੇ ਅੰਬਰ ਵੱਲ ਜਾਂਦਾ,
ਰੁੱਖ ਤਾਂ ਲੱਗੇ ਵੰਝਲੀ ਬਣ ਗਾਉਂਦਾ।
ਹਰ ਰੁੱਤ, ਰੁੱਖ ਦੀ ਪ੍ਰੀਖਿਆ ਲੈਂਦੀ,
ਰੁੱਖ ਦੀ ਕਾਇਆ ਦੁੱਖ-ਸੁੱਖ ਸਹਿੰਦੀ।

ਰੁੱਖ, ਰੁੱਖਾਂ ਨੂੰ ਮਿਲਣ ਤੋਂ ਕੋਰੇ,
ਰੁੱਖਾਂ ਨੂੰ ਕੋਈ ਕਿੱਦਾਂ ਤੋਰੇ।
ਰੁੱਖ ਤਾਂ ਜਿਉਂਦੇ ਹੋਰਾਂ ਖਾਤਰ,
ਕਠਿਨ ਹੈ ਬਣਨਾ ਲੋਕਾਂ ਦਾ ਪਾਤਰ।

ਰੁੱਖ ਰਹਿਣ ਤਾਂ ਵੱਸੇ ਜੀਵਨ,
ਰੁੱਖਾਂ ਦੇ ਸੰਗ ਹੱਸੇ ਜੀਵਨ।
ਰੁੱਖ-ਮਨੁੱਖ ਦੀ ਦੋਸਤੀ ਚੰਗੀ,
ਰੁੱਖਾਂ ਵਰਗਾ ਕੋਈ ਨਾ ਸੰਗੀ।

## ਸਵਰਗ ਧਰਤ 'ਤੇ ਵੱਸਦਾ

ਪੂਰਬ ਹੈ ਜਾਂ ਪੱਛਮ ਹੈ,
ਉੱਤਰ ਹੈ ਜਾਂ ਦੱਖਣ ਹੈ,
ਸਗਲ ਧਰਤ ਤਾਂ ਇੱਕੋ ਹੈ
ਇੱਕੋ ਹੀ ਨੂਰ ਪਸਾਰਾ ਹੈ,
ਇਹ ਬ੍ਰਹਿਮੰਡ ਬੜਾ ਪਿਆਰਾ ਹੈ।

ਇੱਕੋ ਹੀ ਸੂਰਜ ਸ਼ਕਤੀ ਦਾ,
ਇੱਕੋ ਹੀ ਸੂਰਜ ਚਾਨਣ ਦਾ,

ਇਹ ਕਿਹੋ ਜਿਹਾ ਵਰਤਾਰਾ ਹੈ,
ਜੋ ਲਗਦਾ ਬਹੁਤ ਪਿਆਰਾ ਹੈ।

ਕਿਤੇ ਚੜ੍ਹਦਾ ਹੈ ਕਿਤੇ ਛੁਪਦਾ ਹੈ,
ਧਰਤੀ ਦਾ ਖੰਡ ਕੋਈ ਲੁਕਦਾ ਹੈ,
ਧਰਤੀ ਦਾ ਖੰਡ ਕੋਈ ਜਗਦਾ ਹੈ,
ਕਿਤੇ ਠਰਦਾ ਹੈ, ਕਿਤੇ ਤਪਦਾ ਹੈ।

ਕਿਤੇ ਰਾਤ ਠਹਿਰਨ ਨੂੰ ਆਉਂਦੀ ਹੈ,
ਕਿਤੇ ਦਿਵਸ ਭਰਦਾ ਹੁੰਗਾਰਾ ਹੈ,
ਕਿਤੇ ਰੱਕੜ ਰੇਤ ਵਿਛਾਉਂਦਾ ਹੈ।

ਕਿਤੇ ਮੈਦਾਨੀ ਖ਼ੂਬ ਨਜ਼ਾਰਾ ਹੈ,
ਕਿਤੇ ਪਰਬਤ ਅੰਬਰ ਚੁੰਮਦੇ ਨੇ,
ਕਿਤੇ ਜੀਵ ਸਾਗਰੀ ਘੁੰਮਦੇ ਨੇ।

ਕਿਤੇ ਪੰਛੀ ਚੀਂ-ਚੀਂ ਕਰਦੇ ਨੇ,
ਕਿਤੇ ਉਡ-ਉਡ ਅੰਬਰ ਭਰਦੇ ਨੇ।
ਕਿਤੇ ਦਰਿਆ ਕਲ-ਕਲ ਵਗਦੇ ਨੇ।
ਕਿਤੇ ਝਰਨੇ ਗਾਉਂਦੇ ਲਗਦੇ ਨੇ।

ਕਿਤੇ ਨਿਰਮਲ ਝੀਲਾਂ ਪਿਆਰੀਆਂ ਨੇ,
ਕਿਤੇ ਫੁੱਲਾਂ ਦੀਆਂ ਫੁਲਕਾਰੀਆਂ ਨੇ।
ਕਿਤੇ ਪੌਣਾਂ ਸਾਜ਼ ਵਜਾਉਂਦੀਆਂ ਨੇ,
ਕਾਦਰ ਦਾ ਨਗ਼ਮਾ ਗਾਉਂਦੀਆਂ ਨੇ।

ਕਿਤੇ ਹਰਾ-ਹਰਾ ਘਾਹ ਹੱਸਦਾ ਹੈ,
ਲੱਗੇ ਸਵਰਗ ਧਰਤ 'ਤੇ ਵਸਦਾ ਹੈ।

## ਚੰਗੀਆਂ ਗੱਲਾਂ

ਚਿੜੀਆਂ ਨੂੰ ਤੂੰ ਚੋਗਾ ਪਾ,
ਨਾਲੇ ਮਿੱਠਾ-ਮਿੱਠਾ ਗਾ।

ਫੁੱਲਾਂ ਨੂੰ ਤੂੰ ਪਾਣੀ ਲਾ
ਨਾਲ ਰੰਗਾਂ ਦੇ ਚਿੱਤਰ ਬਣਾ।

ਬੱਦਲਾਂ ਨੂੰ ਤੂੰ ਝਾਤ ਬੁਲਾਅ,
ਕਣੀਆਂ ਦੇ ਤੂੰ ਵਾਰੇ ਜਾ।
ਰੁੱਖਾਂ ਨਾਲ ਤੂੰ ਆੜੀ ਪਾ,
ਹਰੇ ਰਹਿਣ ਦਾ ਰੱਖੀਂ ਚਾਅ।

ਧਰਤੀ ਨੂੰ ਤੂੰ ਸੀਸ ਝੁਕਾਅ,
ਮਾਂ ਬਾਝੋਂ ਨਾ ਮਿਲਦੀ ਮਮਤਾ।

ਪਾਣੀ ਨੂੰ ਤੂੰ ਨਾ ਗੰਧਲਾਅ,
ਨਿਰਮਲ ਰੱਖ ਕੇ ਕਰ ਭਲਾ।

ਸ਼ੁਧ ਹਵਾ ਵਿੱਚ ਲੈਵੀਂ ਸਾਹ,
ਸਿਹਤ ਬਣੇਗੀ ਵਾਹ ਪਈ ਵਾਹ।

ਐਵੇਂ ਨਾ ਤੂੰ ਸ਼ੋਰ ਮਚਾਅ,
ਚੰਗੀਆਂ ਗੱਲਾਂ ਸਿੱਖ, ਸਿਖਾਅ।

ਚਾਨਣ ਦੀ ਤੂੰ ਜੋਤ ਜਗਾਅ,
ਵਿੱਦਿਆ ਲੈ ਕੇ, 'ਨੇਰ੍ਹ ਹਟਾਅ।

* * * *

# ਕਿਰਨਾਂ ਦੇ ਫੁੱਲ

## ਨਵਾਂ ਸਾਲ ਮੁਬਾਰਕ

ਪੂਰਬ ਵੱਲੋਂ ਸੂਰਜ ਚੜ੍ਹਿਆ,
ਸੋਨ-ਸਵੇਰਾ ਬੂਹੇ ਖੜ੍ਹਿਆ।

ਖਿੜ ਗਈਆਂ ਨੇ ਕਲੀਆਂ ਸੁੱਤੀਆਂ,
ਨੇਰ੍ਹੇ ਵਾਲੀਆਂ ਰਾਤਾਂ ਮੁੱਕੀਆਂ।

ਝੂਮ ਪਏ ਸਭ ਰੁੱਖ ਤੇ ਬੂਟੇ,
ਫੁੱਲ ਟਹਿਣੀ 'ਤੇ ਲੈਂਦੇ ਝੂਟੇ।

ਲਗਨ ਮਿਹਨਤ ਦਾ ਪੱਲਾ ਫੜੀਏ,
ਸਿੱਖਿਆ ਦੀ ਪੌੜੀ 'ਤੇ ਚੜ੍ਹੀਏ।

ਨਵੇਂ -ਨਵੇਂ  ਕੁਝ ਸੁਪਨੇ ਲਈਏ,
ਸਭ ਨੂੰ ਸਾਲ ਮੁਬਾਰਕ ਕਹੀਏ।

ਧੁੱਪਾਂ ਦੇ ਨਾਲ ਵਿਹੜਾ ਭਰਿਆ,
ਖੁਸ਼ੀਆਂ ਖੇੜੇ ਵੰਡੀਂ ਵਰ੍ਹਿਆ।

## ਮਾਂ-ਬੋਲੀ ਨੂੰ ਸਿਜਦਾ

ਹੇ, ਮਾਂ-ਬੋਲੀ ਮੇਰੀਏ
ਮੈਂ ਤੈਨੂੰ ਸਿਜਦਾ ਕਰਦਾ ਹਾਂ
ਤੇਰਾ ਅੱਖਰ-ਅੱਖਰ ਚੁੰਮ ਕੇ
ਆਪਣੀ ਝੋਲੀ ਭਰਦਾ ਹਾਂ।

ਮੈਨੂੰ ਤੂੰ ਮਾਂ ਵਾਂਗ ਅਤਿ ਪਿਆਰੀ ਹੈਂ,
ਜੀਵਨ ਦੀਆਂ ਸਭ ਵਸਤਾਂ ਤੋਂ ਨਿਆਰੀ ਹੈਂ।

ਤੇਰੇ ਅੱਖਰ ਫੁੱਲਾਂ ਵਾਂਗੂੰ ਬਹੁ-ਰੰਗੇ ਨੇ,
ਲਗਾਂ-ਮਾਤਰਾਂ ਨਾਲ ਸ਼ੋਭਦੇ ਚੰਗੇ ਨੇ।

ਤੇਰੀਆਂ ਧੁਨੀਆਂ ਰਾਗ ਅਲਾਪਦੀਆਂ,
ਗੀਤ-ਸੰਗੀਤ ਦੀਆਂ ਨਦੀਆਂ ਜਾਪਦੀਆਂ।

ਮੇਰੇ ਲਹੂ 'ਚ ਤੇਰੇ ਸ਼ਬਦ ਨੇ ਬੋਲ ਰਹੇ,
ਤੇਰੀ ਉਪਮਾ ਦੇ ਵਰਕਿਆਂ ਨੂੰ ਫੋਲ ਰਹੇ।

ਮਾਂ-ਬੋਲੀ ਦੀ ਜੜ੍ਹ ਤਾਂ ਸਭਿਆਚਾਰ ਹੁੰਦੀ,
ਮਾਂ-ਬੋਲੀ ਵਿੱਚ ਦਿਲ ਦੀ ਗੱਲ ਨਿਖਾਰ ਹੁੰਦੀ।

ਹੇ, ਮਾਂ-ਬੋਲੀ ਮੈਨੂੰ ਤੂੰ ਵਰਦਾਨ ਦਈਂ,
ਰਿਣ ਤਾਰਨ ਦੇ ਖਾਤਰ ਸੂਝ ਤੇ ਤਾਨ ਦਈਂ!!

## ਇਸ ਤੋਂ ਚੰਗਾ ਹੋਰ ਕੀ?

ਹੱਥਾਂ ਵਿੱਚ ਕਿਤਾਬ ਹੋਵੇ,
ਪੜ੍ਹਨ ਲਈ ਬੇਤਾਬ ਹੋਵੇ,
ਖਿੜਿਆ ਫੁੱਲ ਗ਼ੁਲਾਬ ਹੋਵੇ,
ਹੱਥੀਂ ਫੜੀ ਰਬਾਬ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਘਰ 'ਚ ਬੈਠੀ ਮਾਂ ਹੋਵੇ,
ਸਾਫ਼ ਤੇ ਸੁਥਰੀ ਥਾਂ ਹੋਵੇ,
ਵਿਹੜੇ ਦੇ ਵਿੱਚ ਛਾਂ ਹੋਵੇ,
ਪੌਣ ਰੁਮਕਦੀ ਸ਼ਾਂ-ਸ਼ਾਂ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਬੱਚਿਆਂ ਲਈ ਪਿਆਰ ਹੋਵੇ,
ਵੱਡਿਆਂ ਦਾ ਸਤਿਕਾਰ ਹੋਵੇ,
ਇਨਸਾਫ਼ ਲਈ ਦਰਬਾਰ ਹੋਵੇ,
ਲੋਕ-ਹਿਤ ਸਰਕਾਰ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਨਿਰਮਲ ਠੰਢਾ ਪਾਣੀ ਹੋਵੇ,
ਗੱਲ ਕਰਨ ਨੂੰ ਹਾਣੀ ਹੋਵੇ,
ਨਾ ਵੰਡ-ਵੰਡਾਈ ਕਾਣੀ ਹੋਵੇ
ਭਲਾ ਕਰਨ ਦੀ ਠਾਣੀ ਹੋਵੇ।
ਇਸ ਤੋਂ ਚੰਗਾ ਹੋਰ ਕੀ ਹੋਣਾ।

ਗੁਰੂ ਦੇ ਪੱਲੇ ਗਿਆਨ ਹੋਵੇ,
ਸਿੱਖਣ ਲਈ ਧਿਆਨ ਹੋਵੇ,
ਤਲਵਾਰ ਲਈ ਮਿਆਨ ਹੋਵੇ,
ਬਾਹਾਂ ਦੇ ਵਿੱਚ ਤਾਣ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

ਘਰ ਦਾ ਖੁੱਲ੍ਹਾ ਦਰ ਹੋਵੇ,
ਜਿੰਦਰੇ ਨੂੰ ਨਾ ਜਰ ਹੋਵੇ,
ਮਨ ਦੇ ਵਿੱਚ ਨਾ ਡਰ ਹੋਵੇ,
ਚਾਨਣ ਵੰਡਦਾ ਘਰ ਹੋਵੇ,
ਇਸ ਤੋਂ ਚੰਗਾ ਹੋਰ ਕੀ ਹੋਣਾ।

## ਸਭ ਰੰਗ ਪਿਆਰੇ

ਚਿੱਟਾ ਰੰਗ ਹੈ ਦਿਵਸ ਦਾ,
ਮੈਨੂੰ ਪਿਆਰਾ ਲੱਗਦਾ

ਲਾਲ ਰੰਗ ਗੁਲਾਬ ਦਾ,
ਮੇਰੇ ਲਹੂ ਹੈ ਵਰਗਾ।

ਨੀਲਾ ਰੰਗ ਹੈ ਅੰਬਰੀਂ,
ਉੱਡਣ ਦੀ ਲੋਚਾ ਭਰਦਾ।

ਹਰਾ ਰੰਗ ਹਰਿਆਲੀ ਦਾ,
ਖੁਸ਼ਹਾਲੀ ਹੈ ਵੰਡਦਾ।

ਪੀਲਾ ਰੰਗ ਹੈ ਕੇਸਰੀ,
ਬਹਾਰ ਲਿਆਉਂਦਾ।

ਕਾਲਾ ਰੰਗ ਹੈ ਰਾਤ ਦਾ,
ਮੈਨੂੰ ਨੀਂਦ ਕਰਾਉਂਦਾ ।

ਸੱਭੇ ਰੰਗ ਪਿਆਰੜੇ,
ਮਿਲ ਚਿੱਟਾ ਬਣ ਜਾਂਦਾ।

## ਸਾਵੇ ਸਾਵੇ ਪੱਤੇ

ਵੱਖੋ-ਵੱਖਰੀ ਸ਼ਕਲ ਦੇ,
ਸਾਵੇ-ਸਾਵੇ ਪੱਤੇ ਨੇ।
ਟਹਿਣੀ ਦੇ ਨਾਲ ਦੋਸਤੀ
ਖ਼ੂਬ ਨਿਭਾਉਂਦੇ ਪੱਤੇ ਨੇ।

ਨਿੱਕੇ-ਨਿੱਕੇ, ਵੱਡੇ-ਵੱਡੇ,
ਕਿੰਨੇ ਸੁਹਣੇ ਪੱਤੇ ਨੇ।
ਹੋਰਾਂ ਨੂੰ ਛਾਂ ਦੇਂਵਦੇ,
ਧੁੱਪਾਂ ਸਹਿੰਦੇ ਨੇ।

ਝੱਖੜ, ਪਾਲਾ ਸਹਿ ਕੇ ਵੀ,
ਹੱਸਦੇ ਰਹਿੰਦੇ ਪੱਤੇ ਨੇ।
ਰੁੱਖ, ਬੂਟੇ ਦੀ ਜਿੰਦ ਨੇ,
ਸਾਥ ਨਿਭਾਉਂਦੇ ਨੇ।

ਪੌਣਾਂ ਨੂੰ ਸ਼ੁੱਧ ਕਰ ਰਹੇ,
ਪਰ-ਉਪਕਾਰੀ ਪੱਤੇ ਨੇ।
ਵੱਖੋ-ਵੱਖਰੀ ਸ਼ਕਲ ਦੇ
ਸਾਵੇ-ਸਾਵੇ ਪੱਤੇ ਨੇ।

## ਕਿਸ਼ਤੀ

ਪਾਣੀ-ਉੱਤੇ ਕਿਸ਼ਤੀ ਦਾ ਤਰਨਾ,
ਕਿੰਨਾ ਪਿਆਰਾ-ਪਿਆਰਾ ਲੱਗਦਾ।
ਚੁੱਪ-ਚੁਪੀਤੇ ਕਿਸ਼ਤੀ ਤਰਦੀ
ਕਲ-ਕਲ ਥੱਲੇ ਪਾਣੀ ਵਗਦਾ।

ਲਹਿਰਾਂ ਕਰਨ ਕਲੋਲਾਂ ਥੱਲੇ
ਕਿਸ਼ਤੀ ਠੁਮਕੇ ਪਿੰਡੇ ਜਰਦੀ,
ਚੱਪੂ ਆਪਣੇ ਗਲੇ ਲਗਾ ਕੇ
ਲਹਿਰਾਂ ਚੀਰ ਕੇ ਜਾਵੇ ਤਰਦੀ।

ਕਿਸ਼ਤੀ ਦੇ ਵਿਚ ਜੋ ਵੀ ਬੈਠੇ
ਸਭ ਨੂੰ ਦੂਜੇ ਪਾਰ ਲੰਘਾਉਂਦੀ,
ਕਿੰਨੀ ਵੱਡੀ ਸੇਵਾ ਕਰਦੀ
ਸਭ ਦਾ ਚੁੱਕਿਆ ਭਾਰ ਵੰਡਾਉਂਦੀ।

ਦੂਜਿਆਂ ਦੇ ਕੰਮ ਆਉਣ ਵਾਲਾ
ਕਿਸ਼ਤੀ ਦਾ ਹੈ ਗੁਣ ਉਪਕਾਰੀ,
ਤੁਰਦੇ ਰਹਿਣਾ, ਨਾ ਘਬਰਾਉਣਾ
ਔਕੜ ਭਾਵੇਂ ਹੋਵੇ ਭਾਰੀ।

## ਫੁੱਲਾਂ ਨਾਲ ਆੜੀ

ਚੰਗੇ ਲੱਗਦੇ, ਫੁੱਲ ਅਸਾਨੂੰ,
ਨਾਮ ਰੰਗਾਂ ਦੇ, ਦੱਸਣ ਸਾਨੂੰ।

ਮਹਿਕਾਂ ਵੰਡਦੇ, ਫੁੱਲ ਅਸਾਨੂੰ,
ਝਾਤੀਆਂ ਮਾਰਨ, ਫੁੱਲ ਅਸਾਨੂੰ।

ਹੱਸਣਾ ਦੱਸਣ, ਫੁੱਲ ਅਸਾਨੂੰ,
ਖਿੜਨਾ ਦੱਸਦੇ , ਫੁੱਲ ਅਸਾਨੂੰ।

ਸੁੰਦਰਤਾ ਫੁੱਲ, ਦੇਣ ਅਸਾਨੂੰ,
ਸੋਹਣਾ ਕਰਦੇ, ਫੁੱਲ ਅਸਾਨੂੰ।

ਰਲ-ਮਿਲ ਰਹਿਣਾ, ਦੱਸਣ ਸਾਨੂੰ,
ਕਦੇ ਨਾ ਲੜਨਾ, ਆਖਣ ਸਾਨੂੰ।

ਫੁੱਲ ਤਾਂ ਲੱਗਣ, ਆੜੀ ਸਾਨੂੰ,
ਤਿਤਲੀਆਂ ਭੈਣਾਂ, ਲੱਗਣ ਸਾਨੂੰ।

## ਜਦ ਮੈਂ ਤੱਕਾਂ

ਜਦ ਮੈਂ ਤੱਕਾਂ
ਉਡਦੀ ਤਿਤਲੀ
ਮੇਰੇ ਵੀ ਖੰਭ
ਲਗ ਜਾਂਦੇ ਨੇ
ਲੋਚਾਂ ਮੈਂ ਫਿਰ ਉੱਡਣ ਨੂੰ।

ਜਦ ਮੈਂ ਤੱਕਾਂ
ਖਿੜੇ ਫੁੱਲਾਂ ਨੂੰ
ਮਨ ਮੇਰਾ ਖੁਸ਼ ਹੋ ਜਾਂਦਾ
ਜੀਅ ਕਰੇ ਮੇਰਾ ਹੱਸਣ ਨੂੰ।

ਜਦ ਮੈਂ ਤੱਕਾਂ
ਪੰਛੀ ਅੰਬਰੀਂ ਉਡਦਾ,
ਸੁਪਨੇ ਲੇਵਾਂ
ਗਗਨਾਂ ਦੇ ਵਿੱਚ ਕੁੱਦਣ ਨੂੰ।

ਜਦ ਮੈਂ ਤੱਕਾਂ
ਛਾਵਾਂ ਦੇਂਦੇ ਬਿਰਖ਼ਾਂ ਨੂੰ
ਪੱਤਿਆਂ ਦੇ ਮੈਂ ਚਿੱਤਰ ਬਣਾਵਾਂ
ਬੂਹੇ ਉੱਤੇ ਟੰਗਣ ਨੂੰ।

ਜਦ ਮੈਂ ਤੱਕਾਂ
ਰਾਤੀਂ ਦੀਵਾ ਬਲਦਾ
ਚਾਨਣ ਵੰਡਦੀ ਪੁਸਤਕ ਖੋਲ੍ਹਾਂ
ਗਿਆਨ ਖ਼ਜ਼ਾਨਾ ਵੰਡਣ ਨੂੰ।

## ਹਾਹੇ ਤੋਂ ਹੱਸਣਾ ਸਿੱਖ

ਹਾਹੇ ਤੋਂ ਹਲ ਬਣ ਜਾਏ,
ਖੇਤਾਂ ਦਾ ਰਾਜਾ ਅਖਵਾਏ।

ਹਾਹੇ ਤੋਂ ਹਾਥੀ ਹੈ ਪੈਂਦਾ,
ਪੱਖਿਆਂ ਵਾਂਗੂ ਕੰਨ ਲਹਿਰਾਉਂਦਾ।

ਹਾਹੇ ਤੋਂ ਹਲਟ ਲਿਖ ਹੁੰਦਾ,
ਪਾਣੀ ਦੇਂਦਾ, ਤ੍ਰੇਹ ਬੁਝਾਉਂਦਾ।

ਹਾਹੇ ਤੋਂ ਹਿਮਾਲਾ ਵੀ ਬਣਦਾ,
ਪੌਣਾਂ ਰੋਕ ਕੇ ਮੀਂਹ ਵਰ੍ਹਾਉਂਦਾ।

ਹਾਹੇ ਤੋਂ ਹੱਥ ਲਿਖ ਹੁੰਦਾ,
ਕਿਰਤ ਕਰਨ ਦੀ ਜਾਚ ਸਿਖਾਉਂਦਾ।

ਹਾਹੇ ਤੋਂ ਹੀਰਾ ਵੀ ਲਿਖ,
ਵਿੱਦਿਆ ਪੜ੍ਹ ਕੇ ਚਮਕਣਾ ਸਿੱਖ।

ਹਾਹੇ ਤੋਂ ਹੱਸਣਾ ਤੂੰ ਸਿੱਖ,
ਨਾਲੇ ਸੁੰਦਰ-ਸੁੰਦਰ ਲਿੱਖ।

## ਦੱਦੇ ਅੱਖਰ ਦੀ ਮਹਿਮਾ

ਦੱਦੇ ਤੋਂ ਦੀਵਾ ਲਿਖਣਾ ਸਿੱਖ,
ਦੀਵਾ ਤਾ ਚਾਨਣ ਹੈ ਵੰਡਦਾ।

ਦੱਦੇ ਤੋਂ ਦਵਾਤ ਵੀ ਲਿਖ,
ਸਿਆਹੀ ਤੋਂ ਹੀ ਅੱਖਰ ਬਣਦਾ।

ਦੱਦੇ ਤੋਂ ਦਾਦੀ ਕਰ ਚੇਤੇ,
ਰਾਤਾਂ ਨੂੰ ਜੋ ਬਾਤ ਸੁਣਾਉਂਦੀ।

ਦੱਦੇ ਤੋਂ ਦਰਿਆ ਲਿਖ ਹੁੰਦਾ,
ਜੋ ਵੱਗਣ ਦੀ ਜਾਚ ਸਿਖਾਉਂਦਾ।

ਦੱਦੇ ਤੋਂ ਦਾਨ ਵੀ ਲਿਖ ਹੁੰਦਾ,
ਵਿੱਦਿਆ ਜੋ ਵੰਡਿਆ ਨਾ ਘਟਦੀ।

ਦੱਦੇ ਤੋਂ ਦਰਖ਼ਤ ਨਾ ਭੁੱਲੀਂ,
ਠੰਢੀਆਂ ਛਾਵਾਂ ਦੇਂਦਾ ਜੋ।

ਦੱਦੇ ਤੋਂ ਸੌਖਾ ਦਰ ਲਿਖਣਾ,
ਹਰ ਘਰ ਚਾਨਣ ਨਾਲ ਜਗੇ।

ਦੱਦੇ ਤੋਂ ਦਿਲ ਵੀ ਬਣਦਾ,
ਲਗਨ ਲਗਾ ਕੇ ਪੜ੍ਹਨਾ ਸਿੱਖ।

ਦੱਦੇ ਤੋਂ ਦੇਸ ਲਿਖ ਹੁੰਦਾ,
ਭਾਰਤ ਸਾਡਾ ਪਿਆਰਾ ਜੋ।

## ਵੰਡ-ਵੰਡਾਈ

ਕਾਲੀਏ ਭੇਡੇ, ਕਾਲੀਏ ਭੇਡੇ
ਮੈਨੂੰ ਲਗਦਾ ਪਾਲਾ,
ਜੇ ਤੂੰ ਮੈਨੂੰ ਉੱਨ ਦੇ ਦੇਵੇਂ
ਚੰਗਾ ਲੰਘੂ ਸਿਆਲਾ।

ਸੁਣ ਲੈ ਬੀਬਾ, ਸੁਣ ਲੈ ਬੀਬਾ
ਉੱਨ ਦਾ ਥੈਲਾ ਮੇਰੇ ਕੋਲ,
ਇੱਕ ਰੁੱਗ ਲੈਣਾ ਮਾਲਕ ਮੇਰੇ
ਬਿਨਾਂ ਤੱਕੜੀ ਤੋਲ।

ਇੱਕ ਰੁੱਗ ਤੈਨੂੰ ਦੇਵਾਂ ਬੀਬਾ,
ਮਿੱਠੜੇ ਤੇਰੇ ਬੋਲ।
ਚਿੜੀ ਸਹੇਲੀ ਨੂੰ ਵੀ ਦੇਣੀ
ਰੁੱਖ 'ਤੇ ਕੰਬੇ ਕਰੇ ਕਲੋਲ।

ਸੁਣ ਲੈ ਬੀਬਾ, ਸੁਣ ਲੈ ਬੀਬਾ
ਉੱਨ ਦਾ ਥੈਲਾ ਮੇਰੇ ਕੋਲ।
ਵੰਡ-ਵੰਡਾਈ ਕਰਦੇ ਰਹੀਏ
ਕਦੇ ਨਾ ਬੋਲੀਏ ਮੰਦੜੇ ਬੋਲ।

## ਪੰਛੀਆ ਤੋਂ ਜਾਈਏ ਬਲਿਹਾਰ

ਪੰਛੀ ਦੀ ਚੁੰਝ ਤਿੱਖੀ ਪਿਆਰੀ,
ਚੋਗਾ ਚੁਗਦੀ ਲੱਗੇ ਨਿਆਰੀ।

ਪੰਛੀ ਦੀ ਅੱਖ ਤੇਜ਼ ਤਰਾਰ,
ਖ਼ਤਰੇ ਤੋਂ ਕਰਦੀ ਹੁਸ਼ਿਆਰ।

ਖੰਭਾਂ ਵਿੱਚ ਪੰਛੀ ਦਾ ਜ਼ੋਰ,
ਅੰਬਰੀਂ ਉੱਡਦਾ ਪਾਵੇ ਸ਼ੋਰ।

ਪੌਂਚੇ ਪੰਛੀ ਦੇ ਕਰਨ ਕਮਾਲ,
ਲੱਭੀ ਚੀਜ਼ ਨੂੰ ਲੈਣ ਸੰਭਾਲ।

ਪੰਛੀ ਦੇ ਗਲ ਗੀਤਾਂ ਦੀ ਗਾਨੀ,
ਗਾਇਕ ਕੋਈ ਨਾ ਇਸ ਦਾ ਸਾਨੀ।

ਪੰਛੀਆਂ ਨੂੰ ਸਭ ਕਰੋ ਪਿਆਰ,
ਇਹਨਾਂ ਤੋਂ ਜਾਈਏ ਬਲਿਹਾਰ।

## ਬੱਦਲੀਆਂ ਦਾ ਗੀਤ

ਬੱਦਲੀਆਂ ਆਈਆਂ ਚੜ੍ਹ ਕੇ
ਵੇਖੀਏ ਕੋਠੇ ਖੜ੍ਹ ਕੇ
ਕਿਣਮਿਣ-ਕਣੀਆਂ ਹੋਵਣੀਆਂ।

ਬੱਦਲੀਆਂ ਆਈਆਂ ਭਰ ਕੇ
ਅਸੀਂ ਵੇਖਣਾ ਤਰ ਕੇ
ਨਦੀਆਂ ਨੇ ਭਰ ਜਾਵਣੀਆਂ।

ਬੱਦਲੀਆਂ ਆਈਆਂ ਰਲ ਕੇ
ਜਿਉਂ ਸਹੇਲੀਆਂ ਚਲ ਕੇ
ਚੁੰਨੀਆਂ ਭਿੱਜ ਕੇ ਜਾਵਣੀਆਂ।

ਬੱਦਲੀਆਂ ਲੱਗਣ ਪਿਆਰੀਆਂ
ਪਾਣੀ ਦੀਆਂ ਜਿਉਂ ਖਾਰੀਆਂ
ਰਿਮ-ਝਿਮ ਰੁੱਤਾਂ ਹੋਵਣੀਆਂ।

ਬੱਦਲੀਆਂ ਹੋਈਆਂ ਕਾਲੀਆਂ
ਆਓ ਵਜਾਈਏ ਤਾਲੀਆਂ
ਪੂੜੇ-ਖੀਰਾਂ ਖਾਵਣੀਆਂ।

ਬੱਦਲੀਆਂ ਅੰਬਰੋਂ ਖਿਸਕੀਆਂ
ਸਾਵਣ ਬਿਜਲੀਆਂ ਲਿਸ਼ਕੀਆਂ
ਮੋਰਾਂ ਪੈਲਾਂ ਪਾਵਣੀਆਂ।

ਬੱਦਲੀਆਂ ਠੁਮਕੇ ਮਾਰਦੀਆਂ
ਕਿਣੀਆਂ ਦੇ ਰੁੱਗ ਵਾਰਦੀਆਂ
ਪੀਂਘਾਂ ਕੁੜੀਆਂ ਪਾਵਣੀਆਂ।

## ਬੱਚੇ ਮਨ ਨੂੰ ਮੋਂਹਦੇ

ਫੁੱਲ, ਬੱਚੇ, ਰੁੱਖ, ਧਰਤੀ ਤੇ ਸੋਂਹਦੇ,
ਖੇਡਣ ਬੱਚੇ ਮਨ ਨੂੰ ਮੋਂਹਦੇ।

ਨਿਰਮਲ, ਨਿਰਛਲ ਭੋਲੇ ਚਿਹਰੇ,
ਫੁੱਲਾਂ ਦੇ ਸੰਗ ਖਿੜਦੇ ਵਿਹੜੇ।

ਮਾਰ ਪਲਾਕੀ ਸੁਪਨੀ ਚੜ੍ਹਦੇ,
ਝੂਠੀ-ਮੂਠੀ ਰਹਿੰਦੇ ਲੜਦੇ।

ਊਚ-ਨੀਚ ਨਾ ਨੇੜੇ ਆਵੇ,
ਆਪਣਾ-ਆਪਣਾ ਹਾਣੀ ਭਾਵੇ।

ਮਾਂ-ਬੋਲੀ ਵਿੱਚ ਗੱਲਾਂ ਕਰਦੇ,
ਜਿਉਂ ਪਾਣੀ 'ਤੇ ਫੁੱਲ ਨੇ ਤਰਦੇ।

ਪਾ ਕਰੰਗੜੀ, ਝੱਟ ਪਾਵਣ ਆੜੀ,
ਰੱਖਣ ਆਪਣੀ ਦੋਸਤੀ ਗਾੜ੍ਹੀ।

ਬੱਚੇ ਖੇਡਣ, ਦਿਲ ਪਿਆ ਹੱਸੇ,
ਰੱਬ ਬੱਚਿਆਂ ਦੇ ਅੰਦਰ ਵੱਸੇ।

## ਪੱਤੇ ਪਰ-ਉਪਕਾਰੀ

ਬਿਰਖਾਂ ਦੀਆਂ ਟਾਹਣੀਆਂ
ਪੱਤਿਆਂ ਦੇ ਨਾਲ ਸਜਦੀਆਂ,
ਝੂਮਣ ਬਣ ਕੇ ਸਾਥਣਾਂ,
ਪੌਣਾਂ ਜਦੋਂ ਵਗਦੀਆਂ।

ਪੱਤਿਆਂ ਉੱਤੇ ਪੀਲੀਆਂ
ਕੁਦਰਤ ਲੀਕਾਂ ਮਾਰੀਆਂ
ਸਾਹ ਲੈਣ ਲਈ ਜਿਸ ਤਰ੍ਹਾਂ
ਜਾਪਣ ਬੂਹੇ ਬਾਰੀਆਂ।

ਸਾਰੀਆਂ ਰੁੱਤਾਂ ਸਹਿ ਕੇ
ਪੱਤੇ ਹੱਸਣਾ ਜਾਣਦੇ,
ਜੋ ਵੀ ਨੇੜੇ ਆਂਵਦਾ
ਛਾਵਾਂ ਸਿਰ 'ਤੇ ਤਾਣਦੇ।

ਰੁੰਡ-ਮੁੰਡ ਹੋਏ ਬਿਰਖ ਤੇ
ਪੱਤੇ ਮਾਰਨ ਤਾੜੀਆਂ,
ਪਰ-ਉਪਕਾਰ ਕਰਨ ਲਈ
ਲਾ ਲੈਂਦੇ ਮੁੜ ਆੜੀਆਂ।

## ਏਦਾਂ ਕਿਉਂ ਹੁੰਦਾ?

ਪੱਤੀ ਦਾ ਰੰਗ ਹਰਾ ਕਚੂਰ
ਪਰ ਹਥੇਲੀ ਨੂੰ ਕਰਦੀ ਲਾਲ,
ਕਿੰਜ ਹੋ ਜਾਵੇ ਏਦਾਂ ਸੋਚਾਂ
ਮਹਿੰਦੀ ਦਾ ਰੰਗ ਕਰੇ ਕਮਾਲ।

ਮੁੱਠੀ ਹਰ ਇੱਕ ਚੀਜ਼ ਪਕੜਦੀ
ਪਰ ਹਵਾ ਨਾ ਪਕੜੀ ਜਾਵੇ,
ਇੰਜ ਕਿਉਂ ਹੁੰਦਾ ਰਹਿੰਦਾ
ਮੈਨੂੰ ਕੋਈ ਤਾਂ ਸਮਝਾਵੇ।

ਮੱਝ ਅਸਾਡੀ ਕਾਲੇ ਰੰਗ ਦੀ
ਪਰ ਦੁੱਧ ਦੇਂਦੀ ਹੈ ਚਿੱਟਾ,
ਹੁਣ ਤੱਕ ਸਮਝ ਨਾ ਆਇਆ
ਇਹ ਭੇਦ ਅਣੋਖਾ ਡਿੱਠਾ।

ਕਾਲੀ ਰਾਤ ਲੰਘਣ ਦੇ ਪਿੱਛੋਂ
ਕਿੱਦਾਂ ਦਿਨ ਚੜ੍ਹ ਆਉਂਦਾ,
ਕਿੰਜ ਹੋ ਜਾਵੇ ਏਦਾਂ ਸੋਚਾਂ
ਸੂਰਜ ਲੋਕਾਂ ਤਾਈਂ ਜਗਾਉਂਦਾ।

ਨੱਠੀ-ਨੱਠੀ, ਮਾਂ ਤੋਂ ਪੁੱਛਿਆ
ਕਹਿੰਦੀ, ਪੜ੍ਹ ਕੇ ਵੇਖ ਕਿਤਾਬ,
ਪਾਪਾ ਕਹਿੰਦੇ ਭੋਲੀ ਧੀਏ
ਵਿੱਦਿਆ ਇਸ ਦਾ ਦਵੇ ਜਵਾਬ।

## ਬਚਪਨ

ਫੁੱਲਾਂ ਵਾਂਗੂ ਮਹਿਕਦਾ
ਖ਼ੂਬ ਟਹਿਕਦਾ ਬਚਪਨ,
ਤਿਤਲੀ ਵਰਗਾ ਚੰਚਲ
ਉਡਦਾ ਫਿਰਦਾ ਬਚਪਨ।

ਸੱਚ ਦੇ ਨੇੜੇ ਰਹਿੰਦਾ
ਝੂਠ ਨਾ ਬੋਲੇ ਬਚਪਨ,
ਭੌਰਿਆਂ ਵਾਂਗੂ ਘੁੰਮਦਾ
ਬੇਫ਼ਿਕਰੀ ਵਾਲਾ ਬਚਪਨ।

ਮਾਪਿਆਂ ਨੂੰ ਅਤਿ ਪਿਆਰਾ
ਅੱਖੀਆਂ ਦਾ ਤਾਰਾ ਬਚਪਨ,
ਘਰ ਦੀ ਰੌਣਕ-ਖੇੜਾ
ਬੜਾ ਦੁਲਾਰਾ ਬਚਪਨ।

ਊਚ-ਨੀਚ ਨਾ ਜਾਣੇ
ਨਿਰਛਲ ਛਿੰਦਾ ਬਚਪਨ,
ਜਾਤ ਧਰਮ ਦਾ ਅੰਤਰ
ਨਾ ਜਾਣੇ ਭੋਲਾ ਬਚਪਨ।

ਦਿਲਾਂ ਵਿੱਚ ਰਸ ਘੋਲਦਾ
ਜਦੋਂ ਖੇਡਦਾ ਬਚਪਨ,
ਦਿਲ ਮੈਂ ਦੇਵਾਂ ਆਪਣਾ
ਸੱਚਾ ਸੁੱਚਾ ਬਚਪਨ।

## ਘਰ ਦੀ ਸ਼ਾਨ-ਪਿਆਰੇ ਬੱਚੇ

ਸੱਜਰ ਸਵੇਰੇ ਉੱਠਦੇ ਬੱਚੇ,
ਕਦੀ ਰੁੱਠਦੇ, ਕਦੀ ਹਸਦੇ ਬੱਚੇ।

ਭੇਦ-ਭਾਵ ਨਾ ਰੱਖਣ ਨੇੜੇ,
ਸਾਰਿਆਂ ਦਾ ਦਿਲ ਜਿੱਤਦੇ ਬੱਚੇ।

ਘਰ-ਵਿਹੜੇ ਖ਼ੁਸ਼ੀਆਂ 'ਚ ਨੱਚਣ,
ਖੇਡਣ ਰਲ ਕੇ ਜਦ ਸਾਰੇ ਬੱਚੇ।

ਨਾ ਚਿੰਤਾ, ਨਾ ਫ਼ਿਕਰ ਮਨਾਂ 'ਚ
ਫੁੱਲਾਂ ਦੇ ਪ੍ਰਤੀਕ ਨੇ ਬੱਚੇ।

ਕਦੇ-ਕਦੇ ਝਿੜਕਾਂ ਵੀ ਖਾਵਣ,
ਛੇਤੀ ਹੀ ਭੁੱਲ ਜਾਵਣ ਬੱਚੇ।

ਆਪਸ ਵਿੱਚ ਲੜ ਵੀ ਪੈਂਦੇ,
ਝੱਟ ਆੜੀ ਗੰਢ ਲੈਂਦੇ ਬੱਚੇ।

ਧਰਤੀ ਫੁੱਲਾਂ ਨਾਲ ਸਜੀਲੀ,
ਘਰ ਦੀ ਸ਼ਾਨ ਪਿਆਰੇ ਬੱਚੇ।

ਆਓ, ਇਨ੍ਹਾਂ ਦੀਆਂ ਗੱਲਾਂ ਸੁਣੀਏ,
ਸਾਡਾ ਭਵਿੱਖ ਪਿਆਰੇ ਬੱਚੇ॥

## ਧੁੱਪ

ਨਿੱਘੀ-ਨਿੱਘੀ ਆਉਂਦੀ ਧੁੱਪ,
ਮਲਕ-ਮਲੱਕੜੇ ਜਾਂਦੀ ਧੁੱਪ।

ਰੋਜ਼ ਸਵੇਰੇ ਆਉਂਦੀ ਧੁੱਪ,
ਸਰਦੀ ਖ਼ੂਬ ਭਜਾਉਂਦੀ ਧੁੱਪ।

ਸਭ ਦੇ ਵਿਹੜੇ ਆਉਂਦੀ ਧੁੱਪ,
ਸ਼ਾਮੀਂ ਘਰ ਨੂੰ ਜਾਂਦੀ ਧੁੱਪ।

ਨਿੱਖਰੀ-ਨਿੱਖਰੀ ਚੜ੍ਹਦੀ ਧੁੱਪ,
ਤਪਦੀ-ਤਪਦੀ ਹੱਸਦੀ ਧੁੱਪ।

ਸੂਰਜ ਜਾਈ ਪਿਆਰੀ ਧੁੱਪ,
ਬਿਨਾਂ ਭੇਦ ਦੇ ਵੰਡੇ ਧੁੱਪ।

ਫੁੱਲ ਖਿੜਾਉਂਦੀ ਸੱਜਰੀ ਧੁੱਪ,
ਤ੍ਰੇਲ ਦੇ ਮੋਤੀ ਪੀਂਦੀ ਧੁੱਪ।

## ਕਿੰਨੀ ਮਿੱਠੀ ਮਾਂ-ਬੋਲੀ

ਪਤਾਸਾ ਮਿੱਠਾ ਬਣਦਾ ਡਿੱਠਾ,
ਮਾਂ-ਬੋਲੀ ਤੋਂ ਵੱਧ ਨਾ ਮਿੱਠਾ।

ਗੁੜ ਮਿੱਠਾ ਚੰਗਾ ਹੈ ਲਗਦਾ,
ਮਾਂ-ਬੋਲੀ ਬਿਨ ਘਰ ਨੀਂ ਸਜਦਾ।

ਲੱਡੂ ਮਿੱਠੇ ਤੇ ਗੋਲ-ਮਟੋਲ,
ਮਾਂ ਬੋਲੀ, ਮਾਂ ਵਾਂਗੂ ਬੋਲ।

ਸ਼ਹਿਦ ਮਿੱਠਾ ਹੁੰਦਾ ਗੁਣਕਾਰੀ,
ਮਾਂ-ਬੋਲੀ, ਪਰ ਜਾਨੋਂ ਪਿਆਰੀ।

ਮਿਸਰੀ ਮੂੰਹ ਨੂੰ ਮਿੱਠਾ ਕਰਦੀ,
ਸ਼ਬਦ ਖ਼ਜ਼ਾਨਾ, ਮਾਂ-ਬੋਲੀ ਕਰਦੀ।

ਫਲ ਮਿੱਠੇ ਤੇ ਸਿਹਤ ਦੀ ਜਾਨ,
ਮਾਂ-ਬੋਲੀ ਵਿਰਸੇ ਦੀ ਸ਼ਾਨ।

ਖੀਰ ਬਣਾਓ ਤੇ ਖੰਡ ਪਾਓ
ਮਾਂ-ਬੋਲੀ ਤੋਂ ਸਦਕੇ ਜਾਓ।

ਮਾਂ-ਬੋਲੀ ਨੂੰ ਕਰੋ ਪਿਆਰ,
ਮਾਂਵਾਂ ਦਾ ਕਰੀਏ ਸਤਿਕਾਰ।

## ਆਓ, ਕੁਝ ਤਾਂ ਚੰਗਾ ਕਰੀਏ

ਪਾਣੀ ਡੂੰਘਾ, ਸੋਚ ਕੇ ਤਰੀਏ,
ਕਿਸ਼ਤੀ ਵਜ਼ਨ , ਵੇਖ ਕੇ ਭਰੀਏ।

ਔਕੜ ਤੋਂ ਕਦੇ ਨਾ ਡਰੀਏ,
ਆਓ, ਕੁਝ ਤਾਂ ਚੰਗਾ ਕਰੀਏ।

ਜੀਵਨ ਸਿੱਖਣ ਲਈ ਹੈ ਸਾਡਾ,
ਹਰ ਕੋਈ ਦੂਜੇ ਨਾਲੋਂ ਡਾਢਾ।

ਬੁਜ਼ਦਿਲ ਵਾਲੀ ਮੌਤ ਨਾ ਮਰੀਏ,
ਆਓ, ਕੁਝ ਤਾਂ ਚੰਗਾ ਕਰੀਏ।

ਚਾਰ-ਚੁਫ਼ੇਰਾ ਗੰਧਲਾ ਹੋਇਆ,
ਜ਼ਹਿਰ ਪਾਣੀਆਂ ਵਿੱਚ ਹੈ ਚੋਇਆ।

ਨਿਰਮਲ ਬੱਦਲ ਬਣ ਕੇ ਵਰ੍ਹੀਏ,
ਆਓ, ਕੁਝ ਤਾਂ ਚੰਗਾ ਕਰੀਏ।

ਨੇਕੀ ਕਰੀਏ, ਸ਼ੋਭਾ ਖੱਟੀਏ,
ਕੂੜ ਕਮਾਈ ਧਨ ਨਾ ਵੱਟੀਏ।

ਕਿਉਂ ਸੋਚਾਂ ਵਿੱਚ ਬੈਠੇ ਠਰੀਏ,
ਆਓ, ਕੁਝ ਤਾਂ ਚੰਗਾ ਕਰੀਏ।

ਅੱਗੇ-ਅੱਗੇ ਤੁਰਦੇ ਰਹਿਣਾ,
ਵਿੱਦਿਆ ਹੈ ਜੀਵਨ ਦਾ ਗਹਿਣਾ।

ਰੇਤੇ ਵਾਂਗ ਐਵੇਂ ਨਾ ਖਰੀਏ,
ਆਓ, ਕੁਝ ਤਾਂ ਚੰਗਾ ਕਰੀਏ।

ਮਾਂ-ਬੋਲੀ, ਮਾਂ ਵਾਂਗ ਪਿਆਰੀ,
ਦੋਵਾਂ ਤੋਂ ਜਾਈਏ ਬਲਿਹਾਰੀ।

ਉੱਠੋ, ਬਨੇਰੇ ਦੀਵੇ ਧਰੀਏ,
ਆਓ, ਕੁਝ ਤਾਂ ਚੰਗਾ ਕਰੀਏ।

ਗਿਆਨ ਦਾ ਦੀਵਾ ਚਾਨਣ ਵੰਡਦਾ,
ਚੰਹੁ-ਕੁੰਟਾਂ 'ਚੋਂ ਨ੍ਹੇਰਾ ਛੰਡਦਾ।

ਜਬਰ-ਜ਼ੁਲਮ ਚੁੱਪ ਕਰ ਨਾ ਜਰੀਏ,
ਆਓ, ਕੁਝ ਤਾਂ ਚੰਗਾ ਕਰੀਏ।

## ਅੱਖਰ

ਅੱਖਰ ਸਿੱਖੀਏ
ਅੱਖਰ ਲਿਖੀਏ
ਅੱਖਰ, ਮਿੱਥੀਏ
ਅੱਖਰ ਦੋਵੇਂ ਗਿਆਨ।

ਅੱਖਰ ਸ਼ਕਤੀ
ਅੱਖਰ ਭਗਤੀ
ਅੱਖਰ ਹਸਤੀ
ਅੱਖਰ ਕਰੇ ਮਹਾਨ।

ਅੱਖਰ ਪ੍ਰਕਾਸ਼
ਅੱਖਰ ਵਿਕਾਸ
ਅੱਖਰ ਇਤਿਹਾਸ
ਅੱਖਰੋਂ ਬਣੇ ਵਿਦਵਾਨ।

ਅੱਖਰ ਜਾਣੀ
ਅੱਖਰ ਬਾਣੀ
ਅੱਖਰ ਕਹਾਣੀ

ੱਅਖਰ ਵੱਡਾ ਦਾਨ।
ਅੱਖਰ ਵਿਚਾਰ
ਅੱਖਰ ਵਿਹਾਰ
ਅੱਖਰ ਸਭਿਆਚਾਰ
ਅੱਖਰੋਂ ਬਣੇ ਇਨਸਾਨ।

ਅੱਖਰ ਬੁੱਝ,
ਅੱਖਰ ਸੁੱਝ,
ਅੱਖਰ ਬੁੱਧ,
ਅੱਖਰੋਂ ਬਣਦੀ ਸ਼ਾਨ!!

## ਕਾਗ਼ਜ਼

ਕਦਰ ਕਰੋ ਕਾਗ਼ਜ਼ ਦੀ ਬੱਚਿਓ
ਕਿੰਨੇ ਕੰਮ ਤੁਹਾਡੇ ਆਉਂਦਾ,
ਕਾਗ਼ਜ਼ ਉੱਤੇ ਸੁੰਦਰ ਲਿਖਿਆ
ਮਨ ਨੂੰ ਕਿੰਨਾ ਭਾਉਂਦਾ।

ਕਾਗ਼ਜ਼ ਦੀਆਂ ਕਿਤਾਬਾਂ ਛਪੀਆਂ
ਕਿੰਨੀਆਂ ਸੁਹਣੀਆਂ ਲੱਗਣ,
ਰੰਗ-ਬਿਰੰਗੇ ਚਿੱਤਰ ਸੁੰਦਰ
ਕਾਗਜ਼ਾਂ ਉੱਤੇ ਫੱਬਣ।

ਕਾਗਜ਼ ਵਾਲੀਆਂ ਕਾਪੀਆਂ ਲੈ ਕੇ
ਤੁਸੀਂ ਸਕੂਲ ਨੂੰ ਜਾਂਦੇ,
ਵੱਖੋ-ਵੱਖਰੇ ਵਿਸ਼ਿਆਂ ਵਾਲਾ
ਲਿਖ-ਲਿਖ ਕੰਮ ਮੁਕਾਉਂਦੇ।

ਰੰਗੀਨ-ਕਾਗਜ਼ ਦੇ ਪਤੰਗ ਬਣਾ ਕੇ
ਅੰਬਰੀਂ ਪੇਚੇ ਲਾਉਂਦੇ,
ਕਾਗਜ਼ ਦੀਆਂ ਕਿਸ਼ਤੀਆਂ ਤਾਈਂ
ਪਾਣੀ ਵਿੱਚ ਵਹਾਉਂਦੇ।
ਕਾਗਜ਼ ਕਿੰਨੇ ਕੰਮ ਹੈ ਆਉਂਦਾ
ਗਿਣ-ਗਿਣ ਗੁਣ ਕੋਈ ਦੱਸੇ,
ਇਤਿਹਾਸ ਮਨੁੱਖ ਦਾ ਲਿਖਿਆ ਹੋਇਆ।
ਕਾਗਜ਼ਾਂ 'ਤੇ ਹੀ ਵੱਸੇ।

## ਪੁਸਤਕਾਂ

ਪੁਸਤਕਾਂ ਨੇ ਬੁਲਾਉਂਦੀਆਂ,
ਦੋਸਤੀ ਨੇ ਪਾਉਂਦੀਆਂ।
ਪੁਸਤਕਾਂ ਨੇ ਗਾਉਂਦੀਆਂ,
ਸੰਗੀਤ ਨੇ ਸਿਖਾਉਂਦੀਆਂ।

ਪੁਸਤਕਾਂ ਨੇ ਬੇੜੀਆਂ,
ਗਿਆਨ ਵੰਡਣ ਜਿਹੜੀਆਂ।
ਪੁਸਤਕਾਂ ਨੇ ਬਾਰੀਆਂ,
ਚਾਨਣ ਦੀਆਂ ਪਚਕਾਰੀਆਂ।

ਪੁਸਤਕਾਂ ਨੇ ਹੱਸਦੀਆਂ,
ਜੀਵਨ ਜੀਣਾ ਦੱਸਦੀਆਂ।
ਪੁਸਤਕਾਂ ਨ੍ਹੇਰ ਛੰਡਦੀਆਂ,
ਰੌਸ਼ਨੀ ਨੇ ਵੰਡਦੀਆਂ।
ਪੁਸਤਕਾਂ ਝੋਲੇ ਭਰਦੀਆਂ,
ਵਿਤਕਰਾ ਨਾ ਕਰਦੀਆਂ!!

## ਤਿੱਤਲੀਏ ਨੀ ਤਿੱਤਲੀਏ

ਤਿੱਤਲੀਏ ਨੀ ਤਿੱਤਲੀਏ
ਤੂੰ ਉਡਦੀ ਮੈਨੂੰ
ਚੰਗੀ ਲੱਗੇਂ
ਕਦੇ ਸੱਜੇ

ਕਦੇ ਖੱਬੇ
ਮੈਂ ਫੜਨਾ ਚਾਹਾਂ
ਤੂੰ ਭੱਜੇਂ ਅੱਗੇ-ਅੱਗੇ।

ਤੇਰੇ ਖੰਭ ਨੇ
ਕੂਲੇ-ਕੂਲੇ
ਰੰਗ-ਬਰੰਗੇ
ਫੁੱਲਾਂ ਵਰਗੇ
ਖਿੜ੍ਹਵੇਂ-ਖਿੜ੍ਹਵੇਂ
ਲੱਗਣ ਚੰਗੇ।

ਤੂੰ ਉੱਡਦੀ ਜਿਉਂ
ਲਹਿਰਾਂ ਵੱਗਣ
ਤੂੰ ਬੈਠੇ ਤਾਂ
ਫੁੱਲ ਵੀ ਫੱਬਣ।

ਤੇਰੀ ਦੋਸਤੀ
ਫੁੱਲਾਂ ਨਾਲ
ਮੇਰੀ ਦੋਸਤੀ
ਤੇਰੇ ਨਾਲ।

ਆ ਦੋਵੇਂ
ਫੁੱਲਾਂ ਨਾਲ
ਗੱਲੜੀਆਂ ਕਰੀਏ
ਨਾਲ ਸੁਗੰਧੀਆਂ
ਪੱਲੇ ਭਰੀਏ।

ਮੇਰੇ ਵਾਂਗੂ ਤੂੰ ਵੀ
ਸੁਪਨੇ ਲੈਂਦੀ ਹੋਣੀ,
ਇਸੇ ਲਈ ਤੂੰ
ਮੈਨੂੰ ਲਗਦੀ ਸੋਹਣੀ।

## ਚਿੜੀਏ ਨੀ ਚਿੜੀਏ

ਆ ਨੀ ਚਿੜੀਏ
ਆ ਨੀ ਚਿੜੀਏ
ਫੁੱਲਾਂ ਵਾਗੂ ਆਪਾਂ ਖਿੜੀਏ।
ਤੇਰੇ ਕੂਲੇ-ਕੂਲੇ ਖੰਭ,
ਕਿੰਨੇ ਸੁਹਣੇ ਲਗਦੇ ਰੰਗ।

ਤੇਰੀ ਨਿੱਕੀ ਚੁੰਝ ਪਿਆਰੀ,
ਉਡ ਜਾਵੇਂ ਤੂੰ ਮਾਰ ਉਡਾਰੀ।

ਤੂੰ ਚੁਗਦੀ ਹੈਂ ਚੁਣ-ਚੁਣ ਦਾਣੇ,
ਮਿਹਨਤ ਕਰੀਏ ਕਹਿਣ ਸਿਆਣੇ।

ਚੀਂ-ਚੀਂ ਤੇਰੀ ਚੰਗੀ ਲਗਦੀ,
ਫੁੱਲਾਂ ਨਾਲ  ਕਿਆਰੀ ਸਜਦੀ।

ਆ ਮੈਂ ਤੈਨੂੰ ਚੋਗਾ ਪਾਵਾਂ,
ਨਾਲੇ ਤੈਨੂੰ ਗੀਤ ਸੁਣਾਵਾਂ।

ਚਿੜੀਏ ਚਿੜੀਏ ਘਰ ਤੂੰ ਆਵੀਂ
ਸੁੰਨੇ ਵਿਹੜੇ ਰੌਣਕ ਲਵੀਂ।

* * * *

## ਜੀਵੇ ਮੇਰਾ ਦੇਸ ਰੰਗਲਾ

ਟੋਬੇ ਸੁੱਕੇ ਨਦੀਆਂ ਸੁੱਕੀਆਂ
ਸੁੱਕ ਗਏ ਦਰਿਆ,
ਜੀਵੇ ਦੇਸ ਰੰਗਲਾ ਮੇਰਾ
ਹੋਵੇ ਹਰਿਆ ਭਰਿਆ।

ਬਿਰਖ਼ ਨੇ ਸੁੰਨੇ, ਪੰਛੀ ਰੁੰਨੇ
ਸਾਵਾ-ਸਾਵਾ ਸੁੱਕਿਆ ਘਾਹ,
ਕੋਈ ਬਦਲੋਟੀ ਵਰ੍ਹ ਕੇ ਲੰਘੇ
ਕੰਜਕਾਂ ਗਾਵਣ ਸਾਹੋ ਸਾਹ।

ਮਿੱਟੀ ਦੀ ਕੁੱਖ ਹੌਕੇ ਭਰਦੀ
ਪੁੰਗਰਨ ਫ਼ਸਲਾਂ ਹਰੀਆਂ,
ਖੇਤਾਂ ਦੇ ਪੁੱਤ ਬਹੁਤ ਉਦਾਸੇ
ਕਸਕਾਂ ਜਾਣ ਨਾ ਜਰੀਆਂ।

ਬੂਹੇ ਕੋਲੋਂ ਪੌਣ ਰੁੱਸ ਗਈ
ਵਿਹੜਿਆਂ ਵਿੱਚੋਂ ਛਾਵਾਂ,
ਪੁੱਤ ਪ੍ਰਦੇਸੀਂ ਹੱਡ ਬਾਲ਼ਦੇ
ਪਿੰਡੀਂ ਰੋਵਣ ਮਾਵਾਂ।

ਇਹ ਕੇਹੀ ਅਣਹੋਣੀ ਹੋਈ
ਜਾਪੇ ਵਤਨ ਬਿਗ਼ਾਨਾ,
ਪੰਛੀ ਦਾ ਵੀ ਆਲ੍ਹਣਾ ਹੁੰਦਾ
ਐ ਭਟਕ ਰਹੇ ਜਵਾਨਾ।

ਲੈ ਇੱਕ ਚੁਟਕੀ ਪ੍ਰੇਮ ਦੀ
ਕਵਿਤਾ ਦਵੇ ਦੁਆਵਾਂ,
ਰਿਸ਼ਤੇ ਪਾਕ-ਪਵਿੱਤਰ ਰਖੀਏ
ਆਖਣ ਸਿਆਣੀਆਂ ਮਾਵਾਂ।

## ਚਾਨਣ ਵੰਡਣ ਕਿਤਾਬਾਂ

ਚੰਗਾ ਜੀਵਨ
ਜੇ ਹੈ ਜਿਉਣਾ
ਤਾਂ ਪੜ੍ਹੋ, ਕਿਤਾਬਾਂ।

ਗਿਆਨ ਦੀ ਗੰਗਾ
ਵਿਚ ਜੇ ਨਹਾਉਣਾ
ਤਾਂ ਪੜ੍ਹੋ ਕਿਤਾਬਾਂ।

ਕੁਦਰਤ ਦਾ ਜੇ
ਭੇਤ ਹੈ ਪਾਉਣਾ
ਤਾਂ ਪੜ੍ਹੋ ਕਿਤਾਬਾਂ।

ਖ਼ੁਸ਼ੀਆਂ ਦੇ ਜੇ
ਅਰਥ ਸਮਝਣੇ
ਤਾਂ ਪੜ੍ਹੋ ਕਿਤਾਬਾਂ।

ਵਿੱਦਿਆ ਦਾ ਜੇ
ਗਹਿਣਾ ਪਾਉਣਾ
ਤਾਂ ਪੜ੍ਹੋ ਕਿਤਾਬਾਂ।

ਚੱਜ-ਆਚਾਰ ਜੇ
ਸਿੱਖਣਾ ਚਾਹੋ
ਤਾਂ ਪੜ੍ਹੋ ਕਿਤਾਬਾਂ।

ਮਿਹਨਤ ਦਾ ਜੇ
ਫ਼ਲ ਹੈ ਪਾਉਣਾ
ਤਾਂ ਪੜ੍ਹੋ ਕਿਤਾਬਾਂ

ਹਨ੍ਹੇਰੇ ਨੂੰ ਜੇ
ਦੂਰ ਭਜਾਉਣਾ
ਤਾਂ ਪੜ੍ਹੋ ਕਿਤਾਬਾਂ।

## ਸੂਰਜ ਦਾ ਉਪਕਾਰ

ਕਿਰਨਾਂ ਦੀ ਕਟੋਰੀ ਲੈ ਕੇ
ਸੂਰਜ ਵਿਹੜੇ ਆਇਆ,
ਮੰਮੀ ਨੇ ਜਦ ਬੂਹਾ ਖੋਲ੍ਹਿਆ
ਸੱਜਰਾ ਦਿਨ ਮੁਸਕਾਇਆ।

ਮੇਰੀ ਮੰਮੀ ਮੈਨੂੰ ਆਖੇ,
ਚਾਨਣ ਰੱਥ ਲੈ ਧਾਇਆ,
ਕੰਮ ਕਰਨ ਲਈ ਉੱਠ ਖਲੋਇਆ
ਧਰਤੀ ਦਾ ਹਰ ਜਾਇਆ।

ਤ੍ਰੇਲ ਦੇ ਤੁਪਕੇ ਫੁੱਲਾਂ ਉੱਤੋਂ,
ਹੁਣ ਪੜ੍ਹਨ ਸਕੂਲੇ ਚੱਲੇ,
ਪੰਛੀ ਆਲ੍ਹਣਿਆਂ 'ਚੋਂ ਜਾਗੇ
ਹਰ ਕੋਈ ਆਖੇ ਬੱਲੇ-ਬੱਲੇ।

ਪੌਣ ਨੇ ਧੁੱਪ ਦੀ ਚਾਦਰ ਓਢੀ
ਖਿੜ ਗਿਆ ਚਾਰ-ਚੁਫੇਰਾ,
ਵਿੱਦਿਆ ਦੇ ਚਾਨਣ ਵਾਂਗੂ
ਸੂਰਜ ਦਾ ਉਪਕਾਰ ਵਡੇਰਾ।

## ਬਹਾਰ

ਹਰੇ ਹਰੇ ਪੱਤਿਆਂ ਨੂੰ
ਕਰੀਏ ਪਿਆਰ
ਫੁੱਲਾਂ ਦੀ ਪਟਾਰੀ ਲੈ ਕੇ
ਆਈ ਏ ਬਹਾਰ।

ਨਿੱਕੇ-ਨਿੱਕੇ ਪੱਤਿਆਂ ਨੂੰ
ਆਓ ਚੁੰਮੀਏ
ਜੋਟੀ ਪਾ ਕੇ ਹੱਥਾਂ ਦੀ
ਚੁਫੇਰੇ ਘੁੰਮੀਏ

ਟਹਿਣੀ ਨਾਲ ਲੱਗੇ ਫੁੱਲ
ਮਹਿਕਾਂ ਵੰਡਦੇ,
ਖਿੜ-ਖਿੜ ਹੱਸਦੇ
ਅਨੇਕ ਰੰਗ ਦੇ।

ਰੁੱਖਾਂ ਦੀਆਂ ਟਹਿਣੀਆਂ 'ਤੇ
ਪੰਛੀ ਚਹਿਕਦੇ,
ਫੁੱਲਾਂ ਦੀ ਸੁਗੰਧੀ ਨਾਲ
ਬਾਗ਼ ਮਹਿਕਦੇ।

ਆਲਾ ਦੁਆਲਾ ਖਿੜਿਆ
ਚੰਗੇਰਾ ਲੱਗਦਾ,
ਘਰ, ਵਿਹੜਾ ਸੁਹਣਾ
ਫੁੱਲਾਂ ਨਾਲ ਸੱਜਦਾ।

ਰੰਗਾਂ ਦੀ ਬਹਾਰ
ਵੇਖੋ ਪਈ ਹੱਸਦੀ,
ਧਰਤ ਸੁਹਾਵੀ ਸਦਾ
ਰਹੇ ਵਸਦੀ।

## ਕੰਮ ਤੇ ਜੀਵਨ

ਕੰਮ ਬਾਝੋਂ ਜੀਵਨ
ਬੇ-ਅਰਥ ਹੁੰਦਾ ਹੈ,
ਕੰਮ ਦੇ ਨਾਲ ਜੀਵਨ
ਸਮਰੱਥ ਹੁੰਦਾ ਹੈ।

ਕੰਮ ਕੀਤਿਆਂ ਹੱਥਾਂ ਦੇ ਨਾਲ
ਸਭ ਚੱਲਣ ਮਸ਼ੀਨਾਂ,
ਮਿਹਨਤ ਫਲਦੀ ਦੋਸਤੋ
ਜਦੋਂ ਆਵੇ ਪਸੀਨਾ।

ਰੁੱਝੇ ਹੋਏ ਹੱਥ ਹੀ
ਘੜਦੇ ਨੇ ਤਕਦੀਰਾਂ,
ਪਰਬਤ ਪੁੱਟੇ ਜਾਂਵਦੇ
ਲੋਕੀਂ ਘੱਤਣ ਵਹੀਰਾਂ।

ਦੋ ਹੱਥਾਂ ਦੇ ਹੁੰਦਿਆਂ
ਚੁੱਪ ਕਰ ਕੀ ਬਹਿਣਾ,
ਦਰਿਆ ਦਾ ਪਾਣੀ ਆਖਦਾ
ਅਸੀਂ ਵਗਦੇ ਰਹਿਣਾ।

ਹੱਥ-ਪੈਰਾਂ ਦੀ ਦੋਸਤੀ
ਮੰਜ਼ਿਲਾਂ ਤਹਿ ਕਰਦੀ,
ਲੱਖਾਂ ਆਵਣ ਔਕੜਾਂ
ਪਰ ਕਦੇ ਨਾ ਡਰਦੀ।

ਕੰਮ ਹੀ ਸਿਆਣੇ ਆਖਦੇ
ਹੈ ਸੱਚੀ ਭਗਤੀ,
ਧੰਦੇ ਲੱਗੇ ਲੋਕ ਹੀ
ਹੁੰਦੇ ਦੇਸ ਦੀ ਸ਼ਕਤੀ।

## ਨਿੱਕੇ ਹੱਥਾਂ ਦਾ ਕਮਾਲ

ਨਿੱਕੇ-ਨਿੱਕੇ ਹੱਥਾਂ ਨਾਲ
ਨਿੱਤ ਪੜ੍ਹਦੇ ਕਿਤਾਬਾਂ ਅਸੀਂ,
ਨਿੱਕੇ-ਨਿੱਕੇ ਹੱਥਾਂ ਨਾਲ
ਪਾਉਂਦੇ ਹਾਂ ਜਰਾਬਾਂ ਅਸੀਂ।

ਨਿੱਕੇ-ਨਿੱਕੇ ਹੱਥਾਂ ਨਾਲ
ਲਾਉਂਦੇ ਅਸੀਂ ਬੂਟੇ ਹਾਂ,
ਝੂਲਿਆਂ 'ਤੇ ਬੈਠ-ਬੈਠ
ਲੈਂਦੇ ਅਸੀਂ ਝੂਟੇ ਹਾਂ।

ਨਿੱਕੇ-ਨਿੱਕੇ ਹੱਥਾਂ ਨਾਲ
ਊੜਾ ਐੜਾ ਪਾਉਂਦੇ ਹਾਂ,
ਅੱਖਰਾਂ ਨੂੰ ਜੋੜ-ਜੋੜ
ਸੁੰਦਰ ਬਣਾਉਂਦੇ ਹਾਂ।

ਨਿੱਕੇ-ਨਿੱਕੇ ਹੱਥਾਂ ਰਾਹੀਂ
ਕੰਮ ਰੋਜ਼ ਕਰਦੇ ਹਾਂ,
ਹੱਥਾਂ ਦੇ ਸਹਾਰੇ ਹੀ
ਪਾਣੀ ਵਿੱਚ ਤਰਦੇ ਹਾਂ।

ਨਿੱਕੇ-ਨਿੱਕੇ ਹੱਥਾਂ ਰਾਹੀਂ
ਮੂਰਤਾਂ ਬਣਾਉਂਦੇ ਹਾਂ,
ਸਕੂਲ ਦੀਆ ਕਿਆਰੀਆਂ 'ਚ
ਫੁੱਲ ਵੀ ਉਗਾਉਂਦੇ ਹਾਂ।

ਨਿੱਕੇ-ਨਿੱਕੇ ਹੱਥਾਂ ਰਾਹੀਂ
ਪਤੰਗ ਵੀ ਉਡਾਉਂਦੇ ਹਾਂ,
ਚੜ੍ਹਦੇ ਅਸਮਾਨੀਂ ਜਦੋਂ
ਖ਼ੂਬ ਰੌਲਾ ਪਾਉਂਦੇ ਹਾਂ।

## ਲੋਹੜੀ ਦਾ ਗੀਤ

ਲੋਹੜੀਏ ਨੀ ਲੋਹੜੀਏ
ਪੰਜਾਬ ਦੀ ਸੁੱਖ ਲੋੜੀਏ।

ਧਰਤੀ ਦਾ ਮੋਹ ਚੰਗਾ
ਬੋਲੀਏ ਨਾ ਬੋਲ ਮੰਦਾ
ਪਿਆਰ ਭਰੇ ਦਿਲਾਂ ਤਾਈਂ
ਕਦੇ ਵੀ ਨਾ ਤੋੜੀਏ। ਲੋਹੜੀਏ ਨੀ .....

ਸਭ ਨਾਂ 'ਚ ਇੱਕੋ ਨੂਰ
ਫੇਰ ਕਾਹਤੋਂ ਹੋਈਏ ਦੂਰ,
ਫੁੱਲਾਂ ਲੱਦੇ ਬੂਟੜੇ ਨੂੰ
ਐਵੇਂ ਨਾ ਤ੍ਰੋੜੀਏ। ਲੋਹੜੀਏ ਨੀ .....

ਘਰਾਂ ਨੂੰ ਨਾ ਵੰਡੀਏ
ਵਿਤਕਰਿਆਂ ਨੂੰ ਛੰਡੀਏ
ਪੌਣਾਂ 'ਚ ਜੋ ਜ਼ਹਿਰ ਘੁਲੀ
ਲੋੜ ਹੈ ਕਿ ਹੋੜੀਏ। ਲੋਹੜੀਏ ਨੀ ....

ਪੰਜਾਬ ਰਹੇ ਮਹਿਕਦਾ
ਗੁਲਾਬ ਵਾਂਗੂ ਟਹਿਕਦਾ,
ਰੁੱਸੇ ਹੋਏ ਮਨਾਂ ਤਾਈਂ
ਸਾਂਝ ਪਾ ਕੇ ਜੋੜੀਏ। ਲੋਹੜੀਏ ਨੀ .....

ਆਓ ਲੋਹੜੀ ਬਾਲੀਏ
ਕੂੜ ਕਪਟ ਜਾਲੀਏ
ਤਿਲਾਂ ਦੇ ਤਲੂੰਏ ਮਿੱਠੇ
ਵੰਡੀਏ ਰਿਓੜੀਏ,
ਲੋਹੜੀਏ ਨੀ ਲੋਹੜੀਏ।

## ਦੀਦੀ ਤੇ ਮੈਂ ਪਾਣੀ ਪੀਤਾ

ਮੇਰੀ ਛੋਟੀ ਦੀਦੀ ਪਿਆਰੀ
ਪੀ ਲੈ ਪਾਣੀ ਪਹਿਲਾਂ ਤੂੰ,
ਬੁੱਕ 'ਚ ਆਪਣੇ ਸਾਂਭ ਕੇ ਰੱਖੀਂ
ਘੁੱਟ-ਘੁੱਟ ਕਰ ਕੇ ਪਾਣੀ ਤੂੰ।

ਠੰਢਾ-ਠਾਰ ਪਾਣੀ ਹੈ ਨਿਰਮਲ
ਸਭ ਦੀ ਤ੍ਰੇਹ ਬੁਝਾਉਂਦਾ ਹੈ,
ਪਸ਼ੂ, ਪੰਛੀ ਤੇ ਜੀਵ-ਜੰਤ ਦਾ
ਸਭ ਦਾ ਭਲਾ ਮਨਾਉਂਦਾ ਹੈ।

ਰੁੱਖ, ਬੂਟੇ ਤੇ ਵੇਲਾਂ ਹਰੀਆਂ
ਪਾਣੀ ਪੀ ਮੁਸਕਾਉਂਦੇ ਨੇ,
ਬੂੰਦ-ਬੂੰਦ ਪਾਣੀ ਨੂੰ ਸਾਂਭੋ
ਸਿਆਣੇ ਗੱਲ ਸਮਝਾਉਂਦੇ ਨੇ।

ਹੁਣ ਪਾਣੀ ਦੀ ਵਾਰੀ ਮੇਰੀ
ਮੈਂ ਵੀ ਤ੍ਰੇਹ ਬੁਝਾਉਣੀ ਹੈ,
ਪਾਣੀ ਦੀ ਸੰਭਾਲ ਦੇ ਬਾਰੇ
ਸਭ ਨੂੰ ਗੱਲ ਸਮਝਾਉਣੀ ਹੈ।

## ਕੀੜੀ ਦੀ ਸਿਆਣਪ

ਕੀੜੀ ਨਿਕਲੀ ਖੁੱਡ 'ਚੋਂ
ਤਕਣ ਲੱਗੀ ਰੁੱਤ,
ਪੌਣ ਸੀ ਠੰਢੀ ਵੱਗ ਰਹੀ
ਬੱਦਲ ਚੜ੍ਹਿਆ ਘੁੱਪ।

ਕਿੰਨੇ ਦਿਨਾਂ ਦੀ ਭੁੱਖ ਸੀ
ਦਾਣਿਆਂ ਦੀ ਸੀ ਭਾਲ
ਕੀੜੀ ਦੀਆਂ ਸਾਥਣਾਂ
ਡਾਢੀਆਂ ਸੀ ਬੇਹਾਲ।

ਵਰਖਾ ਪੈਣ ਹੈ ਵਾਲੜੀ
ਕੀੜੀ ਕਰੇ ਵਿਚਾਰ,
ਦਾਣੇ 'ਕੱਠੇ ਕਰ ਲਵਾਂ
ਖੁੱਡ 'ਚ ਕਰਾਂ ਭੰਡਾਰ।

ਇਕੱਠੀਆਂ ਕਰੀਆਂ ਸਾਥਣਾਂ
ਲੱਗੀਆਂ ਦਾਣੇ ਢੋਣ,
ਸਾਂਝੀ ਉੱਦਮ ਬੀੜ ਕੇ
ਸਮੇਂ ਦੀ ਕੀਤੀ ਚੋਣ।

ਸਮੇਂ ਸਿਰ ਕੀਤਾ ਕੰਮ ਹੀ
ਆਉਂਦਾ ਸਦਾ ਹੀ ਰਾਸ,
ਬੱਚਿਓ ਮਿਹਨਤ ਨਾਲ ਹੀ
ਪਰੀਖਿਆ ਹੁੰਦੀ ਪਾਸ।

## ਕਣੀ ਅਤੇ ਪੱਤੇ ਦੀ ਸਾਂਝ

ਅੰਬਰੋਂ ਨਿੱਕੀ ਕਣੀ ਇੱਕ
ਡਿੱਗੀ ਪੱਤੇ 'ਤੇ ਆਣ,
ਕਿੰਨਾ ਪੰਧ ਮੁਕਾਇਆ
ਪੁੱਛੇ ਪੱਤਾ ਹਿੱਕ ਤਾਣ।

ਇਹ ਨਾ ਪੁੱਛ ਤੂੰ ਵੀਰਿਆ
ਬੱਦਲਾਂ ਵਿੱਚ ਮੇਰਾ ਵਾਸ,
ਸੁੱਕੇ ਥੱਲ ਉਡੀਕਦੇ
ਮਿਟਣ ਨਾ ਦੇਵਾਂ ਆਸ।

ਪੰਛੀ ਚੁੰਝਾਂ ਖੋਲ੍ਹ ਕੇ
ਮੇਰੀ ਕਰਨ ਉਡੀਕ,
ਨਿੱਕੀ ਭਾਵੇਂ ਕਣੀ ਹਾਂ
ਪਰ ਸਭਨਾਂ ਦੀ ਮੀਤ।

ਤੈਨੂੰ ਮਿਲਣ ਵਾਸਤੇ
ਆਪਾ ਦੇਵਾਂ ਵਾਰ,
ਤੂੰ ਹਰਿਆਲੀ ਵੰਡ ਦਾ
ਮੇਰਾ ਕੰਮ ਉਪਕਾਰ।

ਜਿਹੜੇ ਆਪਾ ਵਾਰ ਦੇ
ਲੋਕੀਂ ਕਰਦੇ ਯਾਦ,
ਪੱਤੇ, ਕਣੀ ਨੂੰ ਆਖਿਆ
ਤੈਨੂੰ ਦੇਵਾਂ ਦਾਦ।

## ਫੁੱਲ ਅਤੇ ਤਿਤਲੀ ਦੀ ਆੜੀ

ਫੁੱਲ ਖਿੜੇ ਸੀ ਬਾਗ ਵਿਚ,
ਉੱਡਦੀ-ਉੱਡਦੀ ਤਿਤਲੀ ਆਈ,
ਫੁੱਲ ਵੇਖ ਤਿਤਲੀ ਨੂੰ ਹੱਸੇ,
ਤਿਤਲੀ ਵੀ ਫਰ-ਫਰ ਮੁਸਕਾਈ।

ਰੰਗ-ਬਰੰਗੇ ਫੁੱਲਾਂ ਦੀ ਖ਼ੁਸ਼ਬੂ
ਸਭ ਦੇ ਦਿਲ ਨੂੰ ਮੋਹਦੀ ਜਾਵੇ,
ਤਿਤਲੀ ਦੇ ਕੂਲੇ ਖੰਭਾਂ ਨੂੰ
ਜੋ ਵੀ ਤੱਕੇ ਗੁਣ ਪਿਆ ਗਾਵੇ।

ਤਿਤਲੀ ਕਹਿੰਦੀ ਫੁੱਲ ਸੁਹਣਿਓ
ਮੇਰੇ ਕੋਲ ਸੈ ਰੰਗਾਂ ਦੀ ਫੁਲਕਾਰੀ,
ਕਿੰਨੀਆਂ ਕਿਸਮਾਂ ਜਗ 'ਚ ਮੇਰੀਆਂ
ਗਿਣਤੀ ਗਿਣੀ ਨਾ ਜਾਏ ਸਾਰੀ।

ਫੁੱਲਾਂ ਹੱਸ ਕੇ ਉੱਤਰ ਦਿੱਤਾ,
ਸਾਡੇ ਰੰਗਾਂ ਦੀ ਖਿੱਚ ਡਾਢੀ,
ਰਸ ਚੂਸਣ ਨੂੰ ਤੁਸੀਂ ਆਉਂਦੀਆਂ,
ਕਿੰਨੀ ਗੂੜ੍ਹੀ ਪ੍ਰੀਤ ਹੈ ਸਾਡੀ।

ਮਹਿਕ ਰੰਗਾਂ ਦੀ ਫੁੱਲ ਵੰਡਦੇ
ਤੱਕ ਕੇ ਲੋਕੀਂ ਖਿੜ-ਖਿੜ ਹੱਸਣ,
ਖੇੜਾ ਖ਼ੁਸ਼ੀਆਂ ਹਰ ਕੋਈ ਮਾਣੇ
ਘੁੰਮ-ਘੁੰਮ ਤਿਤਲੀਆਂ ਨੱਸਣ ਵੱਸਣ।

## ਚਿੜੀ ਅਤੇ ਟਹਿਣੀ

ਹੱਸਦਾ ਹੱਸਦਾ
ਸੂਰਜ ਚੜ੍ਹਿਆ
ਰੁੱਖ-ਬੂਟਿਆਂ 'ਤੇ
ਜੋਬਨ ਚੜ੍ਹਿਆ।

ਟਹਿਣੀ ਰੁੱਖ ਦੀ
ਹੋਈ ਉਦਾਸ,
ਕੋਈ ਨਾ ਆਵੇ
ਮੇਰੇ ਪਾਸ।

ਇੱਕ ਚਿੜੀ ਸੀ
ਅੰਬਰੀਂ ਉੱਡਦੀ,
ਕਿੱਥੇ ਬੈਠੇ
ਗੱਲ ਨਾ ਸੁਝਦੀ।

ਟਹਿਣੀ ਦੀ ਉਸ
ਸੁਣ ਲਈ ਗੱਲ,
ਜਾ ਬੈਠੀ ਝੱਟ
ਟਹਿਣੀ ਮੱਲ।

ਟਹਿਣੀ ਨੂੰ ਉਸ
ਗੀਤ ਸੁਣਾਇਆ,
ਮਿੱਠੇ ਬੋਲੀਂ
ਜੀਅ ਪਰਚਾਇਆ।

ਟਹਿਕੀ ਟਹਿਣੀ
ਹੱਸਣ ਲੱਗੀ,
ਰੁਮਕੀ ਪੌਣ
ਉਦਾਸੀ ਭੱਜੀ।

ਚਿੜੀ ਟਹਿਣੀ ਨੂੰ
ਰੁੱਖ ਦਵੇ ਅਸੀਸਾਂ,
ਸੁਹਣੀ ਕੁਦਰਤ
ਦੀਆਂ ਕੀ ਰੀਸਾਂ।

ਰੁੱਖ ਪੰਛੀਆਂ ਨਾਲ,
ਸਾਂਝ ਵਧਾਈਏ,
ਇੱਕ ਦੂਜੇ ਤੋਂ
ਵਾਰੇ ਜਾਈਏ!!

## ਦਰਿਆ ਅਤੇ ਮੱਛੀ ਦੀ ਗੱਲਬਾਤ

ਉੱਚ ਪਹਾੜੋਂ ਨਿਕਲ ਕੇ
ਵੱਗ ਰਿਹਾ ਦਰਿਆ,
ਮੱਛੀ ਆਖੇ ਉਸ ਨੂੰ
ਤੂੰ ਹੈਂ ਮੇਰਾ ਭਰਾ।

ਤੇਰੇ ਪਾਣੀ ਸੰਗ ਹੈ
ਮੇਰੀ ਡੂੰਘੀ ਪ੍ਰੀਤ,
ਮੈਂ ਤਾਂ ਲਾਵਾਂ ਤਾਰੀਆਂ
ਵੱਗਣਾ ਤੇਰੀ ਰੀਤ।

ਮੇਰੀ ਜਾਨ ਨੂੰ ਬਖਸ਼ਦਾ
ਤੇਰਾ ਠੰਢੜਾ ਨੀਰ,
ਕਿੰਨੇ ਜੀਵ ਨੇ ਪਲ ਰਹੇ
ਤੇਰਾ ਦਿਲ ਅਮੀਰ।

ਹੱਸ ਕੇ ਅੱਗੋਂ ਬੋਲਿਆ
ਸੁਣ ਮੱਛੀ ਦੀ ਗੱਲ,
ਮੇਰਾ ਕੰਮ ਹੈ ਵੱਗਣਾ
ਉੱਚਿਓਂ ਨੀਵੇਂ ਵੱਲ।

ਦੂਜੇ ਦੇ ਕੰਮ ਆਵਣਾ
ਇਹ ਹੈ ਪਰ-ਉਪਕਾਰ
ਰਲ-ਮਿਲ ਰਹਿਣਾ ਸਿੱਖੀਏ
ਸੁਖੀ ਵਸੇ ਸੰਸਾਰ!!

## ਬੱਦਲਾਂ ਮੰਨੀ ਕੂੰਜ ਦੀ ਗੱਲ

ਬੱਦਲਾਂ ਰਲ-ਮਿਲ ਕੀਤੀ ਗੱਲ,
ਚਲੋ ਭੱਜ ਚੱਲੀਏ ਵੱਲ ਥੱਲ।

ਨੀਲਾ ਅੰਬਰ ਹੁਣ ਸੁੰਨਾ ਲਗਦਾ,
ਦਿਨ ਵੇਲੇ ਨਾ ਤਾਰਾ ਜਗਦਾ।

ਉਡ-ਉਡ ਅਸੀਂ ਹੰਭ ਗਏ ਹਾਂ,
ਕਿੰਨੇ ਉੱਚੇ ਲੰਘ ਗਏ ਹਾਂ।

ਬਿਜਲੀ ਕੜਕੇ ਡਰ ਹੈ ਆਉਂਦਾ,
ਹੁਣ ਨਾ ਅੰਬਰ ਸਾਨੂੰ ਭਾਉਂਦਾ।

ਘੁੱਪ ਹਨੇਰਾ ਕਦੇ ਡਰਾਵੇ,
ਧੱਕ-ਧੱਕ ਕਰਦਾ ਦਿਲ ਘਬਰਾਏ।

ਦੇਖੀਏ ਚੱਲ ਕੇ ਧਰਤੀ ਮਾਂ,
ਰੁੱਖਾਂ ਦੀ ਹੈ ਜਿੱਥੇ ਛਾਂ।

ਉੱਥੇ ਕੁਦਰਤ ਹੈ ਬਲਿਹਾਰੀ,
ਰੰਗ-ਬਰੰਗੀ ਦੁਨੀਆਂ ਪਿਆਰੀ।

ਸੋਚਣ ਲੱਗੇ ਬੱਦਲ ਭਾਰੇ,
ਥੱਲੇ ਚੱਲੀਏ ਰਲ ਮਿਲ ਸਾਰੇ।

ਧੁਰ ਟੰਗਿਆ ਸਾਨੂੰ ਅਸਮਾਨੀ,
ਨਾ ਕੋਈ ਸਾਡਾ ਦਰਦੀ ਜਾਨੀ।

ਕੂੰਜ ਸੁਣੀ ਬੱਦਲਾਂ ਦੀ ਗੱਲ,
ਮਸਲਾ ਕਿੰਜ ਕਰਾਂ ਮੈਂ ਹੱਲ।

ਨਹੀਂ, ਨਹੀਂ ਤੁਸੀਂ ਅੰਬਰੀਂ ਸੋਂਹਦੇ,
ਤੁਸੀਂ ਤਾਂ ਸਭ ਦੇ ਮਨਾਂ ਨੂੰ ਮੋਂਹਦੇ।

ਇੱਥੇ ਭੀੜ-ਭੜੱਕਾ ਹੋਇਆ,
ਪ੍ਰਦੂਸ਼ਣ ਕਾਰਨ, ਨਾ ਜਾਏ ਖਲੋਇਆ।

ਤੁਹਾਡਾ ਕੰਮ ਹੈ ਵਰਖਾ ਕਰਨਾ,
ਧਰਤੀ ਉੱਤੇ ਰਹਿੰਦੇ ਵਰ੍ਹਨਾ।

ਕੂੰਜ ਨੇ ਨੁਕਤਾ ਇਹ ਸਮਝਾਇਆ,
ਬੱਦਲਾਂ ਨੂੰ ਮੁੜ ਕੰਮੀਂ ਲਾਇਆ।

ਬੱਦਲ ਲੱਗੇ ਛਮ-ਛਮ ਵੱਸਣ,
ਨਾਲ ਖ਼ੁਸ਼ੀ ਦੇ ਲੱਗੇ ਹੱਸਣ।

## ਮਿੱਟੀ ਅਤੇ ਦਾਣੇ ਦੀ ਦੋਸਤੀ

ਮਿੱਟੀ ਦੇ ਵਿੱਚ ਡਿੱਗਿਆ
ਕਣਕ ਦਾ ਦਾਣਾ ਇੱਕ,
ਉੱਗਣ ਦੇ ਲਈ ਓਸ ਨੂੰ
ਧਰਤੀ ਮਾਂ ਦੀ ਖਿੱਚ।

ਮਿੱਟੀ ਦੇ ਵਿੱਚ ਸੌਂ ਗਿਆ
ਕਰਨ ਲਈ ਅਰਾਮ,
ਸੁਪਨੇ ਲੈਵਣ ਲੱਗਿਆ
ਰਾਤ ਦਿਨੇ ਤੇ ਸ਼ਾਮ।

ਮਾਂ-ਮਿੱਟੀ ਦੀ ਕੁੱਖ ਨੇ
ਸਾਂਭਿਆ ਨਾਲ ਪਿਆਰ,
ਉੱਗਣ ਦੇ ਲਈ ਹੋ ਗਿਆ
ਕੁੱਝ ਦਿਨਾਂ ਵਿੱਚ ਤਿਆਰ।

ਉੱਗ ਕੇ ਬੂਟਾ ਬਣ ਗਿਆ
ਝੂਮੇ ਬੱਲੀ ਹਰੀ ਕਚੂਰ,
ਦਾਣੇ ਖਿੜ-ਖਿੜ ਹੱਸਦੇ
ਵੇਖੋ ਕੁਦਰਤ ਦਾ ਦਸਤੂਰ।

ਮਿੱਟੀ ਦਾਣੇ ਦੀ ਦੋਸਤੀ
ਹੋਰਾਂ ਲਈ ਵਰਦਾਨ,
ਭੁੱਖ ਮਿਟਾਵੇ ਸਭ ਦੀ
ਆਪਾ ਕਰ ਕੁਰਬਾਨ।

## ਪੰਛੀ ਅਤੇ ਪੌਣ ਦੀਆਂ ਗੱਲਾਂ

ਪੰਛੀ ਚੋਗਾ ਚੁਗਣ ਲਈ
ਆਲ੍ਹਣਿਓਂ ਉਡਿਆ ਜਾਂਵਦਾ,
ਧੀਰਜ ਖੰਭੀਂ ਬੰਨ੍ਹ ਕੇ,
ਚੀਂ-ਚੀਂ ਉੱਚੀ ਗਾਂਵਦਾ।

ਅੰਬਰ ਖੁੱਲ੍ਹਾ ਤੱਕ ਕੇ
ਚੌਹੀਂ ਪਾਸੀਂ ਤੱਕਦਾ,
ਪੌਣ ਵਗੇਂਦੀ ਜ਼ੋਰ ਦੀ
ਉਡਣੋਂ ਨਾ ਪਰ ਥੱਕਦਾ।

ਕਿਤੇ ਤਾਂ ਦਾਣੇ ਮਿਲਣਗੇ
ਮਨ ਦੇ ਵਿੱਚ ਹੈ ਆਸ,
ਪੌਣ ਵੀ ਦੰਗ ਹੈ ਹੋ ਰਹੀ
ਕਿੱਡੜਾ ਜੇਰਾ ਪਾਸ।

ਸਾਥ ਤੇਰਾ ਮੈਂ ਦੇਵਾਂਗੀ
ਪੌਣ ਨੇ ਦਿੱਤੀ ਆਵਾਜ਼,
ਤੇਰੀ ਹਿੰਮਤ ਉੱਡਣ ਦੀ
ਸਫ਼ਲ ਹੋਣ ਦਾ ਰਾਜ।

ਪੌਣ ਨੇ ਲਾਈ ਦੋਸਤੀ
ਪੰਛੀ ਬਣਿਆ ਬੀਰ,
ਮਿਹਨਤ ਕਰਨੇ ਵਾਲੜੇ
ਘੜ ਲੈਂਦੇ ਤਕਦੀਰ!!

## ਮਾਂ ਬੋਲੀ ਦੀ ਖਿੱਚ

ਜਿਵੇਂ ਪੰਛੀ ਨੂੰ ਪਿਆਰਾ
ਸੋਹਣਾ ਲੱਗੇ ਆਲ੍ਹਣਾ,
ਮੈਨੂੰ ਪਿਆਰਾ ਲੱਗੇ
ਮਾਂ-ਬੋਲੀ ਵਿੱਚ ਬੋਲਣਾ।

ਜਿਵੇਂ ਚੰਗਾ ਲੱਗੇ ਫੁੱਲਾਂ ਦਾ
ਖਿੜਨਾ ਤੇ ਹੱਸਣਾ,
ਚੰਗਾ ਲੱਗੇ ਮਾਂ-ਬੋਲੀ 'ਚ
ਦੁੱਖ-ਸੁੱਖ ਦੱਸਣਾ।

ਜਿਵੇਂ ਚੰਗੀ ਲੱਗੇ ਧੁੱਪਾਂ 'ਚ
ਸਾਵੇ ਰੁੱਖਾਂ ਦੀ ਛਾਂ,
ਚੰਗੀ ਲੱਗੇ ਮਾਂ-ਬੋਲੀ 'ਚ
ਅਸੀਸਾਂ ਦੇਂਦੀ ਮਾਂ।

ਰਾਤੀਂ ਚੰਗੀ ਲੱਗੇ ਮੈਨੂੰ
ਬਲਦੇ ਦੀਵੇ ਦੀ ਜੋਤੀ
ਮਾਂ-ਬੋਲੀ ਦੇ ਅੱਖਰ ਮੈਨੂੰ
ਲੱਗਣ ਸੁੱਚੜੇ ਮੋਤੀ॥

## ਚੰਨਾਂ ਤਾਰਿਆਂ ਦੀ ਸਹੁੰ

ਚੰਨਾਂ ਤਾਰਿਆਂ ਦੀ ਸਹੁੰ
ਅਸਾਂ ਪਾਸ ਜਾਣਾ ਹੋ,
ਨਕਲ ਕਰਨੀ ਨਾ ਰਤਾ
ਇਹੋ ਗੀਤ ਗਾਣਾ ਹੋ।

ਬਿਰਖ਼ਾਂ -ਪੱਤਿਆਂ ਦੀ ਸਹੁੰ
ਅਸੀਂ ਮਿਹਨਤਾਂ ਦੇ ਆਦੀ,
ਗੁਰੂ ਦੱਸ ਦੇ ਨੇ ਸਾਨੂੰ
ਨਕਲ ਕਰਦੀ ਬਰਬਾਦੀ,

ਗੱਲ ਸਾਥੀਆਂ ਨੇ ਮੰਨੀ
ਇਹੋ ਗੀਤ ਗਾਣਾ ਹੋ।

ਜੀਵਾਂ-ਪੰਛੀਆਂ ਦੀ ਸਹੁੰ
ਅਸੀਂ ਅੰਬਰਾਂ ਨੂੰ ਛੂਹਣਾ,
ਸੱਚੀ ਸ਼ਕਤੀ ਦੇ ਨਾਲ
ਜੱਗ ਲੱਗਦਾ ਹੈ ਸੁਹਣਾ।
ਅਸੀਂ ਕਰ ਕੇ ਪੜ੍ਹਾਈ
ਅੱਗੇ ਲੰਘ ਜਾਣਾ ਹੋ

ਮਾਂ-ਧਰਤੀ ਦੀ ਸਹੁੰ
ਮਿੱਟੀ ਉੱਗਦੀ ਹੈ ਦਾਣੇ
ਵੇਲਾ ਹੱਥੋਂ ਨਾ ਗੁਆਓ
ਸੱਚ ਆਖਦੇ ਸਿਆਣੇ।
ਸੁੱਤੇ ਪਇਆਂ ਨੂੰ ਜਗਾ ਕੇ
ਇਹ ਗੀਤ ਗਾਣਾ ਹੋ।

ਰੰਗਾਂ-ਫੁੱਲਾਂ ਦੀ ਸੁਗੰਧ
ਮਹਿਕਾਂ ਖਿੜਦੀਆਂ ਚੁਫੇਰੇ
ਦੀਵੇ ਗਿਆਨ ਦੇ ਜਗਾ ਕੇ
ਦੂਰ ਕਰਨੇ ਹਨੇਰੇ।
ਅੱਗੇ ਵਧਦੇ ਹੈ ਜਾਣਾ।
ਇਹੋ ਗੀਤ ਗਾਣਾ ਹੋ।

ਪਿਆਰੇ ਮਾਪਿਆਂ ਦੀ ਸਹੁੰ,
ਚੰਗੇ ਬਣਨਾ ਇਨਸਾਨ,
ਪਾਸ ਕਰਨੀ ਪਰੀਖਿਆ
ਪੱਲੇ ਬੰਨ੍ਹ ਕੇ ਗਿਆਨ।
ਕਰਨੀ ਦੱਬ ਕੇ ਪੜ੍ਹਾਈ।
ਇਹੋ ਗੀਤ ਗਾਣਾ ਹੋ।

ਦਿਨ ਰਾਤ ਦੀ ਹੈ ਸਹੁੰ
ਬੂਰ ਮਿਹਨਤਾਂ ਨੂੰ ਪੈਂਦਾ,
ਨਕਲੋਂ ਰਹੇ ਜਿਹੜਾ ਦੂਰ,
ਉਹੀਓ ਅੰਕ ਚੰਗੇ ਲੈਂਦਾ,
ਅਸੀਂ ਪੱਕੀ ਸਹੁੰ ਖਾਧੀ।
ਇਹੋ ਗੀਤ ਗਾਣਾ ਹੋ।

ਸਾਨੂੰ ਸਾਥੀਆਂ ਦੀ ਸਹੁੰ
ਨਕਲ ਭਰ ਦੀ ਨਾ ਪੱਲੇ,
ਮਿਹਨਤ ਕਰੇ ਜਿਹੜਾ ਬੰਦਾ,
ਉਹ ਦੀ ਹੁੰਦੀ ਬੱਲੇ-ਬੱਲੇ,
ਪੁਸਤਕਾਂ ਦੇਂਦੀਆਂ ਸੁਨੇਹਾ,
ਇਹੋ ਗੀਤ ਗਾਣਾ ਹੋ।

ਸਾਨੂੰ ਆਪਣੀ ਹੀ ਸਹੁੰ,
ਪੰਛੀ ਉੱਡਦਾ ਉਚੇਰੇ,
ਸ਼ਕਤੀ ਆਪਣੀ ਦੇ ਨਾਲ
ਪੰਧ ਕੱਟਦਾ ਲੰਮੇਰੇ।

ਅਸੀਂ ਪ੍ਰਣ ਪੱਲੇ ਬੰਨ੍ਹ,
ਇਹੋ ਗੀਤ ਗਾਣਾ ਹੋ।
ਨਕਲ ਕਰਨੀ ਨਾ ਰਤਾ,
ਅਸਾਂ ਪਾਸ ਜਾਣਾ ਹੋ!!!

## ਪਿੰਡ ਦੀ ਘੁਲਾੜੀ

ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,
ਬਲਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ।

'ਸੰਤਾ' ਬਲਦਾਂ ਨੂੰ ਚਾਵਾਂ ਨਾਲ ਹੱਕਦਾ,
ਬੇਲਣੇ 'ਚ ਗੰਨੇ ਦੇਂਦਾ, 'ਬੰਤਾ' ਨਾ ਥੱਕਦਾ।

ਗੰਨਿਆਂ ਦੀ ਭਰੀ 'ਛੱਜਾ', ਗਿਆ ਸੁੱਟ ਕੇ,
ਗੰਨੇ ਘੜੇ ਕਾਮਿਆਂ, ਕਮਾਦੋਂ ਪੁੱਟ ਕੇ।

ਬਲਦਾਂ ਦੇ ਘੁੰਗਰੂ, ਆਵਾਜ਼ਾਂ ਮਾਰਦੇ,
ਪੀਓ ਰਸ ਮਿਠਾ, ਬਜ਼ੁਰਗ ਨੇ ਪੁਕਾਰਦੇ।

ਟਰਾਲੀ ਉੱਤੋਂ ਭਰੀਆਂ ਉਤਾਰੀਂ 'ਮੋਹਨਿਆ'
ਮਿਹਨਤਾਂ ਲਿਆਉਣ ਰੰਗ ਸਦਾ 'ਸੋਹਨਿਆ'।

'ਕਿਰਪਾ' ਕੜਾਹਿਓਂ, ਮੈਲ ਨੂੰ ਉਤਾਰਦਾ,
ਤਾਜ਼ਾ-ਤਾਜ਼ਾ ਰਸ, ਪੀਪੇ 'ਚੋਂ ਨਿਤਾਰਦਾ।

ਧੁੰਦਲੇ 'ਚੋਂ ਲਾਟ ਨਿਕਲੇ ਧੂੰਏ ਰੰਗ ਦੀ,
ਰਾਤ ਦੇ ਹਨੇਰੇ ਕੋਲੋਂ ਜਿਵੇਂ ਸੰਗ ਦੀ।

'ਛਿੰਦਾ' ਝੋਕਾ ਦੇਂਦਾ ਰੱਖੇ, ਖਿਆਲ ਅੱਗ ਦਾ,
ਬਾਲਣ ਲਿਆਉਣ ਲਈ, 'ਕੈਲਾ' ਫਿਰੇ ਭੱਜਦਾ।

ਚੱਲਦੀ ਘੁਲਾੜੀ, ਪਿੰਡ ਲੱਗੇ ਹੱਸਦਾ,
ਪਿੰਡਾਂ ਵਿਚ ਦੋਸਤੋ ਪੰਜਾਬ ਵੱਸਦਾ।

ਮਿੱਠਾ-ਮਿੱਠਾ ਗੁੜ ਜਿਵੇਂ ਪੌਣੀ ਘੁਲਿਆ,
ਹਰ ਕੋਈ ਖਾਣ ਲਈ ਆਵੇ ਤੁਰਿਆ।

ਪੱਕਦਾ ਕੜਾਹੇ ਗੁੜ ਖਿੱਚਾਂ ਪਾਂਵਦਾ,
ਮੱਲੋ-ਮੱਲੀ ਜਾਂਦੇ ਰਾਹੀਆਂ ਨੂੰ ਬੁਲਾਵੰਦਾ।

ਚੱਕ ਵਿੱਚ ਗਰਮ ਲਾਲਾ ਕੜਾਹੋਂ ਲੱਥਿਆ,
ਚੱਕ ਦੇ ਦੁਆਲੇ, ਲੱਗੇ ਪਿੰਡ ਵੱਸਿਆ।

ਉਂਗਲਾਂ ਚੱਟ-ਚੱਟ ਗੁੜ ਖਾਣ ਸਾਰੇ ਜੀ,
ਭੋਲੇ-ਭਾਲੇ ਬਾਲ ਲੱਗਦੇ ਪਿਆਰੇ ਜੀ।

ਗੁੜ ਖਾਂਦੇ ਭਿੰਨ ਭੇਦ, ਕੋਈ ਨਾ ਵਿਚਾਰਦਾ,
ਗੁੜ ਵਾਲਾ ਚੱਕ ਸਭ ਨੂੰ ਪਿਆਰਦਾ।

ਚੱਕ ਵਿੱਚ ਸ਼ਕਰ ਨੂੰ ਬਣਾਵੇ 'ਧਰਮਾ'
ਮੁਠੀ-ਮੁੱਠੀ ਸਾਰਿਆਂ ਨੂੰ ਵੰਡੇ 'ਕਰਮਾ'।

ਪਾਥੇ ਨਾਲ 'ਪ੍ਰੀਤਾ' ਗੁੜ ਨੂੰ ਸੁਆਰਦਾ,
ਗੁੜ ਚੰਡਨੀ ਦੇ ਨਾਲ ਪੇਸੀਆਂ ਨਿਹਾਰਦਾ।

ਗੁੜ ਦੀਆਂ ਭੇਲੀਆਂ ਬਣਾਉਂਦਾ 'ਕਰਮਾ'
ਸੌਂਫ ਵਾਲੀ ਟਿੱਕੀ ਦਾ ਮਾਹਿਰ 'ਧਰਮਾ'।

ਦਿੱਸੇ ਨਾ ਘੁਲਾੜੀ ਹੁਣ, ਪਿੰਡ ਯਾਦ ਆਂਵਦਾ,
ਸਾਂਭ ਲਵੋ ਵਿਰਸਾ, ਕਵੀ ਹੈ ਗਾਂਵਦਾ!!

* * * *

# ਮਨਮੋਹਨ ਸਿੰਘ ਦਾਊਂ ਦੀਆਂ ਬਾਲ - ਕਾਵਿ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ

## ੳ) ਨਰਸਰੀ ਪੁਸਤਕਾਂ

1. **ਫਲਾਂ ਦੀ ਟੋਕਰੀ :** ਇਸ ਪੁਸਤਕ ਵਿੱਚ ਨਿਕੜਿਆਂ ਲਈ 25 ਫਲਾਂ ਬਾਰੇ ਨਰਸਰੀ ਗੀਤ ਹਨ। ਸ਼ਾਇਦ ਕਿਸੇ ਭਾਸ਼ਾ ਵਿੱਚ ਏਨੇ ਫਲਾਂ ਬਾਰੇ ਨਰਸਰੀ ਗੀਤ ਨਾ ਮਿਲਦੇ ਹੋਣ। ਏਨੇ ਥੋੜ੍ਹੇ ਸ਼ਬਦਾਂ 'ਚ ਫਲਾਂ ਦੇ ਰੰਗ-ਰੂਪ, ਸੁਆਦ ਤੇ ਖਾਣ ਵਿਧੀ ਬਾਰੇ ਦੱਸ ਕੇ ਸ੍ਰੀ ਦਾਊਂ ਨੇ ਕਮਾਲ ਕੀਤਾ ਹੈ। ਨੈਸ਼ਨਲ ਬੁੱਕ ਟਰੱਸਟ ਇੰਡੀਆ (ਦਿੱਲੀ) ਨੇ ਇਸ ਕਿਤਾਬ ਨੂੰ ਉੱਤਮ ਪੁਸਤਕ ਦਾ ਦਰਜਾ ਦਿੱਤਾ। ਰੰਗਦਾਰ ਖ਼ੂਬਸੂਰਤ ਮਨਮੋਹਣੇ ਚਿੱਤਰ ਵੇਖ ਕੇ ਫਲ ਖਾਣ ਨੂੰ ਜੀਅ ਕਰ ਆਉਂਦਾ ਹੈ।
   **ਪ੍ਰਕਾਸ਼ਕ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਚੰਡੀਗੜ੍ਹ (1990)**
   **ਪੰਨੇ : 26    ਮੁੱਲ : 20/- ਰੁ.**
   ਇਸ ਦੀ ਦੂਜੀ ਐਡੀਸ਼ਨ ਭਾਸ਼ਾ ਵਿਭਾਗ ਪੰਜਾਬ ਨੇ 2001 'ਚ ਛਾਪੀ।।

2. **ਪੀਂਘ ਹੁਲਾਰੇ :** ਇਸ ਕਿਤਾਬ 'ਚ 22 ਨਰਸਰੀ ਗੀਤ ਹਨ ਜਿਹੜੇ ਬੱਚੇ ਦੇ ਆਲੇ-ਦੁਆਲੇ ਤੇ ਘਰ-ਪਰਿਵਾਰ ਦੇ ਰਿਸ਼ਤਿਆਂ ਨਾਲ ਗੂੜ੍ਹੀ ਸਾਂਝ ਪੁਆਉਂਦੇ ਹਨ। ਪੰਛੀ ਤੇ ਜੀਵ ਵੀ ਸ਼ਾਮਲ ਹਨ।
   **ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ (1997)**
   **ਪੰਨੇ : 28    ਮੁੱਲ : 30/- ਰੁ.**

3. **ਮਿਸ਼ਰੀ ਦੀਆਂ ਡਲੀਆਂ :** ਇਸ ਵੱਖਰੀ ਕਿਸਮ ਦੀ ਬਾਲ-ਕਾਵਿ ਰਚਨਾ 'ਚ 26 ਮਿੱਠੀਆਂ ਵਸਤਾਂ ਬਾਰੇ ਨਰਸਰੀ ਗੀਤ ਹਨ ਜਿਨ੍ਹਾਂ ਨੂੰ ਬੱਚੇ ਘਰ ਜਾਂ ਬਜ਼ਾਰ 'ਚੋਂ ਖਰੀਦ ਕੇ ਖਾਣ ਦਾ ਅਨੰਦ ਲੈਂਦੇ ਹਨ। ਪੰਜਾਬੀ ਤਿਓਹਾਰਾਂ ਜਿਵੇਂ ਲੋਹੜੀ, ਦੀਵਾਲੀ, ਦੁਸਹਿਰਾ, ਤੀਆਂ ਮੌਕੇ ਖਾਣ ਵਾਲੀਆਂ ਮਿੱਠੀਆਂ ਵਸਤਾਂ ਜਿਵੇਂ ਰਿਓੜੀਆਂ, ਗਚਕ, ਪਿੰਨੀਆਂ, ਸ਼ੱਕਰ, ਗੁੜ, ਖੀਰ, ਪੂੜੇ, ਖਿਲਾਂ, ਭੁੱਗਾ, ਸ਼ਕਰਪਾਰੇ, ਮਿਸਰੀ, ਮਖਾਣੇ, ਗੁਲਗੁਲੇ ਆਦਿ ਨੂੰ ਪਰਿਵਾਰਕ ਰਿਸ਼ਤਿਆਂ ਦੀ ਮਹੱਤਤਾ ਰਾਹੀਂ ਪੇਸ਼ ਕੀਤਾ ਗਿਆ ਹੈ।
   **ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ (2021)**
   **ਪੰਨੇ : 26    ਮੁੱਲ :**

## (ਅ) ਬਾਲ ਕਾਵਿ-ਸੰਗ੍ਰਹਿ

**4. ਪੰਛੀਆਂ ਦੇ ਗੀਤ :** ਇਸ ਸੰਗ੍ਰਹਿ ਵਿਚ ਪੰਜਾਬ ਦੇ 20 ਪੰਛੀਆਂ ਬਾਰੇ ਛੰਦ-ਬਧ ਨਿੱਕੀਆਂ ਕਵਿਤਾਵਾਂ ਹਨ ਜਿਨ੍ਹਾਂ ਨੂੰ ਬੱਚੇ ਵੇਖਣਾ ਲੋਚਦੇ ਹਨ। ਆਪਣੀ ਕਿਸਮ ਦੀ ਨਿਵੇਕਲੀ ਪੁਸਤਕ 'ਚ ਪੰਛੀਆਂ ਦੇ ਸੁੰਦਰ ਚਿੱਤਰ ਹਨ ਅਤੇ ਪੰਛੀ ਬਾਰੇ ਵਾਰਤਕ 'ਚ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅਮਰਜੀਤ ਵਾਲੀਆ ਨੇ ਇਸ ਨੂੰ ਸਚਿੱਤਰ ਕੀਤਾ ਹੈ।

**ਪ੍ਰਕਾਸ਼ਕ : ਉੱਤਮ ਪਬਲੀਕੇਸ਼ਨ, ਦਾਊਂ (1989)**

**ਪੰਨੇ : 48 ਮੁੱਲ : 12/- ਰੁ.**

ਇਸ ਪੁਸਤਕ ਦੀਆਂ ਐਡੀਸ਼ਨਾਂ ਲੋਕ-ਗੀਤ ਪ੍ਰਕਾਸ਼ਨ, ਮੁਹਾਲੀ ਨੇ ਵੀ ਛਾਪੀਆਂ।

**5. ਰੁੱਖਾਂ ਦਾ ਖ਼ਜ਼ਾਨਾ :** ਰੁੱਖਾਂ ਦੀ ਮਹੱਤਤਾ ਤੇ ਸਾਂਭ-ਸੰਭਾਲ ਅਤੇ ਵਾਤਾਵਰਨ ਨੂੰ ਸਰਸਬਜ਼ ਕਰਨ ਲਈ ਇਕ ਲੰਮੀ ਕਵਿਤਾ ਬਹੁਤ ਹੀ ਅਰਥ ਭਰਪੂਰ ਹੈ। ਚਿੱਤਰਕਾਰੀ ਪ੍ਰਕਾਸ਼ ਨੇ ਕੀਤੀ ਹੈ। ਰੁੱਖਾਂ ਦਾ ਗੁਣਗਾਣ ਕਮਾਲ ਹੈ।

**ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ (1993)**

**ਪੰਨੇ : 34 ਮੁੱਲ : 20/- ਰੁ.**

ਇਸ ਰਚਨਾ ਦੀਆਂ ਕਈ ਐਡੀਸ਼ਨਾਂ ਛਾਪੀਆਂ ਗਈਆਂ।

**6. ਫੁੱਲਾਂ ਦਾ ਪੰਘੂੜਾ :** ਆਪਣੀ ਕਿਸਮ ਦੀ 15 ਫੁੱਲਾਂ ਬਾਰੇ ਕਵਿਤਾਵਾਂ ਹਨ। ਇਹ ਕਾਵਿ-ਸੰਗ੍ਰਹਿ ਸ੍ਰੀ ਦਾਊਂ ਦੀ ਕੋਮਲ ਕਾਵਿ-ਕਲਾ ਤੇ ਦ੍ਰਿਸ਼ਟੀ ਨੂੰ ਸੁੰਦਰਤਾ ਪ੍ਰਦਾਨ ਕਰਦਾ ਹੈ। ਬੱਚਿਆਂ ਨੂੰ ਫੁੱਲਾਂ ਬਾਰੇ ਮੋਹ ਜਗਾਉਂਦੀ ਰਚਨਾ ਦੀ ਚਿੱਤਰਕਾਰੀ ਪ੍ਰਕਾਸ਼ ਨੇ ਕੀਤੀ ਹੈ। ਇਸ ਦੀਆਂ ਕਈ ਐਡੀਸ਼ਨਾਂ ਛਾਪੀਆਂ ਗਈਆਂ ਹਨ। ਜੇ ਇਹ ਰੰਗਦਾਰ ਛਪਦੀ ਤਾਂ ਕਮਾਲ ਹੁੰਦਾ।

**ਪ੍ਰਕਾਸ਼ਕ : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ (1995)**

**ਪੰਨੇ : 46 ਮੁੱਲ : 20/- ਰੁ.**

**7. ਚਾਨਣ ਦੀ ਟਹਿਣੀ :** ਭਾਸ਼ਾ ਵਿਭਾਗ, ਪੰਜਾਬ ਵਲੋਂ ਮੁਕਾਬਲੇ 'ਚ ਦੂਜੇ ਨੰਬਰ 'ਤੇ ਰਹੀ ਇਹ ਕਾਵਿ-ਰਚਨਾ, ਵਿਭਾਗ ਨੇ ਹੀ ਪ੍ਰਕਾਸ਼ਿਤ ਕੀਤੀ, ਜਿਸ ਵਿਚ ਵੰਨ-ਸੁਵੰਨੀਆਂ 30 ਕਵਿਤਾਵਾਂ ਸ਼ਾਮਲ ਹਨ। ਰੰਗਦਾਰ ਚਿੱਤਰਕਾਰੀ ਸ੍ਰੀ ਦਾਊਂ ਨੇ ਹੀ ਕੀਤੀ ਹੋਈ ਹੈ। ਕਵਿਤਾਵਾਂ ਬਾਲ ਮਨਾਂ ਨੂੰ ਮੋਹਦੀਆਂ ਹਨ।

**ਪ੍ਰਕਾਸ਼ਕ : ਭਾਸ਼ਾ ਵਿਭਾਗ, ਪੰਜਾਬ (1996)**

**ਪੰਨੇ : 48 ਮੁੱਲ : 10/- ਰੁ.**

8. **ਧਰਤੀ ਦੇ ਰੰਗ :** ਧਰਤੀ ਬਾਰੇ ਰੌਚਿਕ ਤੇ ਵਿਗਿਆਨਕ-ਦ੍ਰਿਸ਼ਟੀ ਨਾਲ ਲਿਖੀ ਇਹ ਕਾਵਿ-ਰਚਨਾ ਪੰਜਾਬੀ ਮਾਂ-ਬੋਲੀ ਵਿਚ ਵਿਸ਼ੇਸ਼ ਥਾਂ ਰਖਦੀ ਹੈ। ਭੂਗੋਲ ਵਿਸ਼ੇ ਨੂੰ ਕਾਵਿ-ਰੂਪ ਦਿੱਤਾ ਗਿਆ ਹੈ। ਸ੍ਰੀ ਦਾਊਂ ਦੀ ਗਿਆਨ-ਵਰਧਕ ਕਾਵਿ-ਕੁਸ਼ਲਤਾ ਸਲਾਹੁਣਯੋਗ ਹੈ। ਚਿੱਤਰਕਾਰੀ ਰੰਗਦਾਰ ਵੱਖਰੀ ਸ਼ੈਲੀ ਵਾਲੀ ਕੈਰਨ ਹੇਡਾਕ (ਅਫ਼ਰੀਕਨ) ਨੇ ਸੰਜੋਈ ਹੈ। ਅਤਿ ਸੁੰਦਰ ਪ੍ਰਕਾਸ਼ਨਾ।

**ਪ੍ਰਕਾਸ਼ਕ : ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ** (1996)

**ਪੰਨੇ :** 24 **ਮੁੱਲ :** 30/- **ਰੁ.**

9. **ਅਜ਼ਾਦੀ ਦੀ ਗਾਥਾ : (ਵਾਰ)** ਹਿੰਦੁਸਤਾਨ ਦੀ ਅਜ਼ਾਦੀ ਦੀ ਕਹਾਣੀ ਨੂੰ ਕਾਵਿ-ਰਚਨਾ ਰਾਹੀਂ ਪੇਸ਼ ਕਰ ਕੇ, ਸ੍ਰੀ ਦਾਊਂ ਨੇ ਬੱਚਿਆਂ ਨੂੰ ਆਪਣੇ ਇਤਿਹਾਸ ਅਤੇ ਸੁਤੰਤਰਤਾ ਸੰਗ੍ਰਾਮ ਬਾਰੇ ਜਾਣੂ ਕਰਾਉਣ ਲਈ ਬਹੁਤ ਖ਼ੂਬਸੂਰਤ ਕੰਮ ਕੀਤਾ ਹੈ। ਲੋਕ-ਸ਼ਕਤੀ ਦੀ ਜਿੱਤ ਨੂੰ ਪ੍ਰਣਾਮ ਕਰਦੇ ਸ਼ਹੀਦਾਂ, ਸੂਰਬੀਰਾਂ ਤੇ ਨੇਤਾਵਾਂ ਦੇ ਚਿੱਤਰ ਦੀ ਬਹੁਤ ਆਦਰਸ਼ਿਕ ਹਨ। ਪਰਦੀਪ ਮਠਾੜੂ ਨੇ ਚਿੱਤਰ ਢੁਕਵੇਂ ਬਣਾਏ ਹਨ।

**ਪ੍ਰਕਾਸ਼ਕ : ਉੱਤਮ ਪਬਲੀਕੇਸ਼ਨ, ਦਾਊਂ** (1997)

**ਪੰਨੇ :** 42 **ਮੁੱਲ :** 25/- **ਰੁ.**

ਇਸ ਕਾਵਿ-ਰਚਨਾ ਨੂੰ ਲੋਕ-ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਕਈ ਐਡੀਸ਼ਨਾਂ 'ਚ ਛਾਪਿਆ ਹੈ।

10. **ਮੇਰਾ ਦੀਵਾ :** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲੇਖਕ-ਅਧਿਆਪਕ ਸਾਹਿਤ ਮੁਕਾਬਲੇ 'ਚ ਪ੍ਰਾਇਮਰੀ ਵਰਗ-ਰਾਜ ਪੱਧਰੀ ਮੁਕਾਬਲੇ 'ਚ ਪ੍ਰਥਮ ਦਰਜਾ ਪ੍ਰਾਪਤ ਕਰਨ ਵਾਲੀ ਇਸ ਰਚਨਾ ਵਿੱਚ 27 ਕਵਿਤਾਵਾਂ ਹਨ ਜਿਸ ਵਿੱਚ ਬਾਲ ਪਾਠਕਾਂ ਦੇ ਮਨੋਰੰਜਨ, ਸਦਾਚਾਰ ਸਿੱਖਿਆ, ਧਰਮ, ਗਿਆਨ ਵਰਗੀ ਭੁੱਖ ਨੂੰ ਤ੍ਰਿਪਤ ਕਰਨ ਦਾ ਹਰ ਰੰਗ ਸ਼ਾਮਲ ਹੈ। ਕੁਝ ਚਿੱਤਰ ਵੀ ਦਿੱਤੇ ਗਏ ਹਨ।

**ਪ੍ਰਕਾਸ਼ਕ : ਭਾਸ਼ਾ ਵਿਭਾਗ, ਪੰਜਾਬ** (2001)

**ਪੰਨੇ :** 38 **ਮੁੱਲ :** 14/- **ਰੁ.**

11. **ਸੋਨ ਸਵੇਰਾ :** ਇਸ ਪੁਸਤਕ ਵਿਚ 24 ਕਵਿਤਾਵਾਂ ਰਾਹੀਂ ਮਨਮੋਹਨ ਸਿੰਘ ਦਾਊਂ ਨੇ ਸਵੇਰ ਦੇ ਸਮੇਂ ਦੇ ਹਰ ਪੱਖ ਨੂੰ ਪ੍ਰਕਿਰਤੀ ਚਿਤਰਨ ਰਾਹੀਂ ਪੇਸ਼ ਕੀਤਾ ਹੈ। ਨਵੇਂ ਸਵੇਰੇ ਵਾਂਗ ਸਾਡੇ ਦੇਸ਼ ਦੇ ਬੱਚੇ ਵੀ ਸਾਡੇ ਆਉਣ ਵਾਲੇ ਭਵਿੱਖ ਦਾ ਪ੍ਰਕਾਸ਼ ਹਨ। ਗਲੇਜ਼ਡ ਪੇਪਰ ਤੇ ਰੰਗਦਾਰ

ਸਚਿੱਤਰਾਂ ਵਾਲੀ ਇਹ ਵੱਡ ਆਕਾਰੀ ਪੁਸਤਕ ਆਪਣੀ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਪੰਛੀ, ਪਹਾੜ, ਸਾਗਰ, ਸੂਰਜ, ਖੇਤ, ਫੁੱਲ ਸਤਰੰਗੀ ਪੀਂਘ ਦੇ ਦ੍ਰਿਸ਼ ਮਨਮੋਹਕ ਹਨ।

**ਪ੍ਰਕਾਸ਼ਕ : ਭਾਸ਼ਾ ਵਿਭਾਗ, ਪੰਜਾਬ** (2001)

**ਪੰਨੇ : 44 ਮੁੱਲ : 116/- ਰੁ.**

12. **ਫੁੱਲਾਂ ਵਾਲਾ ਘਰ** : ਮਨਮੋਹਨ ਸਿੰਘ ਦਾਊਂ ਦੀ ਇਹ ਰਚਨਾ ਭਾਸ਼ਾ ਵਿਭਾਗ ਪੰਜਾਬ ਵੱਲੋਂ ਚੁਣੇ ਗਏ ਖਰੜਿਆਂ 'ਚੋਂ ਪਹਿਲੇ ਨੰਬਰ ਦੀ ਇਨਾਮ ਜੇਤੂ ਹੈ। ਵੰਨ-ਸਵੰਨੇ ਵਿਸ਼ਿਆਂ ਦੀਆਂ 34 ਬਾਲ-ਰਚਨਾਵਾਂ ਬੱਚਿਆਂ ਦੀ ਮਾਨਸਿਕਤਾ ਨਾਲ ਲਬਰੇਜ਼ ਬਹੁਤ ਹੀ ਕਾਵਿ-ਕੁਸ਼ਲਤਾ ਵਾਲੀਆਂ ਹਨ। ਲੋਕ-ਸਾਹਿਤ ਵਾਲਾ ਰੰਗ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜਦਾ ਹੈ। ਕਾਲੇ -ਚਿੱਟੇ ਚਿੱਤਰ ਲੇਖਕ ਦੇ ਬਣਾਏ ਹੋਏ ਹਨ।

**ਪ੍ਰਕਾਸ਼ਕ : ਭਾਸ਼ਾ ਵਿਭਾਗ, ਪੰਜਾਬ** (2003)

**ਪੰਨੇ : 56 ਮੁੱਲ : 17/- ਰੁ.**

13. **ਗੀਤਾਂ ਦੇ ਘੁੰਗਰੂ** : ਬਹੁਤ ਹੀ ਮਾਰਮਿਕ ਕਵਿਤਾਵਾਂ ਵਾਲੀ ਇਹ ਪੁਸਤਕ ਸੱਚ-ਮੁੱਚ ਹੀ ਘੁੰਗਰੂਆਂ ਵਾਂਗ ਸੰਗੀਤਕ ਤੇ ਰੌਚਿਕ ਹੈ। 30 ਕਵਿਤਾਵਾਂ ਪ੍ਰੇਰਨਾਮਈ ਤੇ ਸਦਗੁਣਾਂ ਵਾਲੀਆਂ ਹਨ। ਸ੍ਰੀ ਦਾਊਂ ਜਿਸ ਵਿਸ਼ੇ ਨੂੰ ਲੈਂਦਾ ਹੈ, ਉਸ ਦੀ ਅਨੂਠੀ ਰੰਗਣ ਨਾਲ ਸਜੀਵ ਕਰ ਦੇਂਦਾ ਹੈ। ਚਿਤਰ ਮਨਮੋਹਣੇ ਹਨ।

**ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ** (2006)

**ਪੰਨੇ : 32 ਮੁੱਲ : 30/- ਰੁ.**

14. **ਸੁਪਨਿਆਂ ਵਾਲਾ ਬਚਪਨ** : ਸੱਚ-ਮੁੱਚ ਬਚਪਨ ਦੇ ਸੁਪਨਿਆਂ ਨੂੰ ਸਜੀਲਾ ਕਰਨ ਵਾਲੀ ਇਸ ਰਚਨਾ ਵਿਚ 30 ਛੰਦ-ਬਧ ਸੁੰਦਰ ਕਵਿਤਾਵਾਂ ਹਨ। ਕੁਦਰਤ, ਬੱਚੇ, ਫੁੱਲ ਤੇ ਸੁਪਨੇ ਇੱਕ-ਮਿਕ ਜਾਪਦੇ ਹਨ।

**ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ** (2006)

**ਪੰਨੇ : 36 ਮੁੱਲ : 35/- ਰੁ.**

15. **ਗਾਥਾ ਗੜ੍ਹੀ ਚਮਕੌਰ** : ਬੱਚਿਆਂ ਨੂੰ ਬਾਲ-ਸਾਹਿਤ ਰਾਹੀਂ ਜਿੱਥੇ ਗਿਆਨ-ਵਿਗਿਆਨ ਤੇ ਹੋਰ ਜਾਣਕਾਰੀ ਰੌਚਿਕ ਢੰਗ ਨਾਲ ਦੇਣੀ ਜ਼ਰੂਰੀ ਹੈ, ਉੱਥੇ ਉਨ੍ਹਾਂ ਨੂੰ ਆਪਣੇ ਇਤਿਹਾਸ, ਵਿਰਸੇ ਤੇ ਸਭਿਆਚਾਰ ਤੋਂ ਜਾਣੂ ਕਰਵਾਉਣਾ ਹੋਰ ਵੀ ਮਹੱਤਵਪੂਰਨ ਹੈ। 'ਗਾਥਾ ਗੜ੍ਹੀ ਚਮਕੌਰ' ਸ੍ਰੀ ਦਾਊਂ ਨੇ ਇਸੇ ਉਦੇਸ਼ ਨੂੰ ਮੁਖ ਰੱਖਦਿਆਂ ਲਿਖੀ। ਬਹੁਤ ਢੁਕਵੀਂ

ਤੇ ਸੰਜਮੀ ਕਾਵਿਕ-ਸ਼ੈਲੀ ਰਾਹੀਂ ਇਤਿਹਾਸਕ ਸਾਕੇ ਨੂੰ ਸਾਕਾਰ ਕੀਤਾ ਗਿਆ। ਜ਼ੁਲਮ ਦੀ ਹਾਰ ਅਤੇ ਸਿਦਕੀ ਧਰਮ ਦੀ ਜਿੱਤ ਪਾਠਕ ਨੂੰ ਝੰਜੋੜਦੀ। ਗੁਰਦੀਪ ਸਿੰਘ ਦੀਪ ਦੇ ਚਿੱਤਰਾਂ ਨਾਲ ਇਸ ਕਾਵਿ-ਰਚਨਾ ਦੀ ਖ਼ੂਬਸੂਰਤੀ ਤੇ ਸਾਰਥਿਕਤਾ ਹੋਰ ਵੀ ਵੱਧ ਗਈ ਹੈ।

**ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (2008)**

**ਪੰਨੇ : 48 ਮੁੱਲ : 60/- ਰੁ.**

16. **ਲੋਕ ਰਾਂਗਲਾ-ਪਿੱਪਲ :** 'ਲੋਕ ਰਾਂਗਲਾ-ਪਿੱਪਲ' ਲੰਮੀ ਨਿਵੇਕਲੀ ਸਚਿੱਤਰ ਕਾਵਿ ਰਚਨਾ ਬਹੁਤ ਹੀ ਗੁਣਵਾਨ ਤੇ ਮੁੱਲਵਾਨ ਹੈ। ਪਿੰਡ ਦੇ ਪਿੱਪਲ ਦੀ ਸੰਭਾਲ ਭਾਵ ਰੁੱਖਾਂ ਦੀ ਸੰਭਾਲ ਇਸ ਦਾ ਮੁੱਖ ਵਿਸ਼ਾ ਹੈ ਪਰੰਤੂ ਪਿੱਪਲ ਦੀ ਪਿੰਡ ਨਾਲ ਸਭਿਆਚਾਰਕ-ਸਾਂਝ ਨੂੰ ਜਿਸ ਢੰਗ ਨਾਲ ਕਾਵਿ-ਰੂਪ ਦਿੱਤਾ ਹੈ, ਉਹ ਬਹੁਤ ਹੀ ਪ੍ਰਸੰਸਾਮਈ ਹੈ। ਪਿੰਡ ਦਾ ਵਿਰਸਾ ਤੇ ਜੀਵਨ ਸ਼ੈਲੀ ਸਜੀਵ ਰੂਪ ਵਿਚ ਪੇਸ਼ ਕੀਤੀ ਗਈ ਹੈ। ਗੁਰਦੀਪ ਸਿੰਘ ਦੀਪ ਦੇ ਚਿੱਤਰ ਰਚਨਾ ਦੇ ਨਾਲ-ਨਾਲ ਬੋਲਦੇ ਹਨ। ਹਰਿਆਲੀ ਤੇ ਖੁਸ਼ਹਾਲੀ ਦਾ ਪ੍ਰਤੀਕ ਹੈ-ਪਿੱਪਲ। ਪੜ੍ਹਨਯੋਗ ਤੇ ਸਾਂਭਣਯੋਗ ਪੁਸਤਕ।

**ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (2009)**

**ਪੰਨੇ : 44 ਮੁੱਲ : 40/- ਰੁ.**

17. **ਚਾਨਣ ਦਾ ਥਾਲ :** ਸ੍ਰੀ ਦਾਊਂ ਦੀ ਸਮੁੱਚੀ ਬਾਲ ਕਾਵਿ-ਰਚਨਾ ਚਾਨਣ ਵੰਡਣ ਦੀ ਹਾਮੀ ਭਰਦੀ ਹੈ। 'ਚਾਨਣ ਦਾ ਥਾਲ' ਤਾਂ ਹਰ ਬੱਚੇ ਦੇ ਹੱਥ ਫੜੀ, ਆਰਤੀ ਉਤਾਰਦਾ ਲਗਦਾ ਹੈ। ਬਹੁ-ਵਿਸ਼ਿਆਂ ਨਾਲ ਸਬੰਧਤ 24 ਕਵਿਤਾਵਾਂ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਨਾਲ ਸਜੱਗ ਕਰਦੀਆਂ ਹਨ। ਅਜੋਕੇ ਸਮੇਂ ਦੇ ਪ੍ਰਸੰਗ 'ਚ ਹਰ ਕਵਿਤਾ ਮੁੱਲਵਾਨ ਅਤੇ ਪ੍ਰੇਰਨਾਦਾਇਕ ਹੈ। ਚੰਗੇ ਇਨਸਾਨ ਬਣਨ ਲਈ ਕਾਵਿਕ-ਹੋਕਾ ਹੈ। ਸਰਵਰਕ ਤੇ ਅੰਤਲਾ ਪੰਨਾ ਹੁਸਨਵੀਰ ਸਿੰਘ ਦੀ ਕ੍ਰਿਤ ਹੈ, ਅੰਦਰਲੇ ਚਿੱਤਰ ਗੁਰਦੀਪ ਸਿੰਘ ਦੀਪ ਦੇ ਹਨ।

**ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (2011)**

**ਪੰਨੇ : 40 ਮੁੱਲ : 50/- ਰੁ.**

18. **ਕਿਰਨਾਂ ਦੇ ਫੁੱਲ :** ਬੱਚਿਆਂ ਦੀ ਸੁਹਜ-ਬਿਰਤੀ ਨੂੰ ਰੱਜ ਦੇਣ ਵਾਲੀ ਪੁਸਤਕ ਵਿੱਚ ਲੇਖਕ ਨੇ ਸ਼ਬਦਾਂ ਰਾਹੀਂ ਕਿਰਨਾਂ ਦੇ ਫੁੱਲ ਬਖੇਰੇ ਹਨ। ਵੰਨ-ਸਵੰਨੀਆ 26 ਕਵਿਤਾਵਾਂ ਅਨੂਪਮ ਵਿਸ਼ਿਆਂ ਦੀ ਗੱਲ ਕਰਦੀਆਂ ਹਨ।

ਸ੍ਰੀ ਦਾਊਂ ਦੀ ਕਾਵਿ-ਕਲਾ ਨਵੇਂ ਦਿਸਹਦੇ ਸਿਰਜਣ ਦੀ ਸ਼ਕਤੀ ਰੱਖਦੀ ਹੈ। ਪ੍ਰਕਿਰਤੀ ਨਾਲ ਬੱਚਿਆਂ ਦਾ ਮੋਹ ਤੇ ਸਾਂਝ ਪੁਆਉਣ ਦਾ ਹੁੱਨਰ, ਸ੍ਰੀ ਦਾਊਂ ਦੇ ਹਿੱਸੇ ਹੀ ਆਇਆ ਹੈ। ਗੁਰਦੀਪ ਸਿੰਘ ਦੀਪ ਦੇ ਚਿੱਤਰ ਹਰ ਕਵਿਤਾ ਨਾਲ ਮੇਲ ਖਾਂਦੇ ਹਨ।

**ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ** (2013)

**ਪੰਨੇ :** 36 **ਮੁੱਲ :** 50/- ਰੁ.

**19. ਰੰਗੀ ਰੰਗੀਲੀ ਕੁਦਰਤ :** ਨਵੀਂ ਕਾਵਿ-ਸ਼ੈਲੀ ਰਾਹੀਂ ਸਿਰਜੀਆਂ ਇਸ ਰਚਨਾ ਦੀਆਂ ਕਵਿਤਾਵਾਂ ਅਦਭੁੱਤ ਨਜ਼ਾਰੇ ਪੇਸ਼ ਕਰਦੀਆਂ ਹਨ। ਬਾਲ-ਸਾਹਿਤ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਿਚ ਇਨ੍ਹਾਂ ਕਵਿਤਾਵਾਂ ਦੀ ਭੂਮਿਕਾ ਸਲਾਹੁਣਯੋਗ ਹੈ। ਸੂਖ਼ਮਤਾ ਤੇ ਸੱਜਰਾਪਣ ਪਾਠਕ ਨੂੰ ਅਚੰਭਤ ਕਰਦਾ ਹੈ। ਇਹ ਕਵਿਤਾ ਦੀ ਅਮੀਰੀ ਹੈ। ਉਪੇਦਸ਼ ਜਾਂ ਸਿੱਖਿਆ ਦੇਣ ਨਾਲੋਂ ਕਾਵਿਕ-ਮਾਹੌਲ ਸਿਰਜਣਾ, ਇਨ੍ਹਾਂ ਕਵਿਤਾਵਾਂ ਦਾ ਮੀਰੀ ਗੁਣ ਹੈ।

**ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ** (2021)

* * *

## ਮਨਮੋਹਨ ਸਿੰਘ ਦਾਊਂ ਵੱਲੋਂ ਅਨੁਵਾਦਿਤ ਬਾਲ-ਸਾਹਿਤ ਪੁਸਤਕਾਂ

| | | | | |
|---|---|---|---|---|
| 1. | ਪਰੀ ਦੇਸ਼ ਦੀ ਰਾਜਕੁਮਾਰੀ | – | ਪੰਨੇ : 16 | ਮੁੱਲ : 95/-ਰੁ. |
| 2. | ਜੇਤੂ ਜੈਰੀ | – | ਪੰਨੇ : 20 | ਮੁੱਲ : 105/-ਰੁ. |
| 3. | ਤਿੰਨ ਸ਼ਰਾਰਤੀ ਚੂਚੇ | – | ਪੰਨੇ : 24 | ਮੁੱਲ : 110/-ਰੁ. |
| 4. | ਸੂਰਜ ਕਿੱਥੇ ਗਿਆ | – | ਪੰਨੇ : 16 | ਮੁੱਲ : 95/-ਰੁ. |
| 5. | ਕੀੜੀ ਤੇ ਘੁੱਗੀ | – | ਪੰਨੇ : 16 | ਮੁੱਲ : 95/-ਰੁ. |
| 6. | ਭੇੜੀਆ ਅਤੇ ਸੱਤ ਬੱਕਰੀਆਂ | – | ਪੰਨੇ : 24 | ਮੁੱਲ : 110/-ਰੁ. |
| 7. | ਦੋਸਤਾਂ ਦਾ ਲੱਖੀ ਜੰਗਲ | – | ਪੰਨੇ : 16 | ਮੁੱਲ : 95/-ਰੁ. |

**ਇਹ ਸੱਤ ਪੁਸਤਕਾਂ (ਰੰਗਦਾਰ) ਲੋਕਗੀਤ ਪ੍ਰਕਾਸ਼ਨ (ਯੂਨੀਸਟਾਰ) ਮੁਹਾਲੀ ਨੇ 2019 'ਚ ਪ੍ਰਕਾਸ਼ਿਤ ਕੀਤੀਆਂ।**

| | | | | |
|---|---|---|---|---|
| 8. | ਬਹੁਤ ਮਜ਼ਾ ਆਇਆ | – | ਪੰਨੇ : 40 | ਮੁੱਲ : 150/-ਰੁ. |

(ਲੇਖਿਕਾ : ਧੀਰਜਾ ਸ਼ਰਮਾ) ਬਾਲ ਨਾਵਲ **ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ** (2021)

## ਮਨਮੋਹਨ ਸਿੰਘ ਦਾਊਂ ਵੱਲੋਂ ਸੰਪਾਦਿਤ ਬਾਲ-ਸਾਹਿਤ ਪੁਸਤਕਾਂ

1. **ਆਓ ਬਚਪਨ ਸਾਂਭੀਏ** : ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (2009)
   ਪੰਨੇ : 32 ਮੁੱਲ : 40/-ਰੁ.
2. **ਅਸੀਂ ਤੇ ਬੱਚੇ** : ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ (2012)
   ਪੰਨੇ : 32 ਮੁੱਲ : 40/-ਰੁ.
3. **ਸਕੂਲਾਂ ਲਈ ਚੋਣਵੀਆਂ ਕਵਿਤਾਵਾਂ ਤੇ ਗੀਤ**
   : ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ (2013)
   ਪੰਨੇ : 247 ਮੁੱਲ : 300/-ਰੁ.
4. **ਪੰਜਾਬ ਦੀ ਕਿਰਸਾਨੀ ਦੀਆਂ ਬੋਲੀਆਂ** (ਲੇਖਕ : ਰਾਮ ਸਰੂਪ ਅਣਖੀ)
   : ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ (2013)
   ਪੰਨੇ : 44 ਮੁੱਲ : 75/-ਰੁ.
5. **ਬਾਲ ਖੇਡਾਂ ਰੰਗ-ਬਰੰਗੀਆਂ** (ਲੇਖਕ : ਰਾਮ ਸਰੂਪ ਅਣਖੀ)
   : ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ (2013)
   ਪੰਨੇ : 48 ਮੁੱਲ : 75/-ਰੁ.
6. **ਪੰਖ-ਪੰਖੇਰੂ** (ਲੇਖਕ : ਅਸ਼ਰਫ ਸੁਹੇਲ-ਲਾਹੌਰ)
   : ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ (2013)
   ਪੰਨੇ : 44 ਮੁੱਲ : 70/-ਰੁ.

"ਬੱਚਾ ਆਪਣੀ ਮਾਂ-ਬੋਲੀ ਵਿੱਚ ਜਿਸ ਲਹਿਜੇ ਵਿਚ ਆਪਣੇ ਹਾਵ-ਭਾਵ, ਕਲਪਨਾ ਤੇ ਜਜ਼ਬੇ ਪ੍ਰਗਟ ਕਰ ਸਕਦਾ ਹੈ, ਹੋਰ ਕਿਸੇ ਭਾਸ਼ਾ ਵਿੱਚ ਨਹੀਂ। ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਜਿਸ ਪ੍ਰਬੀਨਤਾ ਨਾਲ ਖੁੱਲ੍ਹ ਆਪਣੀ ਮਾਂ-ਬੋਲੀ ਵਿੱਚ ਹੋ ਸਕਦੀ ਹੈ, ਦੂਜੀ ਕਿਸੇ ਹੋਰ ਭਾਸ਼ਾ ਵਿੱਚ ਨਹੀਂ।"

**- ਮਨਮੋਹਨ ਸਿੰਘ ਦਾਊਂ**
ਮੋਬਾ. 98151-23900

## ਮਨਮੋਹਨ ਸਿੰਘ ਦਾਊਂ ਦੇ ਬਾਲ-ਸਾਹਿਤ 'ਤੇ ਹੋਇਆ ਖੋਜ-ਕਾਰਜ

1. 'ਮਨਮੋਹਨ ਸਿੰਘ ਦਾਊਂ ਦੀ ਪੰਜਾਬੀ ਬਾਲ ਸਾਹਿਤ ਨੂੰ ਦੇਣ' ਬਾਰੇ ਖੋਜਾਰਥੀ ਬੂਟਾ ਸਿੰਘ ਨੇ ਕੁਰੂਕਸ਼ੇਤਰਾ ਯੂਨੀਵਰਸਿਟੀ, ਹਰਿਆਣਾ ਤੋਂ ਐਮ. ਫਿਲ. ਕੀਤੀ (2006-2007) ਨਿਗਰਾਨ : ਡਾ. ਗੁਰਦੇਵ ਸਿੰਘ

2. 'ਮਨਮੋਹਨ ਸਿੰਘ ਦਾਊਂ ਦੇ ਬਾਲ-ਸਾਹਿਤ ਵਿਚ ਬਾਲ-ਮਾਨਸਿਕਤਾ' ਬਾਰੇ ਖੋਜਾਰਥੀ ਸੁਖਵਿੰਦਰ ਸਿੰਘ ਕਾਹਲੋਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐਮ.ਫਿਲ. ਕੀਤੀ (2014) ਨਿਗਰਾਨ : ਡਾ. ਨਾਹਰ ਸਿੰਘ


3. ਮਨਮੋਹਨ ਸਿੰਘ ਦਾਊਂ ਦੇ ਬਾਲ-ਸਾਹਿਤ ਦਾ ਮੁਲਾਂਕਣ
   ਲੇਖਕ : ਸੁਖਵਿੰਦਰ ਸਿੰਘ ਕਾਹਲੋਂ
   ਪ੍ਰਕਾਸ਼ਕ : ਲੋਕ-ਗੀਤ ਪ੍ਰਕਾਸ਼ਨ, ਮੁਹਾਲੀ -(2016)
   ਪੰਨੇ : 104 ਮੁੱਲ : 195/-

## ਮਨਮੋਹਨ ਸਿੰਘ ਦਾਊਂ ਦਾ ਮਾਣ-ਸਨਮਾਨ

1. ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਬਾਲ-ਸਾਹਿਤ ਲੇਖਕ ਪੁਰਸਕਾਰ - 1998
2. ਡਾ. ਤ੍ਰਿਲੋਚਨ ਸਿੰਘ ਭਾਟੀਆ ਬਾਲ-ਸਾਹਿਤ ਪੁਰਸਕਾਰ-ਪੰਜਾਬੀ ਸੱਥ ਲਾਂਬੜਾ, ਜਲੰਧਰ-1998
3. ਸਾਹਿਤ ਅਕਾਦਮੀ ਦਿੱਲੀ ਵੱਲੋਂ ਰਾਸ਼ਟਰੀ ਬਾਲ-ਸਾਹਿਤ ਲੇਖਕ ਪੁਰਸਕਾਰ -2012

* * * * *






ਮਨਮੋਹਨ ਸਿੰਘ ਦਾਊਂ

Tarlochan
Publishers
MANMOHAN SINGH DAON DA BAAL SAHIT